On our English language New Website
WWW.PREET NEWS.COM
preetnews2020 @gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 2, ਅੰਕ 63, ਮਿਤੀ : 29 ਜੁਲਾਈ, 2020 ਤੋਂ 04 ਅਗਸਤ, 2020 ਵੈਬਸਾਈਟ : www.preetnama.com ਈਮੇਲ preetnamausa@gmail.com

## ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਸਟ੍ਰੀਟ 113 ਨਿਊਯਾਰਕ ਵੱਲੋਂ ਲਗਾਇਆ ਮੈਡੀਕਲ ਕੈਂਪ

ਨਿਊਯਾਰਕ : ਸ਼ਨੀਵਾਰ ਜੁਲਾਈ 25, 2020 ਨੂੰ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿੱਚਮੰਡ ਹਿੱਲ ਸਟ੍ਰੀਟ 113 ਨਿਊਯਾਰਕ ਵਿਖੇ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਮਾਹਿਰ ਡਾਕਟਰਾ ਦੀ ਟੀਮ ਦੁਆਰਾ ਮਰੀਜ਼ਾਂ ਦਾ ਸਿਹਤ ਨਿਰੀਖਣ ਕੀਤਾ ਗਿਆ। ਖ਼ੂਨ ਜਾਂਚ , ਬਲੱਡ- ਪ੍ਰੈਸ਼ਰ , ਬੁਖ਼ਾਰ , ਸ਼ੂਗਰ ਅਤੇ ਐਂਟੀ ਬਾਡੀ ਟੈਸਟ ਕੀਤੇ ਗਏ। ਕੈਂਪ ਵਿੱਚ ਐਡਵੋਕੇਟਹਰਪ੍ਰੀਤ ਸਿੰਘ ਤੂਰ ਦਾ ਵਿਸ਼ੇਸ਼ ਦਾ ਵਿਸ਼ੇਸ਼ ਸਹਿਯੋਗ ਰਿਹਾ। ਗੁਰੂਦੁਆਰਾ ਪ੍ਰਧਾਨ ਗੁਰਮੀਤ ਸਿੰਘ ਮਹਿਮਦਪੁਰ , ਚੇਅਰਮੈਨ ਸਤਨਾਮ ਸਿੰਘ ਟਾਹਲੀ , ਜਰਨਲ ਸਕੱਤਰ ਦਲੇਰ ਸਿੰਘ , ਹਿੰਮਤ ਸਿੰਘ ਸਰਪੰਚ, ਰਿੰਪੀ ਟਾਹਲੀ , ਕੈਸ਼ੀਅਰ ਦਲੀਪ ਸਿੰਘ , ਰਾਜਵਿੰਦਰ ਕੋਰ , ਕੁੱਲਵੰਤ ਕੋਰ (PRO) ਨੇ ਡਾਕਟਰਟੀਮ ਦਾ ਧੰਨਵਾਦ ਕੀਤਾ। ਗੁਰਮੀਤ ਸਿੰਘ ਜੀ ਨੇ ਦੱਸਿਆ ਕਿ ਅਗਸਤ 2, 2020 ਨੂੰ ਵੀ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਫਿਰ ਮੈਡੀਕਲ ਕੈਂਪ ਫੇਰਲਗਾਇਆ ਜਾਵੇਗਾ।

ਹੋਰ ਤਸਵੀਰਾਂ ਸਫਾ 7 ’ਤੇ ਦੇਖੋ



## ਢਾਡੀ ਗਿਆਨੀ ਮੋਹਨ ਸਿੰਘ ਬਡਾਨਾ ਜੀ, ਭਾਈ ਨੱਥਾ ਜੀ ਭਾਈ ਅਬਦੁੱਲਾ ਢਾਡੀ ਸਭਾ ਯੂ. ਐਸ. ਏ. ਦੇ ਪ੍ਰਧਾਨ ਬਣਨ ਤੇ ਵੱਖ ਵੱਖ ਆਗੂਆਂ ਨੇ ਦਿੱਤੀ ਵਧਾਈ

ਹੈਡ ਗ੍ਰੰਥੀ ਗਿ: ਭੁਪਿੰਦਰ ਸਿੰਘ ਪ੍ਰਧਾਨ ਸ: ਦਵਿੰਦਰ ਸਿੰਘ ਬੋਪਾਰਾਏ ਸ :ਗੁਰਦੇਵ ਸਿੰਘ ਕੰਗ ਹਿਉਮਨ ਰਾਈਟਸ ਕਮਿਸ਼ਨਰ ਸ: ਕੁਲਦੀਪ ਸਿੰਘ ਢਿਲੋਂ ਸਾਬਕਾ ਪ੍ਰਧਾਨ ਜਰਨਲ ਸੈਕਟਰੀ ਭਾਈ ਬਲਾਕਾ ਸਿੰਘ ਸ : ਸੁਰਜੀਤ ਸਿੰਘ ਮੁਦਲ ਸਾਬਕਾ ਚੇਅਰਮੈਨ ਸ :ਬੂਟਾ ਸਿੰਘ ਚੀਮਾ ਸ੍ : ਅਵਤਾਰ ਸਿੰਘ ਪੰਨੂ, ਸ੍ ਮਹਿੰਦਰ ਸਿੰਘ ਉਪਲ ਭਾਈ ਸੁਖਦੇਵ ਸਿੰਘ ਭਾਈ ਕੀਕਰ ਸਿੰਘ ਗੁਰਵਿੰਦਰ ਗੁਰੀ ਭਾਈ ਵਰਿੰਦਰ ਸਿੰਘ ਅਮਰਜੀਤ ਸਿੰਘ ਸੰਧੂ ਅਤੇ ਸਮੂਹ ਪ੍ਰਬੰਧਕ ਕਮੈਟੀ ਗੁਰੂਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮਟ ਹਿੱਲ ਨਿਉਯਾਰਕ (B J ਸਟੂਡੀਓ ) ਵੱਲੋਂ ਸਾਡੇ ਹਰਮਨ ਪਿਆਰੇ ਢਾਡੀ ਗਿ : ਮੋਹਨ ਸਿੰਘ ਬਡਾਨਾ ਜੀ ਨੂੰ ਭਾਈ ਨੱਥਾ ਜੀ ਭਾਈ ਅਬਦੁੱਲਾ ਢਾਡੀ ਸਭਾ U S A ਦੇ ਪ੍ਰਧਾਨ ਬਣਨ ਤੇ ਬਹੁਤ ਬਹੁਤ ਮੁਬਾਰਕਾ ਅਸੀ ਸਮੂਚੀ ਜਥੇਬੰਦੀ ਤੋ ਆਸ ਰੱਖਦੇ ਹਾਂ ਪੰਥ ਦੀ ਚੜਦੀ



### ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਈਦ ਉਲ ਜੁਹਾ | 1 ਅਗਸਤ |
| ਰੱਖੜੀ | 3 ਅਗਸਤ |
| ਬਰਸੀ ਭਗਤ ਪੂਰਨ ਸਿੰਘ ਪਿੰਗਲਵਾੜਾ | 3 ਅਗਸਤ |
| ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ | 11 ਅਗਸਤ |
| ਅਜ਼ਾਦੀ ਦਿਵਸ | 15 ਅਗਸਤ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ | 19 ਅਗਸਤ |

| | |
|---|---|
| ਪੰਚਮੀ | 23 ਅਗਸਤ |
| ਸੰਗਰਾਂਦ | 16 ਅਗਸਤ |
| ਪੂਰਨਮਾਸੀ | 3 ਅਗਸਤ |
| ਮੱਸਿਆ | 19 ਅਗਸਤ |

## ਅਮਰੀਕਾ ਵਿਚ ਫਸੇ ਭਾਰਤੀਆਂ ਦੇ ਏਅਰ ਇੰਡੀਆ ਦੀਆਂ ਟਿਕਟਾਂ ਨੇ ਪਸੀਨੇ ਛੁਡਾਏ

ਨਿਊਯਾਰਕ : ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਚ ਲੋਕਾਂ ਦਾ ਬੀਤੇ ਦਿਨੀਂ ਇਜਲਾਸ ਹੋਇਆ, ਜਿਸ ਵਿਚ ਭਾਰਤ ਜਾਣ ਵਾਲੇ ਲੋਕਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਨੂੰ ਸਸਤੇ ਰੇਟਾਂ ’ਤੇ ਟਿਕਟ ਰਾਹੀਂ ਭਾਰਤ ਵਿਚ ਲਿਆਂਦਾ ਜਾਵੇ ਕਿਉਂਕਿ ਇਹ ਲੋਕ ਇਥੇ 5-6 ਮਹੀਨਿਆਂ ਤੋਂ ਵਿਹਲੇ ਬੈਠੇ ਹਨ ਇਥੇ ਕੋਰੋਨਾ ਵਾਇਰਸ ਕਰਕੇ ਕੋਈ ਵੀ ਕੰਮ ਨਹੀਂ ਹੈ ਪਰ ਜਦੋਂ ਇਹ ਜਹਾਜ਼ ਦੀਆਂ ਟਿਕਟਾਂ ਦੀ ਕੀਮਤ ਪੁਛਦੇ ਹਨ ਤਾਂ ਇਹ ਲੱਖਾਂ ਰੁਪਏ ਦੀਆਂ ਦੀਆਂ ਹੁੰਦੀਆਂ ਹਨ, ਜਿਸ ਕਾਰਨ ਉਕਤ ਲੋਕ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਭਾਰਤ ਸਰਕਾਰ ਏਅਰ ਇੰਡੀਆ ਜਾਂ ਕਿਸੇ ਹੋਰ ਏਅਰ ਲਾਈਨ ਦੀਆਂ ਪਹਿਲਾਂ ਵਾਲੀਆਂ ਕੀਮਤਾਂ ’ਤੇ ਟਿਕਟਾਂ ਮੁਹੱਈਆਂ ਕਰਵਾਈਆਂ ਜਾਣ, ਤਾਂ ਜੋ ਉਹ ਆਪਣੇ ਦੇਸ਼ ਵਾਪਸ ਜਾ ਸਕਣ। ਉਨ੍ਹਾਂ ਇੱਕ ਹੋਰ ਗੱਲ ਵੱਲ ਧਿਆਨ ਦੁਆਇਆ ਕਿ ਜੋ ਲੋਕ ਭਾਰਤ ਜਾਣਾ ਚਾਹੁੰਦੇ ਹਨ ਉਨ੍ਹਾਂ ਨੂੰ ਕਰੋਨਾ ਵਾਇਰਸ ਨਹੀਂ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਆਪਣੇ ਘਰ ਵਿਚ ਹੀ ਕੁਆਰਟਾਈਨ ਕੀਤਾ ਜਾਵੇ ਕਿਉਂਕਿ ਹੋਟਲਾਂ ਦਾ ਖਰਚਾ ਬਹੁਤ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਹਕੂਮਤ ਸਿੰਘ 347-809-7873, ਬਲਜਿੰਦਰ ਸਿੰਘ 347-264-3061 ਅਤੇ ਮਹਿੰਦਰ ਸਿੰਘ ਨੂੰ 343-257-5336 ’ਤੇ ਸੰਪਰਕ ਕੀਤਾ ਜਾ ਸਕਦਾ ਹੈ।




### ਇਸ ਅੰਕ ਦਾ ਸਵਾਲ

**ਕੀ ਪੰਜਾਬ ਮੰਤਰੀ ਮੰਡਲ ਵਲੋਂ ਪ੍ਰਵਾਨ ਕੀਤੀ ਗਈ ਲੈਂਡਪੂਲਿੰਗ ਨੀਤੀ ਸਰਕਾਰ ਦਾ ਸਹੀ ਫ਼ੈਸਲਾ ਹੈ ?**

ਜਵਾਬ :-

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਰਿਪਬਲਿਕਨ ?ਲੰਪਿਕ ਦੌੜਾਕ ਜਿਮ ਰਾਯਨ ਨੂੰ ਮੈਡਲ ਆ.ਫ ਫਰੀਡਮ ਦਾ ਐਵਾਰਡ ਦਿੱਤਾ



ਵਾਸ਼ਿੰਗਟਨ ਡੀ ਸੀ (ਰਾਜ ਗੋਗਨਾ)- ਜਿੰਮ ਰਾਯਨ ਨੇ 1964 ਦੇ ਓਲੰਪਿਕ ਵਿਚ 17 ਸਾਲ ਦੀ ਉਮਰ ਵਿੱਚ 1,500 ਮੀਟਰ ਦੇ ਟਰੈਕ ਈਵੈਂਟ ਵਿਚ ਹਿੱਸਾ ਲਿਆ ਸੀ ਜਿਸ ਨੇ 4 ਮਿੰਟ ਦਾ ਮੀਲ ਤੋੜਨ ਵਾਲਾ ਪਹਿਲਾ ਅਮਰੀਕੀ ਹਾਈ ਸਕੂਲ ਦਾ ਵਿਦਿਆਰਥੀ ਬਣਿਆ। ਬਾਅਦ ਵਿੱਚ ਉਸ ਨੇ ਮੈਕਸੀਕੋ ਵਿਚ 1968 ਦੀਆਂ ਗਰਮੀਆਂ ਦੀਆਂ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਚਾਰ ਸਾਲ ਬਾਅਦ ਜਰਮਨੀ ਵਿਚ ਦੁਬਾਰਾ ਮੁਕਾਬਲਾ ਕੀਤਾ।ਰਾਯਨ ਨੇ 19 ਸਾਲ ਦੀ ਉਮਰ ਵਿੱਚ, 3: 51.3, ਮੀਲ ਵਿੱਚ ਇੱਕ ਵਿਸ਼ਵ ਰਿਕਾਰਡ ਵੀ ਬਣਾਇਆ ਅਤੇ ਇਹ ਨਿਸ਼ਾਨ ਸੰਯੁਕਤ ਰਾਜ ਦੇ ਇਤਿਹਾਸ ਵਿੱਚ 11 ਵਾਂ ਸਭ ਤੋਂ ਤੇਜ਼ ਦੌੜਾਕ ਚ' ਉਸ ਦਾ ਨਾਂ ਦਰਜ ਹੈ। ਆਪਣੇ ਚੱਲ ਰਹੇ ਕੈਰੀਅਰ ਤੋਂ ਬਾਅਦ, ਰਾਯਨ ਨੇ ਰਿਪਬਲੀਕਨ ਪਾਰਟੀ ਦੇ ਇੱਕ ਸਦੱਸ ਵਜੋ 1996 ਤੋਂ 2007 ਤੱਕ ਕੰਨਸਾਸ ਸੂਬੇ ਲਈ ਸੰਯੁਕਤ ਰਾਜ ਕਾਂਗਰਸ ਦੇ ਮੈਂਬਰ ਵਜੋਂ ਸੇਵਾ ਨਿਭਾਈ।ਆਜ਼ਾਦੀ ਦਾ ਰਾਸ਼ਟਰਪਤੀ ਮੈਡਲ, ਸੰਯੁਕਤ ਰਾਜ ਦੇ ਦੋ ਸਭ ਤੋਂ ਉੱਚੇ ਨਾਗਰਿਕ ਸਨਮਾਨਾਂ ਵਿਚੋਂ ਉਹ ਇਕ, ਪ੍ਰਾਪਤਕਰਤਾਵਾਂ ਨੂੰ "ਸੰਯੁਕਤ ਰਾਜ ਦੇ ਸੁਰੱਖਿਆ ਜਾਂ ਰਾਸ਼ਟਰੀ ਹਿੱਤਾਂ, ਵਿਸ਼ਵ ਸ਼ਾਂਤੀ, ਸਭਿਆਚਾਰਕ ਜਾਂ ਹੋਰ ਮਹੱਤਵਪੂਰਨ ਜਨਤਕ ਜਾਂ ਨਿਜੀ ਯਤਨਾਂ ਲਈ ਵਿਸ਼ੇਸ਼ ਤੌਰ 'ਤੇ ਯੋਗਦਾਨ ਪਾਉਣ ਲਈ ਮਾਨਤਾ ਦਿੰਦਾ ਹੈ। 73 ਸਾਲਾ ਰਾਯਨ ਨੇ ਮੀਡੀਏ ਨੂੰ ਦੱਸਿਆ, ਮੈਂ ਬਹੁਤ ਨਿਮਰਤ ਖੁਸ਼ਕਿਸਮਤ ਹਾਂ ਕਿ ਮੈਨੂੰ ਵੀ ਇਸ ਕਦਰ ਸਮਝਿਆਂ ਗਿਆ ਹੈ। ਇਕ ਚੀਜ ਜਿਹੜੀ ਇਸ ਬਾਰੇ ਸੱਚਮੁੱਚ ਵਿਸ਼ੇਸ਼ ਹੈ, ਉਹ ਇਹ ਵੀ ਹੈ ਕਿ ਮੈਂ ਆਪਣੇ ਜਿਉਂਦੇ ਜੀਵਨ ਸਮੇਂ ਇਹ ਪ੍ਰਾਪਤ ਕਰ ਰਿਹਾ ਹਾਂ। ਕਈ ਵਾਰੀ ਇਹ ਤੁਹਾਡੇ ਮਰਨ ਤੋਂ ਬਾਅਦ ਦਿੱਤੇ ਜਾਂਦੇ ਹਨ।


# ਨਿਊਜਰਸੀ "ਚ ਇਕ ਪੰਜਾਬੀ ਨੌਜਵਾਨ ਦੀ ਮੌਤ, ਇਕ ਮਹੀਨੇ ਦੀ ਬੱਚੀ ਸਿਰੋਂ ਉੱਠਿਆ ਪਿਉ ਦਾ ਸਾਇਆ

ਨਿਊਜਰਸੀ (ਰਾਜ ਗੋਗਨਾ)- ਬੀਤੇ ਦਿਨ ਨਿਊਜਰਸੀ ਸੂਬੇ ਦੇ ਟਾਊਨ ਐਲਿਜ਼ਾਬੈਥ ਵਿਖੇ ਸਪ੍ਰਿੰਗ ਸਟ੍ਰੀਟ 'ਤੇ ਸਥਿਤ ਕਾਨਕੋ ਨਾਂ ਦੇ ਗੈਸ ਸਟੇਸ਼ਨ 'ਤੇ ਕੰਮ ਕਰਦੇ ਇਕ ਪੰਜਾਬੀ ਮੂਲ ਦੇ 40 ਸਾਲਾ ਨੌਜਵਾਨ ਪਰਮਜੀਤ ਸਿੰਘ ਲੀਰ ਦੀ ਕੰਮ ਕਰਦਿਆਂ ਪੰਪ 'ਤੇ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਭਾਈਚਾਰੇ ਵਿਚ ਪਰਮਜੀਤ ਦੀ ਮੌਤ ਦਾ ਦੁੱਖ ਜਤਾਇਆ ਜਾ ਰਿਹਾ ਹੈ, ਉਹ ਇਕ ਮਹੀਨੇ ਦੀ ਬੱਚੀ ਦਾ ਪਿਤਾ ਸੀ। ਅਤੇ ਇਕ ਸਾਲ ਪਹਿਲਾ ਹੀ ਉਹ ਪੰਜਾਬ ਤੋਂ ਵਿਆਹ ਕਰਵਾ ਕਿ ਪਤਨੀ ਸਮੇਤ ਅਮਰੀਕਾ ਆਇਆ ਸੀ ਅਤੇ ਅਮਰੀਕਾ ਦਾ ਸ਼ਿਟੀਜਨ ਸੀ ਅਤੇ ਉਸ ਦਾ ਪਿਛੋਕੜ ਜ਼ਿਲ੍ਹਾ ਜਲੰਧਰ ਦੇ ਨੇੜੇ ਅੱਪਰਾ ਦੇ ਪਿੰਡ ਛੋਕਰਾ ਸੀ ਜਦੋ ਸਵੇਰ ਦੇ ਮੋਕੇ ਇਕ ਗੋਰਾ ਗੱਡੀ ਚ' ਤੇਲ ਪੁਵਾਉਣ ਲਈ ਆਇਆ ਤਾਂ ਉਸ ਕੋਲੋਂ ਤੇਲ ਪਾਉਣ ਲਈ ਪੰਪ ਦੀ ਨੋਜਲ ਵੀ



ਨਹੀਂ ਲੱਗੀ ਤੇਉਹ ਉੱਥੇ ਹੀ ਡਿੱਗ ਪਿਆ। ਗੋਰੇ ਵੱਲੋਂ ਪੁਲਸ ਨੂੰ ਫੋਨ ਕਰਨ 'ਤੇ ਉਸ ਨੂੰ ਸਥਾਨਕ ਐਲਿਜ਼ਾਬੈਥ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਮੌਤ ਦਾ ਕਾਰਨ ਦਿਲ ਦੀ ਹਰਕਤ ਬੰਦ ਹੋ ਜਾਣਾ ਦੱਸਿਆ ਗਿਆ। ਪਰਮਜੀਤ ਇਕ ਸਾਲ ਪਹਿਲਾਂ ਭਾਰਤ ਤੋਂ ਵਿਆਹ ਕਰਵਾ ਕੇ ਆਇਆ ਸੀ ਅਤੇ ਦੋਵੇਂ ਪਤੀ-ਪਤਨੀ ਐਲਿਜ਼ਾਬੈਥ ਟਾਊਨ 'ਚ ਰਹਿੰਦੇ ਸਨ ਅਤੇ ਉਸ ਦੀ ਇਕ ਮਹੀਨੇ ਦੀ ਇਕ ਬੱਚੀ ਵੀ ਸੀ।

# ਅਮਰੀਕਾ ਦੇ ਸੂਬੇ ਜਾਰਜੀਆ ਤੈਰਾਕੀ ਨਾ ਆਉਣ ਕਾਰਨ ਨਾਬਾਗੀ ਦੀ ਮੌਤ



ਵਾਸ਼ਿੰਗਟਨ (ਰਾਜ ਗੋਗਨਾ )- ਬੀਤੇਂ ਦਿਨੀਂ ਜਾਰਜੀਆ ਝੀਲ 'ਤੇ ਡੁੱਬਣ ਦੇ ਹਾਦਸੇ ਵਿੱਚ ਇਕ ਹੋਰ 17 ਸਾਲਾ ਦੇ ਨਬਾਲਗ ਨੋਜਵਾਨ ਦੀ ਮੌਤ ਹੋ ਗਈ ਹੈ। ਇਸ ਮਹੀਨੇ ਵਿੱਚ ਮਰਨ ਵਾਕਿਆ ਚ' ਇਹ ਚੌਥਾ ਵਿਅਕਤੀ ਝੀਲ ਵਿੱਚ ਡੁੱਬਣ ਨਾਲ ਮਰਿਆ ਹੈ। ਇਕ ਨਿਊਜ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਗੈਨਿਸਵਿੱਲੇ, ਗਾ ? ਦਾ ਕ੍ਰਿਸਟੋਫਰ ਐਕੋਸਟਾ ਫਾਰਿਆਸ ਲੰਘੇਂ ਸ਼ੁੱਕਰਵਾਰ ਦੁਪਹਿਰ ਨੂੰ ਲੇਨੀਅਰ ਝੀਲ ਵਿਚ ਤੈਰ ਰਿਹਾ ਸੀ, ਜਦੋਂ ਕਿ ਦੇਖਦੇ ਦੇਖਦੇ ਹੀ ਉਹ ਗਾਇਬ ਹੋ ਗਿਆ।ਫਾਇਰ ਕਰਮਚਾਰੀਆਂ ਨੂੰ ਝੀਲ ਦੇ ਬਾਲਸ ਕ੍ਰੀਕ ਪਾਰਕ ਵਿੱਚ ਲੜਕੇ ਦੀ ਲਾਸ਼ ,ਜੋ ਕਿ 27 ਫੁੱਟ ਡੂੰਘੇ ਪਾਣੀ ਵਿੱਚ ਜਾ ਚੁੱਕੀ ਸੀ ਮਿਲੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਬੱਚਿਆ ਨੂੰ ਕਿਹਾ ਗਿਆ ਹੈ ਕਿ ਉਹ ਸੇਫਟੀ ਯੰਤਰ ਨਾਲ ਤੈਰਾਕੀ ਕਰਿਆ ਕਰਨ। ਪਰ ਉਹ ਆਪਣੇ ਆਪ ਨੂੰ ਮਾਹਿਰ ਤੈਰਾਕ ਗਿਣਦੇ ਹਨ । ਜਿਸ ਕਰਕੇ ਅਜਿਹੇ ਹਾਦਸੇ ਇਸ ਥਾਂ ਤੇ ਵਾਪਰ ਰਹੇ ਹਨ।

# ਭੁਲੱਥ ਤਹਿਸੀਲ ਦੇ ਪਿੰਡ ਭਦਾਸ ਦੀ ਪੰਚਾਇਤ ਵੱਲੋਂ ਕੂੜਾ ਕਰਕਟ ਤੋਂ ਖ਼ਾਦ ਤਿਆਰ ਕਰਨ ਦਾ ਪ੍ਰੋਜੈਕਟ ਆਰੰਭਿਆ

ਭੁਲੱਥ, 27 ਜੁਲਾਈ ( ਅਜੈ ਗੋਗਨਾ )- ਭੁਲੱਥ ਦੇ ਨੇੜਲੇ ਪਿੰਡ ਭਦਾਸ ਦੀ ਪੰਚਾਇਤ ਵੱਲੋਂ ਸਾਲਿਡ ਵੇਸਟ ਮੈਨੇਜਮੈਂਟ ਤਹਿਤ ਮਕਸੂਦਪੁਰ ਰੋਡ ਤੇ ਪਿੰਡ ਦਾ ਕੂੜਾ ਕਰਕਟ ਸਾਂਭਣ ਲਈ ਪ੍ਰੋਜੈਕਟ ਨੂੰ ਆਰੰਭਿਆ ਗਿਆ ਤੇ ਉਸ ਨੂੰ 15 ਅਗਸਤ ਵਾਲੇ ਦਿਨ ਪਿੰਡ ਦੇ ਲੋਕਾਂ ਨੂੰ ਸਮਰਪਿਤ ਕਰਨ ਲਈ ਵਚਨਬੱਧਤਾ ਨੂੰ ਪੂਰਾ ਕਰਨ ਲਈ ਕਿਹਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੀ ਸਰਪੰਚ ਦੇ ਪਤੀ ਸ; ਨਿਸ਼ਾਨ ਸਿੰਘ ਨੇ ਦੱਸਿਆ ਕਿ ਪਿੰਡ ਭਦਾਸ ਦੇ ਐਨ.ਆਰ .ਆਈ ਵੀਰਾਂ ਦੀ ਮਦਦ ਨਾਲ ਪਿੰਡ ਵਿੱਚ ਗਲੀਆਂ ਇੰਟਰਲੌਕ ਇੱਟਾ ਨਾਲ ਪੱਕੀਆਂ ਕਰਕੇ ਸੀਵਰੇਜ ਪਾ ਕੇ ਕਰੋੜਾਂ ਰੁਪਏ ਦਾ ਕੰਮ ਬਿਨਾਂ ਕਿਸੇ ਸਰਕਾਰੀ ਸਹਾਇਤਾ ਦੇ ਪੂਰਾ ਕੀਤਾ ਗਿਆ ਹੈ। ਹੁਣ ਪਿੰਡ ਵਿੱਚ ਕੂੜੇ ਕਰਕਟ ਦੀ ਸਮੱਸਿਆ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਦੀ ਮੱਦਦ ਨਾਲ ਨਰੇਗਾ ਪ੍ਰੋਗਰਾਮ ਤਹਿਤ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਲਗਾਉਣ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਜਿਸ



ਵਿਚ ਕੂੜੇ ਤੋਂ ਖ਼ਾਦ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਪੰਚਾਇਤ ਦੀ ਡੇਢ ? ਕਨਾਲ ਜ਼ਮੀਨ ਤੇ ਸੈੱਡ ਤੇ ਚਾਰ ਹੌਜੀਆ ਬਣਾਈਆਂ ਜਾਣਗੀਆਂ ਜਿਨ੍ਹਾਂ ਵਿਚ ਕੱਚ,ਰੱਬੜ, ਗਿਲਾ ਤੇ ਸੁੱਕਾ ਕੂੜਾ ਕਰਕਟ ਵੱਖ-ਵੱਖ ਜਮਾਂ ਕੀਤਾ ਜਾਵੇਗਾ,ਕੱਚ ਤੇ ਰਬੜ ਦੀਆਂ ਵਸਤੂਆਂ ਨੂੰ ਵੇਚਿਆ ਜਾਵੇਗਾ, ਗਿਲੇ ਤੇ ਸੁੱਕੇ ਕੂੜੇ ਤੋਂ ਖ਼ਾਦ ਤਿਆਰ ਕੀਤੀ ਜਾਵੇਗੀ। ਪਿੰਡ ਵਿੱਚ ਘਰਾਂ ਦੇ ਕਲੱਸਟਰ ਬਣਾ ਕੇ ਚਾਰ ਰੰਗਾਂ ਦੇ ਵੱਖ-ਵੱਖ ਤਰ੍ਹਾਂ ਦਾ ਕੂੜਾ ਸੁੱਟਣ ਲਈ ਕੂੜੇਦਾਨਾਂ ਤੇ ਲਿਖਿਆ ਹੋਵੇਗਾ ਤੇ ਹਰ ਰੋਜ਼ ਸਫ਼ਾਈ ਵਰਕਰਾਂ ਵਲੋਂ ਪਲਾਂਟ ਵਿੱਚ ਲਿਜਾਇਆ ਜਾਇਆ ਕਰੇਗਾ। ਉਨ੍ਹਾਂ ਕਿਹਾ ਇਸ ਨਾਲ ਪਿੰਡ ਦੀ ਸਫਾਈ, ਰੋਜ਼ਗਾਰ ਤੇ ਪਿੰਡ ਦੀ ਪੰਚਾਇਤ ਦੀ ਆਮਦਨ ਵਿੱਚ ਵਾਧਾ ਹੋਵੇਗਾ। ਉਨ੍ਹਾਂ ਦਸਿਆ ਕਿ ਪਹਿਲਾਂ ਪਿੰਡ ਦੀ ਪੰਚਾਇਤ ਆਪਣੇ ਕੋਲੋਂ ਪੈਸੇ ਖਰਚੇਗੀ ਬਾਅਦ ਵਿੱਚ ਸਰਕਾਰ ਦੁਆਰਾ ਪੰਚਾਇਤ ਨੂੰ ਦਿੱਤੇ ਜਾਣਗੇ। ਇਸ ਸਬੰਧੀ ਗੱਲਬਾਤ ਕਰਦਿਆਂ ਪੰਚਾਇਤ ਸੰਮਤੀ ਮੈਂਬਰ ਜਸਵੰਤ ਸਿੰਘ ਫਰਾਂਸ ਨੇ ਵੀ ਦੱਸਿਆ ਕਿ ਇਹ ਪਲਾਂਟ ਦਾ ਉਦਘਾਟਨ 15 ਅਗਸਤ ਵਾਲੇ ਦਿਨ ਨੂੰ ਕਰਕੇ ਪਿੰਡ ਦੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਪਿੰਡ ਦੀ ਪੰਚਾਇਤ ਵੱਲੋਂ ਐਨ ਆਰ ਆਈ ਵੀਰਾਂ ਦਾ ਪਿੰਡ ਦੀ ਨੁਹਾਰ ਬਦਲਣ ਲਈ ਪਾਏ ਗਏ ਯੋਗਦਾਨ ਲਈ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ ਹੈ।

# ਅਮਰੀਕੀ ਟੀਵੀ ਦੇ ਹੋਸਟ, ਰੇਜੀਸ ਫਿਲਬਿਨ ਦੀ 88 ਸਾਲ ਦੀ ਉਮਰ ਚ' ਮੌਤ

ਵਾਸ਼ਿੰਗਟਨ ( ਰਾਜ ਗੋਗਨਾ)-ਬੀਤੇਂ ਦਿਨ ਅਮਰੀਕਾ ਦੇ ਇਕ ਪ੍ਰਸਿੱਧ ਬਜ਼ੁਰਗ ਅਮਰੀਕੀ ਟੀ. ਵੀ ਹੋਸਟ ਰੇਜੀਸ ਫਿਲਬਿਨ ਦੀ 88 ਸਾਲ ਦੀ ਉਮਰ ਚ' ਮੌਤ ਹੋ ਗਈ ਹੈ। ਨੈਸ਼ਨਲ ਟਾਕ ਸ਼ੋਅ ਦੇ ਇਸ ਹੋਸਟ, ਅਭਿਨੇਤਾ ਅਤੇ ਪੇਸ਼ਕਾਰ ਨੇ 50 ਦੇ ਦਹਾਕੇ ਦੇ ਅੱਧ ਵਿੱਚ ਟੀਵੀ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ ਅਤੇ ਰਾਸ਼ਟਰੀ ਟਾਕ ਸ਼ੋਅ "ਲਾਈਵ ! ਵਿਦ ਰੀਜਿਸ" ਨਾਲ ਬਹੁਤ ਹੀ ਮਸ਼ਹੂਰ ਹੋਇਆ ਸੀ ਉਹ ਪਹਿਲਾਂ ਕੈਥੀ .ਲੀ ਗਿਫੋਰਡ, ਫਿਰ ਕੈਲੀ . ਰਿਪਾ ਨਾਲ ਵੀ ਉਸ ਨੇ ਕੰਮ ਕੀਤਾ।ਉਸ ਨੇ ਸੰਨ 2011 ਵਿੱਚ ਘੋਸ਼ਣਾ ਕੀਤੀ ਸੀ ਕਿ ਉਹ ਹਫਤੇ ਦੇ ਸ਼ੋਅ ਤੋਂ ਸੰਨਿਆਸ ਲੈ ਰਿਹਾ ਹੈ, ਜਦੋਂ ਉਸਨੇ ਇਸ ਦੀ ਮੇਜ਼ਬਾਨੀ



25 ਸਾਲਾਂ ਤੋਂ ਵੱਧ ਸਮੇਂ ਲਈ ਕੀਤੀ ਸੀ।ਉਸ ਨੂੰ ਯੂ. ਐਸ ਦਾ ਵਰਜ਼ਨ ਕੌਣ ਨਹੀਂ ਚਾਹੁੰਦਾ ਹੈ । ਉਸ ਨੇ ਲੱਖਪਤੀ ਬਣਨ ਦੀ ਪੇਸ਼ਕਾਰੀ ਵੀ ਕੀਤੀ। ਨਾਮਵਰ ਪੀਪਲਜ਼ ਮੈਗਜ਼ੀਨ ਲਈ ਉਸ ਨੇ ਇਕ ਪਰਿਵਾਰਕ ਬਿਆਨ ਪੜ੍ਹਿਆ: "ਉਸ ਦੀ ਨਿੱਘ, ਉਸ ਦੀ ਮਜ਼ਾਕ ਦੀ ਭਾਵਨਾ, ਅਤੇ ਹਰ ਰੋਜ ਕੁਝ ਇਸ ਬਾਰੇ ਗੱਲ ਕਰਨ ਯੋਗ ਬਣਾਉਣ ਦੀ ਉਸ ਦੀ ਇਕਲੋਤੀ ਯੋਗਤਾ ਲਈ ਉਹ ਬਹੁਤ ਮਸ਼ਹੂਰ ਸੀ।ਉਸ ਦੇ ਪ੍ਰਸ਼ੰਸਕਾਂ ਨੇ ਉਸ ਦੇ 60 ਸਾਲਾਂ ਦੇ ਕੈਰੀਅਰ ਵਿਚ ਉਨ੍ਹਾਂ ਦੇ ਸ਼ਾਨਦਾਰ ਸਮਰਥਨ ਲਈ ਧੰਨਵਾਦ ਕੀਤਾ ਤੇ ਉਸ ਦਾ ਦੁਨੀਆ ਤੋ ਚਲੇ ਜਾਣ ਦੇ ਘਾਟੇ ਤੇ ਗਹਿਰਾ ਸੋਗ ਵੀ ਪ੍ਰਗਟ ਕੀਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਕੇ ਇਕ ਨਾਮਵਰ ਟੀ. ਵੀ ਹੋਸਟ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਰੇਜੀਸ ਫਿਲਬਿਨ ਨੂੰ ਆਪਣੇ ਦੋਸਤਾਂ ਵਿੱਚੋਂ ਬੜਾ ਵਧੀਆਂ ਮਿੱਤਰ ਦੱਸਿਆ

# ਭਾਰਤੀ-ਅਮਰੀਕੀ ਨੇ ਵਰਜੀਨੀਆ ਦੇ ਉਪ ਰਾਜਪਾਲ ਲਈ ਪ੍ਰਾਊਡ ਅਮਰੀਕਨ ਪੈੱਕ ਦਾ ਐਲਾਨ ਕੀਤਾ

ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ)- ਭਾਰਤੀ-ਅਮਰੀਕੀ ਰਿਪਬਲੀਕਨ ਕਾਰੋਬਾਰੀ ਪੁਨੀਤ ਆਹਲੂਵਾਲੀਆ ਨੇ ਵਰਜੀਨੀਆ ਦੇ ਲੈਫਟੀਨੈਂਟ ਗਵਰਨਰ ਦੇ ਸ਼ਕਤੀਸ਼ਾਲੀ ਦਫਤਰ ਲਈ ਚੋਣ ਲੜਨਗੇ ਅਤੇ ਇਸ ਦੇ ਲਈ ਇੱਕ ਰਾਜਨੀਤਿਕ ਐਕਸ਼ਨ ਕਮੇਟੀ ਸ਼ੁਰੂ ਕੀਤੀ ਗਈ ਹੈ। 55 ਸਾਲਾ ਪੁਨੀਤ ਆਹਲੂਵਾਲੀਆ ਨੇ ਮੰਗਲਵਾਰ ਨੂੰ ਆਪਣੇ ਸਮਰਥਕਾਂ ਨੂੰ ਇੱਕ ਈਮੇਲ ਵਿੱਚ ਐਲਾਨ ਕੀਤਾ: ਕਿ ਮੈਂ ਵਰਜੀਨੀਆ ਦੇ ਲੈਫਟੀਨੈਂਟ ਗਵਰਨਰ ਲਈ ਆਪਣੀ ਚੋਣ ਲੜਨ ਲਈ ਪ੍ਰੌਡ ਅਮਰੀਕਨ ਰਾਜਨੀਤਿਕ ਐਕਸ਼ਨ ਕਮੇਟੀ ਦੀ ਸ਼ੁਰੂਆਤ ਕਰਕੇ ਮੁਹਿੰਮ ਸ਼ੁਰੂ ਕਰ ਲਈ ਹੈ।ਇਕ ਰਾਜਨੀਤਿਕ ਐਕਸ਼ਨ ਕਮੇਟੀ (ਪੀਏਸੀ) ਅਮਰੀਕਾ ਵਿੱਚ ਟੈਕਸ ਤੋਂ ਛੋਟ ਪ੍ਰਾਪਤ ਸੰਗਠਨ ਹੈ ਜੋ ਚੋਣਾਂ ਜਾਂ ਕਾਨੂੰਨਾਂ ਨੂੰ ਪ੍ਰਭਾਵਤ ਕਰਨ ਲਈ ਗੁਪਤ ਰੂਪ ਵਿਚ ਪੈਸਾ ਇਕੱਠਾ ਕਰੇਗੀ।ਆਹਲੂਵਾਲੀਆ ਨੇ ਕਿਹਾ, "ਮੈਂ ਪ੍ਰੌਡ ਅਮੈਰੀਕਨ ਪੀਏਸੀ ਦਾ ਗਠਨ ਕਰ ਰਿਹਾ ਹਾਂ ,ਕਿਉਂਕਿ ਉਨ੍ਹਾਂ ਵਰਜੀਨੀਆ ਦੇ ਲੋਕਾਂ ਲਈ ਜੋ ਵਿਸ਼ਵਾਸ ਕਰਦੇ ਹਨ, ਜਿਵੇਂ ਕਿ ਮੈਂ ਕਰਦਾ ਹਾਂ, ਕਿ ਅਮਰੀਕਾ ਵਿਸ਼ਵ ਦੀ ਸਭ ਤੋਂ ਵੱਡੀ ਕੌਮ ਹੈ, ਪਰ ਸਾਡੇ ਰਾਜਨੀਤਿਕ ਆਗੂ ਸਾਡੇ ਮਹਾਨ ਰਾਜ ਦੇ ਵਾਅਦੇ 'ਤੇ ਖਰੇ ਨਹੀਂ ਉਤਰ ਰਹੇ।ਸਾਲ 2016 ਦੀਆਂ ਰਾਸ਼ਟਰਪਤੀ ਚੋਣ ਮੁਹਿੰਮ ਵਿੱਚ ਪੁਨੀਤ ਟਰੰਪ ਦੀ ਮੁਹਿੰਮ ਦੇ ਏਸ਼ੀਆ ਸਲਾਹਕਾਰ ਕਮੇਟੀ ਦੇ ਮੈਂਬਰ ਸੀ। ਦਿੱਲੀ ਵਿੱਚ ਪੈਦਾ ਹੋਏ ਆਹਲੂਵਾਲੀਆ 1990 ਵਿੱਚ ਅਮਰੀਕਾ ਚਲੇ ਗਏ। ਉਹ ਕਲਾਇੰਟ ਐਕੁਆਇਰ, ਮਾਰਕੀਟਿੰਗ ਅਤੇ ਰਣਨੀਤਕ ਮਾਮਲਿਆਂ ਵਿੱਚ ਕਾਰੋਬਾਰਾਂ ਲਈ ਸਲਾਹਕਾਰ ਵਜੋਂ ਕੰਮ ਕਰਦਾ ਹੈ। ਉਸ ਦੀ ਪਤਨੀ ਪਾਕਿਸਤਾਨ ਅਤੇ ਅਫਗਾਨਿਸਤਾਨ ਦੀ ਵਿਰਾਸਤ ਤੋਂ ਹੈ।ਆਹਲੂਵਾਲੀਆ ਨੇ ਖੱਬੇ ਪੱਖੀ ਝੁਕਾਅ ਵਾਲੇ ਸਮੂਹਾਂ ਦਾ ਜ਼ਿਕਰ ਕਰਦਿਆਂ ਕਿਹਾ, "ਵਿਕਾਸੀ ਵਿਅਕਤੀ ਵਜੋਂ, ਮੈਂ ਉਨ੍ਹਾਂ ਲੋਕਾਂ ਨਾਲ ਹਮਦਰਦੀ ਕਰਦਾ ਹਾਂ ।ਜਿਹੜੇ ਇਸ ਦੇਸ਼ ਵਿੱਚ ਨਸਲ ਪ੍ਰਤੀ ਨਿਰਾਸ਼ ਅਤੇ ਨਾਰਾਜ਼ ਹਨ, ਪਰ ਉਹੀ ਕਾਰਨਾਂ ਕਰਕੇ ਨਹੀਂ ਜੋ ਰਿਚਮੰਡ ਵਿੱਚ




ਅਗਾਂਹਵਧੂ ਸਿਆਸਤਦਾਨ ਹਨ।" ਉਨ੍ਹਾਂ ਕਿਹਾ, ਸਾਨੂੰ ਜਾਤ ਅਤੇ ਉਨ੍ਹਾਂ ਤਰੀਕਿਆਂ ਬਾਰੇ ਸਾਰੇ ਵਰਜੀਨੀਆ ਲੋਕਾਂ ਵਿਚ ਅਸਲ ਵਿਚਾਰ ਵਟਾਂਦਰੇ ਦੀ ਸ਼ੁਰੂਆਤ ਕਰਨ ਦੀ ਜ਼ਰੂਰਤ ਹੈ, ਇੱਕ ਪ੍ਰੈੱਸ ਬਿਆਨ ਵਿੱਚ, ਪ੍ਰੌਡ ਅਮੈਰੀਕਨ ਪੈਕ ਦੇ ਬਾਨੀ ਪੁਨੀਤ ਨੇ ਕਿਹਾ ਕਿ ਉਹ ਉਹਨਾਂ ਉਮੀਦਵਾਰਾਂ ਦੀ ਚੋਣ ਕਰਨ ਲਈ ਕੰਮ ਕਰੇਗਾ ਜੋ ਮੁਢਲੇ ਸਿਧਾਂਤਾਂ ਨਾਲ ਜੁੜੇ ਹੋਏ ਹਨ ,ਕਿ ਹਰੇਕ ਨੂੰ ਬਰਾਬਰ ਬਣਾਇਆ ਜਾਵੇਗਾ ,ਨਿੱਜੀ ਸਨਮਾਨ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਸਰਕਾਰ ਨੂੰ ਕਦੇ ਵੀ ਖੋਹਣ ਦੀ ਆਗਿਆ ਨਹੀਂ ਦਿਤੀ ਜਾਵੇਗੀ।"ਮੈਂ ਆਪਣੇ ਪੂਰੇ ਦਿਲ ਨਾਲ ਮੰਨਦਾ ਹਾਂ ਕਿ ਅਮਰੀਕੀ ਬਾਜ਼ਾਰ ਮੁਕਤ ਪੂੰਜੀਵਾਦ ਹੁਣ ਤੱਕ ਦੀ ਆਰਥਿਕ ਖੁਸ਼ਹਾਲੀ ਦਾ ਸਭ ਤੋਂ ਵੱਡਾ ਇੰਜਨ ਹੈ। ਪਰ ਸਾਡੀ ਆਰਥਿਕਤਾ ਨੇ ਬਹੁਤ ਸਾਰੇ ਲੋਕਾਂ ਨੂੰ ਪਿੱਛੇ ਛੱਡ ਦਿੱਤਾ ਹੈ," ਉਸਨੇ ਕਿਹਾ।ਸਾਨੂੰ ਘੱਟ ਗਿਣਤੀ ਭਾਈਚਾਰਿਆਂ ,ਛੋਟੇ ਕਾਰੋਬਾਰਾਂ ਦੀ ਸ਼ੁਰੂਆਤ ਅਤੇ ਫੰਡਿੰਗ ਨੂੰ ਵਧੇਰੇ ਸੌਖਾ ਬਣਾ ਕੇ, ਵਧੇਰੇ ਨੌਕਰੀ ਪੈਦਾ ਕਰਨ ਨੂੰ ਉਤਸ਼ਾਹਤ ਕਰਨਾ, ਵਰਜੀਨੀਆ ਹਾਈ ਸਕੂਲ ਦੇ ਹਰੇਕ ਗ੍ਰੈਜੂਏਟ ਲਈ ਪ੍ਰਾਈਵੇਟ ਇੰਟਰਨਸ਼ਿਪ ਦਾ ਪ੍ਰਬੰਧ,ਲੋਕਾਂ ਦੀ ਆਰਥਿਕ ਪੌੜੀ ਚੜ੍ਹਨ ਵਿਚ ਸਹਾਇਤਾ, ਸਕੂਲ ਸੁਧਾਰਨ ਅਤੇ ਆਪਣੇ ਆਧੁਨਿਕੀਕਰਨ ਕਰਕੇ ਅਸੀਂ ਬਿਹਤਰ ਕੰਮ ਕਰ ਸਕਦੇ ਹਾਂ ਅਤੇ ਕਰਨਾ ਚਾਹੀਦਾ ਹੈ। ਜਿਸ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਆਦਿ ਹੈ।

# ਕੋਰੋਨਾ ਦੇ ਵਧ ਰਹੇ ਕੇਸਾਂ ਨੇ ਵਧਾਇਆ ਭੱਜੀ ਦਾ ਬੀਪੀ, ਟਵਿਟਰ 'ਤੇ ਇੰਝ ਕੱਢਿਆ ਗੁੱਸਾ

ਨਵੀਂ ਦਿੱਲੀ, : ਭਾਰਤ ਵਿੱਚ ਸ਼ੁੱਕਰਵਾਰ ਨੂੰ 49 ਹਜ਼ਾਰ 310 ਮਾਮਲੇ ਸਾਹਮਣੇ ਆਏ ਹਨ ਜੋ ਹੁਣ ਤੱਕ ਦੇ 24 ਘੰਟਿਆਂ ਵਿੱਚ ਸਭ ਤੋਂ ਵੱਧ ਹਨ। ਵੀਰਵਾਰ ਨੂੰ ਦੇਸ਼ ਵਿੱਚ ਕੁਲ 45,720 ਕੋਵਿਡ-19 ਮਾਮਲੇ ਸਾਹਮਣੇ ਆਏ। ਸਿਹਤ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਹੁਣ ਕੇਸਾਂ ਦੀ ਕੁੱਲ ਗਿਣਤੀ 12,87,945 ਹੋ ਗਈ ਹੈ। ਕੋਰੋਨਾ ਕਰਕੇ ਵਿਗੜ ਰਹੇ ਹਾਲਾਤ 'ਤੇ ਭਾਰਤੀ ਸਪਿਨਰ ਹਰਭਜਨ ਸਿੰਘ ਦਾ ਕਹਿਣਾ ਹੈ ਕਿ ਜਲਦੀ ਹੀ ਇੱਕ ਦਿਨ ਵਿੱਚ ਇੱਕ ਲੱਖ ਕੇਸ ਵੀ ਸਾਹਮਣੇ ਆ ਸਕਦੇ ਹਨ, ਪਰ ਕਿਸੇ ਨੂੰ ਵੀ ਇਸ ਦੀ ਚਿੰਤਾ ਨਹੀਂ। ਕੋਰੋਨਾ ਕਾਰਨ ਵਿਗੜ ਰਹੀ ਸਥਿਤੀ ਬਾਰੇ ਹਰਭਜਨ ਸਿੰਘ ਨੇ ਟਵੀਟ ਕਰਕੇ ਗੁੱਸੇ ਦੇ ਨਾਲ ਚਿੰਤਾ ਵੀ ਜ਼ਾਹਰ ਕੀਤੀ ਹੈ।

**ਹਰਭਜਨ ਸਿੰਘ ਦਾ ਟਵੀਟ:**

ਦੱਸ ਦਈਏ ਕਿ ਇਸ ਤੋਂ ਪਹਿਲਾਂ ਹਰਭਜਨ ਸਿੰਘ ਕੋਰੋਨਵਾਇਰਸ ਦੀ ਸ਼ੁਰੂਆਤ ਤੋਂ ਹੀ ਲੋਕਾਂ ਨੂੰ ਮਹਾਮਾਰੀ ਦੇ ਖ਼ਤਰੇ ਦੀ ਚੇਤਾਵਨੀ ਦੇ ਰਿਹਾ ਹਨ। ਉਨ੍ਹਾਂ ਨੇ ਲੌਕਡਾਊਨ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਵੀ ਆਪਣਾ ਗੁੱਸਾ ਜ਼ਾਹਰ ਕੀਤਾ ਸੀ।

# ਮਹਾਨ ਸਿੱਖ ਭਾਈ ਮੰਝ ਜੀ



ਜਗਜੀਤ ਸਿੰਘ ਦਸੂਹਾ
718-207-6496





ਭਾਈ ਮੰਝ ਜੀ ਭਾਈ ਪਿੰਡ ਕੰਗ ਮਾਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਇਹ ਪਿੰਡ ਦੇ ਚੌਧਰੀ ਸਨ। ਉਹਨਾਂ ਦਿਨਾਂ ਵਿਚ ਚੌਧਰੀ ਵੀ ਪਿੰਡ ਦੇ ਮਾਲਕ ਹੁੰਦੇ ਸਨ ਕਿਉਂਕਿ ਇਨ੍ਹਾਂ ਪਾਸ ਧਨ ਦੌਲਤ ਕਾਫ਼ੀ ਹੁੰਦੀ ਸੀ। ਭਾਈ ਮੰਝ ਜੀ ਜਿਥੇ ਪਿੰਡ ਦੇ ਮੁਖੀ ਸਨ ਉਥੇ 'ਸਖੀ ਸਤਵਰ' ਦੇ ਅਨੁਯਾਈ ਹੀ ਨਹੀਂ ਸਗੋਂ ਇਸ ਮੱਤ ਦੇ ਵੱਡੇ ਪ੍ਰਚਾਰਕ ਵੀ ਸਨ। ਇਨ੍ਹਾਂ ਨੇ ਘਰ ਵਿਚ ਪੀਰਖਾਨਾ ਵੀ ਬਣਾਇਆ ਹੋਇਆ ਸੀ ਤੇ ਹਰ ਵੀਰਵਾਰ ਨੂੰ ਨੇਮ ਨਾਲ ਵੱਡਾ ਸਾਰਾ ਰੋਟ ਤਿਆਰ ਕੀਤਾ ਜਾਂਦਾ ਸੀ ਤੇ ਉਸ ਨੂੰ ਗੁੜ ਨਾਲ ਚੋਪੜਿਆ ਹੁੰਦਾ ਸੀ। ਗੁੜ ਨਾਲ ਚੋਪੜਿਆ ਭਾਵ ਗੁੜ ਦੇ ਆਟੇ ਨਾਲ ਤਿਆਰ ਕੀਤਾ ਜਾਂਦਾ ਸੀ। ਇਹ 'ਸਖੀ ਸਤਵਰ' ਦੇ ਮੱਤ ਮੁਤਾਬਕ ਇਹ ਰੋਟ ਪਹਿਲਾਂ ਪੀਰ ਜਾਂ ਪੀਰਖਾਨੇ ਦੇ ਮੁਖੀ ਨੂੰ ਉਸ ਰੋਟ ਦਾ ਇਕ ਟੁਕੜਾ ਦਿੱਤਾ ਜਾਂਦਾ ਤੇ ਫਿਰ ਬਾਕੀਆਂ ਨੂੰ ਵੰਡ ਦਿੱਤਾ ਜਾਂਦਾ। ਅੱਜ ਵੀ ਪੰਜਾਬ ਅੰਦਰ ਕਈ ਅਜਿਹੇ ਪਿੰਡ ਹਨ ਜਿਥੇ ਮੁਸਲਮਾਨ ਪੀਰਾਂ ਦੀਆਂ ਕਬਰਾਂ ਤੇ ਸਮਾਧਾਂ ਆਦਿ ਬਣੀਆਂ ਹਨ, ਲੋਕ ਵੀਰਵਾਰ ਨੂੰ ਤੇਲ ਤੇ ਮਿੱਠੇ ਚਾਵਲ ਜਾਂ ਮਿੱਠਾ ਰੋਟ ਚੜ੍ਹਾਉਂਦੇ ਹਨ ਤੇ ਮੰਨਤਾਂ ਮੰਗਦੇ ਹਨ। ਭਾਵੇਂ ਸਿੱਖ ਧਰਮ ਨੂੰ ਹੋਂਦ ਵਿਚ ਆਇਆਂ ਪੰਜ ਸੌ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਲੋਕਾਂ ਦੇ ਮਨਾਂ ਵਿਚੋਂ ਕਰਮਕਾਂਡ ਨਿਕਲ ਨਹੀਂ ਸਕਿਆ। ਦਸਾਂ ਗੁਰੂਆਂ ਨੇ ਜਗ੍ਹਾ ਜਗ੍ਹਾ ਜਾ ਕੇ ਲੋਕਾਂ ਨੂੰ ਲੋਕਾਂ ਨੂੰ ਭਰਮਾਂ ਵਿਚੋਂ ਕੱਢਣ ਦੀ ਬੜੀ ਕੋਸ਼ਿਸ਼ ਕੀਤੀ ਅਤੇ ਬਾਣੀ ਅੰਦਰ ਵੀ ਉਪਦੇਸ਼ ਦਿੱਤਾ ਪਰ ਬਦਕਿਸਮਤੀ ਹੈ ਕਿ ਅੱਜ ਵੀ ਸਿੱਖ ਧਾਗੇ ਤਵੀਤਾਂ, ਮੜੀ ਮਸਾਣੀ, ਸਮਾਧਾਂ ਤੋਂ ਛੁਟਕਾਰਾ ਨਹੀਂ ਪਾ ਸਕਿਆ। ਕਾਰਨ ਇਹ ਹੋ ਸਕਦਾ ਹੈ ਕਿ ਬਾਣੀ ਨੂੰ ਨਾ ਪੜਣਾ ਤੇ ਨਾ ਵਿਚਾਰਨਾ ਹੈ। ਭਾਵੇਂ ਟੈਲੀਵਿਯਨ ਅੱਗੇ ਘੰਟਿਆਂਬੱਧੀ ਸੀਰੀਅਲ ਤੇ ਵਿਕਾਰਾਂ ਨੂੰ ਜਨਮ ਦੇਣ ਵਾਲੇ ਪ੍ਰੋਗਰਾਮ ਦੇਖੀ ਜਾਣ ਪਰ ਆਪਣੇ ਪਿਛੋਕੜ ਉਪਰ ਝਾਤ ਪਾਉਣ ਦੀ ਕੋਸ਼ਿਸ਼ ਨਹੀਂ ਕਰਨੀ ਕਿ ਜਿਸ ਸਿੱਖੀ ਅੰਦਰ ਬੜਾ ਉਚਾ ਸੁੱਚਾ ਜੀਵਨ ਪਾਇਆ ਗਿਆ ਹੈ ਤੇ ਅਸਲੀ ਅਨੰਦ ਦੇਣ ਵਾਲਾ ਹੈ। ਕਦੇ ਵਿਚਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਬੱਸ ਇਤਨਾ ਹੀ ਕਾਫ਼ੀ ਹੈ ਕਿ ਸਿੱਖ ਪਰਿਵਾਰਾਂ ਵਿਚ ਜਨਮ ਲੈ ਲਿਆ ਹੈ। ਸਕੂਲ, ਕਾਲਜਾਂ ਵਿਚ ਆਪਣੇ ਮਜਬ ਸਿੱਖ ਲਿਖਵਾ ਲਿਆ ਹੈ ਭਾਵ ਸਿੱਖੀ ਦੀ ਮੋਹਰ ਲੱਗ ਗਈ ਹੈ। ਆਪਾਂ ਹੁਣ ਹੋਰ ਕੀ ਕਰਨਾ ਹੈ। ਜਦ ਮੁਫ਼ਤ ਵਿਚ ਧਰੇ ਧਰਾਏ ਮਿਲ ਗਿਆ ਹੋਵੇ। ਕੀਮਤ ਉਸ ਚੀਜ਼ ਦੀ ਹੁੰਦੀ ਹੈ ਜਿਸ ਲਈ ਮੁੱਲ ਅਦਾ ਕੀਤਾ ਜਾਵੇ। ਅੱਜ ਸਾਡਾ ਜੀਵਨ ਕੀ ਬਣਦਾ ਜਾ ਰਿਹਾ ਹੈ। ਗੁਰਬਾਣੀ ਅੰਦਰ ਵਿਚਾਰ ਪ੍ਰਗਟਾਏ ਹਨ :

**ਰਤਨ ਤਿਆਗ ਕੌਡੀ ਸੰਗ ਰਚੇ**
**ਸਾਚ ਛੋਡ ਝੂਠ ਸੰਗ ਮਚੇ ।**

ਭਾਈ ਮੰਝ ਜੀ ਜੋ ਪਹਿਲਾਂ ਕੌਡੀ ਵਾਲਾ ਜੀਵਨ ਬਤੀਤ ਕਰ ਰਹੇ ਹਨ ਤੇ ਫਿਰ ਪੰਜਵੇਂ ਪਾਤਸ਼ਾਹ ਦੇ ਸੰਪਰਕ ਵਿਚ ਆਉਣ ਕਰਕੇ ਰਤਨ ਵਾਲੇ ਜੀਵਨ ਵੱਲ ਰੁਖ਼ ਕਰ ਲਿਆ ਤੇ ਸਭ ਕੁੱਝ ਉਹ ਤਿਆਗ ਦਿੱਤਾ ਜਿਸ ਨਾਲ ਉਹਨਾਂ ਨੂੰ ਸ਼ੌਹਰਤ ਤੇ ਇਕ ਸਨਮਾਨਜਨਕ ਮੁਖੀ ਵਜੋਂ ਜੀਵਨ ਬਤੀਤ ਕਰ ਰਹੇ ਸਨ। ਦੁਨੀਆਂ ਦੀ ਪ੍ਰਵਾਹ ਨਹੀਂ ਕੀਤੀ ਜੋ ਉਹ ਚਿਰਾਂ ਤੋਂ ਕਰਦੇ ਆ ਰਹੇ ਸਨ ਤੇ ਹੋਰਨਾਂ ਨੂੰ ਵੀ ਮਗਰ ਲਗਾਇਆ ਹੋਇਆ ਸੀ। ਪਰ ਜਦ ਇਹ ਵੇਖਿਆ ਕਿ ਸਿੱਖੀ ਵਾਲੇ ਜੀਵਨ ਅੱਗੇ ਕੋਈ ਬਰਾਬਰੀ ਨਹੀਂ ਸਕ ਸਕਦਾ।

ਭਾਈ ਸਾਹਿਬ ਅਕਸਰ ਇਕ ਵੱਡਾ ਟੋਲਾ ਜਾਂ ਜੱਥਾ ਜਿਸ ਦੀ ਗਿਣਤੀ ਸੈਂਕੜਿਆਂ ਵਿਚ ਹੁੰਦੀ ਸੀ ਹਰ ਸਾਲ 'ਨਿਗਾਹੇ' ਅਸਥਾਨ 'ਤੇ ਜਾਂਦੇ ਸਨ। ਜਿਥੇ 'ਸਖੀ ਸਤਵਰ' ਮੱਤ ਦੇ ਮੋਢੀ ਸੁਲਤਾਨ ਸ਼ਬਦ ਅਹਿਮਦ ਦੀ ਕਬਰ ਸੀ।

ਜਦ ਇਹ ਵਾਪਸ ਟੋਲੇ ਸਮੇਤ ਆਪਣੇ ਪਿੰਡ ਨੂੰ ਜਾ ਰਹੇ ਸਨ ਤੇ ਅੰਮ੍ਰਿਤਸਰ ਰੁਕੇ ਹੋਏ ਸਨ ਤਾਂ ਇਨ੍ਹਾਂ ਦਾ ਸੰਪਰਕ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਹੋਇਆ। ਇਨ੍ਹਾਂ ਦੇ ਮਨ 'ਤੇ ਉਸ ਸਮੇਂ ਬਹੁਤ ਅਸਰ ਹੋਇਆ ਜਦ ਇਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਦੇ ਸਿੱਖਾਂ ਦੇ ਸਿੱਖੀ ਜੀਵਨ ਨੂੰ ਤੱਕਿਆ। ਉਹਨਾਂ ਦੇ ਰਹਿਣੀ ਬਹਿਣੀ ਦਾ ਅਸਰ ਇਨ੍ਹਾਂ ਉਪਰ ਬਹੁਤ ਹੋਇਆ। ਜੋ ਕਿ ਇਕ ਵੱਖਰਾ ਤੇ ਪ੍ਰਭਾਵਸ਼ਾਲੀ ਅਸਰ ਸੀ। ਇਨ੍ਹਾਂ ਨੇ ਸਤਿਗੁਰ ਅੱਗੇ ਸਿੱਖੀ ਦੀ ਦਾਤ ਅਰਥਾਤ ਉਹਨਾਂ ਦਾ ਅਨੁਆਈ ਬਣਨ ਦੀ ਫਰਿਆਦ ਕੀਤੀ ਤਾਂ ਗੁਰੂ ਜੀ ਨੇ ਅੱਗੋਂ ਕਿਹਾ ਕਿ ਜੋ ਤੁਸੀਂ ਪਹਿਲਾਂ ਕਰ ਰਹੇ ਹੋ ਉਹ ਤਿਆਗਣਾ ਪੈਣਾ ਹੈ। ਭਾਵ ਜੋ ਮੱਤ ਵਸਾਂ ਨੇ ਅਪਣਾਇਆ ਹੋਇਆ ਹੈ। ਉਸ ਦਾ ਸਿੱਖੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਗੁਰੂ ਸਾਹਿਬ ਨੇ ਇਸ਼ਾਰਾ ਕੀਤਾ ਕਿ ਸਿੱਖੀ ਉਪਰ ਸਿੱਖੀ ਨਹੀਂ ਚੜ੍ਹਦੀ। ਭਾਈ ਸਾਹਿਬ ਉਪਰ ਇਸ ਗੱਲ ਦਾ ਬਹੁਤ ਅਸਰ ਹੋਇਆ ਤੇ ਵਾਪਸ ਪਿੰਡ ਆਕੇ ਪਹਿਲਾਂ ਜੋ ਪੀਰਖਾਨਾ ਆਪਣੇ ਘਰ ਬਣਵਾਇਆ ਸੀ ਉਹ ਢਾਹੁਣਾ ਸ਼ੁਰੂ ਕਰ ਦਿੱਤਾ ਤੇ ਫ਼ਿਰ 'ਸਖੀ ਸਰਵਰ' ਦੀ ਪੂਜਾ ਕਰਨੀ ਬੰਦ ਕਰ ਦਿੱਤੀ। ਵਾਹਿਗੁਰੂ ਦਾ ਭਾਣਾ ਇਹ ਹੋਇਆ ਕਿ ਉਸ ਦੇ ਪਸ਼ੂ ਮਰਨੇ ਸ਼ੁਰੂ ਹੋ ਗਏ। ਕਈ ਵਾਰ ਵਾਹਿਗੁਰੂ ਕੱਚਿਆਂ ਪੱਕਿਆਂ ਦੀ ਪਰਖ ਵਜੋਂ ਕੁੱਝ ਭਾਣਾ ਵਰਤਾ ਦਿੰਦਾ ਹੈ। ਪਰ ਪੱਕੇ ਹਿਰਦੇ ਵਾਲੇ ਕਦੇ ਨਹੀਂ ਡੋਲਦੇ। ਉਹ ਹਮੇਸ਼ਾ ਅਡੋਲ ਅਵਸਥਾ ਵਿਚ ਰਹਿੰਦੇ ਹਨ। ਜਦ ਭਾਈ ਸਾਹਿਬ ਨੇ ਪੀਰਖਾਨਾ ਢਾਹ ਦਿੱਤਾ ਤੇ ਪੂਜਾ ਕਰਨੀ ਬੰਦ ਕਰ ਦਿੱਤੀ ਤਾਂ ਸਮਝਣ ਵਾਲਿਆਂ ਨੇ ਸ਼ਿਕਾਇਤ ਕਰਕੇ ਮੁਖੀ ਵਜੋਂ ਵੀ ਹਟਾ ਦਿੱਤਾ। ਪਰ ਇਹ ਫ਼ਿਰ ਵੀ ਅਡੋਲ ਰਹੇ।

ਭਾਈ ਸਾਹਿਬ ਦੇ ਮਨ 'ਤੇ ਐਸਾ ਸਿੱਖੀ ਦਾ ਅਸਰ ਹੋਇਆ ਕਿ ਇਹ ਘਰ ਦੀ ਸੰਭਾਲ ਕਰਕੇ ਆਪ ਗੁਰੂ ਪਾਸ ਆਣ ਰਹਿਣ ਲੱਗੇ। ਇਨ੍ਹਾਂ ਨੇ ਲੰਗਰ ਨੂੰ ਤਿਆਰ ਕਰਨ ਲਈ ਲੱਕੜੀਆਂ ਆਦਿ ਲਿਆਉਣ ਦੀ ਸੇਵਾ ਆਪ ਲੈ ਲਈ। ਆਪ ਭਜਨ ਬੰਦਗੀ ਦੇ ਨਾਲ ਨਾਲ ਜੰਗਲ ਬੇਲੇ ਵਿਚੋਂ ਲੱਕੜੀਆਂ ਇਕੱਠੀਆਂ ਕਰਕੇ ਲਿਆਉਣ ਦੀ ਜ਼ਿੰਮੇਵਾਰੀ ਨਿਭਾਉਣ ਲੱਗ ਪਏ। ਇਕ ਦਿਨ ਇਹ ਸੇਵਾ ਕਰਦੇ ਕਰਦੇ ਐਸਾ ਹੋਇਆ ਜੋ ਇਨ੍ਹਾਂ ਦਾ ਇਮਤਿਹਾਨ ਸੀ, ਲੱਕੜੀਆਂ ਸਿਰ ਉਪਰ ਉਠਾ ਕੇ 'ਸੁਲਤਾਨ ਵਿੰਡ' ਇਲਾਕੇ ਤੋਂ ਅੰਮ੍ਰਿਤਸਰ ਵਾਪਸ ਪਰਤ ਰਹੇ ਸਨ ਕਿ ਜ਼ੋਰਦਾਰ ਤੂਫਾਨ ਆਉਣ ਕਰਕੇ ਇਹ ਲੱਕੜੀਆਂ ਦੀ ਗੱਠੜੀ ਨੂੰ ਜ਼ੋਰ ਨਾਲ ਸੰਭਾਲਣ ਲੱਗੇ ਕਿ ਤੇਜ਼ ਤੂਫਾਨ ਨਾਲ ਇਹ ਅਚਾਨਕ ਖੂਹ ਵਿਚ ਜਾ ਡਿੱਗੇ। ਖੂਹ ਵਿਚ ਭਾਵੇਂ ਪਾਣੀ ਜ਼ਿਆਦਾ ਨਹੀਂ ਸੀ ਪਰ ਹੈ ਅਕਸਰ ਖੂਹ ਸੀ। ਇਹ ਖੂਹ ਅੰਦਰ ਲੱਕੜੀਆਂ ਦੀ ਗੱਠੜੀ ਨੂੰ ਸਿਰ ਉਪਰ ਉਠਾਈ ਰੱਖਿਆ ਤੇ ਜ਼ੋਰ ਜ਼ੋਰ ਨਾਲ ਉਚੀ ਦੇਣੀ ਬਾਣੀ ਪੜਣ ਲੱਗੇ। ਸਬੱਬ ਨਾਲ ਉਧਰ ਦੀ ਜਿਮੀਂਦਾਰ ਲੰਘ ਰਿਹਾ ਸੀ ਤੇ ਜਦ ਉਸ ਨੇ ਅਵਾਜ਼ ਸੁਣੀ ਤਾਂ ਖੂਹ ਪਾਸ ਜਾ ਕੇ ਵੇਖਿਆ ਕਿ ਭਾਈ ਸਾਹਿਬ ਖੂਹ ਵਿਚ ਲੱਕੜੀਆਂ ਸਿਰ 'ਤੇ ਉਠਾਈ ਖੜੇ ਹਨ ਤੇ ਬਾਣੀ ਪੜ ਰਹੇ ਸਨ ਤੇ ਉਹ ਇਕ ਦਮ ਵਾਪਸ ਸ਼ਹਿਰ ਨੂੰ ਭੱਜਿਆ ਤਾਂ ਜੋ ਰੱਸਾ ਤੇ ਆਦਮੀ ਲਿਆ ਕੇ ਭਾਈ ਸਾਹਿਬ ਨੂੰ ਕੱਢਿਆ ਜਾਵੇ ਤੇ ਨਾਲ ਹੀ ਉਸ ਨੇ ਗੁਰੂ ਸਾਹਿਬ ਨੂੰ ਖਬਰ ਕਰ ਦਿੱਤੀ। ਜਦ ਗੁਰੂ ਅਰਜਨ ਦੇਵ ਜੀ ਨੇ ਸੁਣਿਆਂ ਤਾਂ ਉਹ ਵੀ ਸਿੱਖਾਂ ਨਾਲ ਖੂਹ ਪਾਸ ਆ ਪੁੱਜੇ। ਜਦ ਰੱਸਾ ਲਮਕਾ ਕੇ ਭਾਈ ਸਾਹਿਬ ਨੂੰ ਬਾਹਰ ਆਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਹਿਲਾਂ ਲੱਕੜੀ ਨੂੰ ਖਿੱਚਣ ਲਈ ਆਖਿਆ ਤਾਂ ਜੋ ਲੱਕੜੀਆਂ ਗਿੱਲੀਆਂ ਨਾ ਹੋ ਜਾਣ ਜਿਨ੍ਹਾਂ ਸਦਕਾ ਲੰਗਰ ਤਿਆਰ ਹੋਣਾ ਸੀ ਤੇ ਆਪ ਲੱਕੜੀਆਂ ਤੋਂ ਬਾਅਦ ਬਾਹਰ ਆਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਸਾਹਿਬ ਨੂੰ ਕਿਹਾ ਕਿ ਉਹ ਸਿੱਖੀ ਦੇ ਇਮਤਿਹਾਨ ਵਿਚੋਂ ਪਾਸ ਹੋ ਗਏ ਹਨ। ਅੱਗੋਂ ਭਾਈ ਸਾਹਿਬ ਨੇ ਬੇਨਤੀ ਕੀਤੀ ਕਿ ਕ੍ਰਿਪਾ ਬਣਾਈ ਰੱਖਣੀ ਕਿ ਮੇਰੀ ਸਿੱਖੀ ਨਾਲ ਤੋੜ ਨਿਭੇ ਤੇ ਕਦੇ ਵੀ ਸਿੱਖੀ ਤੋਂ ਥਿੜਕਾਂ ਨਾ। ਗੁਰੂ ਸਾਹਿਬ ਨੇ ਆਖਿਆ ਕਿ ਆਪ ਦੀ ਸਿੱਖਿਆ ਪੂਰੀ ਹੋ ਗਈ ਹੈ ਤੇ ਆਪ ਆਪਣੇ ਪਿੰਡ ਵਾਪਸ ਜਾ ਕੇ ਹੁਣ ਸਿੱਖੀ ਦਾ ਪ੍ਰਚਾਰ ਕਰੋ। ਫਿਰ ਵਾਪਸ ਆ ਕੇ ਭਾਈ ਸਾਹਿਬ ਜਿਥੇ ਪਹਿਲਾਂ 'ਸਖੀ ਸਰਵਰ' ਦਾ ਪ੍ਰਚਾਰ ਕਰਦੇ ਸਨ ਫ਼ਿਰ ਸਿੱਖੀ ਦਾ ਪ੍ਰਚਾਰ ਕਰਨ ਲੱਗ ਗਏ। ਆਉਂਦੇ ਜਾਂਦੇ ਲੋਕਾਂ ਨੂੰ ਸਿੱਖੀ ਦੇ ਲੜ ਲਾਉਂਦੇ ਤੇ ਸਿੱਖ ਸੰਗਤਾਂ ਦੀ ਸੇਵਾ ਕਰਦੇ। ਆਪ ਜੀ ਆਸ ਪਾਸ ਤੋਂ ਇਲਾਵਾ ਹੋਰਨਾਂ ਥਾਵਾਂ 'ਤੇ ਜਾ ਕੇ ਪ੍ਰਚਾਰ ਕਰਦੇ ਰਹੇ।

ਭਾਈ ਸਾਹਿਬ ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਿੱਖੀ ਦੇ ਉਲਟ ਹੋਰਨਾਂ ਉਹਨਾਂ ਮੱਤਾਂ ਨੂੰ ਨਹੀਂ ਅਪਣਾਉਣਾ ਚਾਹੀਦਾ ਜੋ ਕਿ ਇਕ ਕਰਮਕਾਂਡ ਹੀ ਬਣ ਕੇ ਰਹਿ ਗਏ ਹੋਣ। ਉਹਨਾਂ ਅੰਦਰ ਅਕਾਲਪੁਰਖ ਨੂੰ ਪਾਉਣ ਦੀ ਸੱਚੀ ਸੁੱਚੀ ਨਾਮ ਜਪਣਾ ਤੇ ਸੇਵਾ ਕਰਨ ਦੀ ਕੋਈ ਗੱਲ ਨਹੀਂ ਮਿਲਦੀ। ਸਿੱਖ ਧਰਮ ਦਾ ਮੁੱਖ ਸਿਧਾਂਤ ਨਾਮ ਜਪਣਾ ਤੇ ਸੇਵਾ ਕਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਤ੍ਵ ਪ੍ਰਸ਼ਾਦਿ ਸੂਯੇ' ਅੰਦਰ ਝੂਠੀਆਂ ਰਸਮਾਂ ਜਾਂ ਕਿਰਿਆ ਕਰਮ ਨੂੰ ਇੰਝ ਵਰਣਨ ਕੀਤਾ ਹੈ:

**ਕੋਊ ਬੁਤਾਨ ਕੋ ਪੂਜਤ ਹੈ ਪਸੂ**
**ਕੋਊ ਮ੍ਰਿਤਾਨ ਜੋ ਪੂਜਨ ਧਾਇਓ ।**
**ਕੂਰ ਕਿਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੇ ਭੇਦੁ ਨਾ ਪਾਇਓ ।।**

ਭਾਈ ਮੰਝ ਸਾਹਿਬ ਜੀ ਨੂੰ ਸਿੱਖੀ ਬਦਲੇ ਬਹੁਤ ਭਾਰੀ ਕੀਮਤ ਚੁਕਾਉਣੀ ਪਈ। ਉਹਨਾਂ ਨੂੰ ਸਿੱਖੀ ਬਦਲੇ ਚਿਰਾਂ ਤੋਂ ਸ਼ਰਧਾ ਅਤੇ ਵਿਸ਼ਵਾਸ ਨਾਲ ਬਣਾਇਆ ਪੀਰ ਖੰਡੇ ਢਾਹੁਣਾ ਪਿਆ, ਆਪਣੇ ਪਸ਼ੂਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਮਰਦਿਆਂ ਤੱਕਿਆ, ਪਿੰਡ ਦੇ ਮੁਖੀ ਅਤੇ ਪੀਰਖੰਡ ਦੇ ਮੁਖੀ ਤੋਂ ਹੱਥ ਧੋਣੇ ਪਏ । ਲੋਕਾਂ ਦੇ ਤਾਹਨੇ ਮਿਹਣੇ ਸੁਣਨੇ ਪਏ। ਇਕ ਵੱਡੇ ਜਿਮੀਦਾਰ ਦੇ ਹੁੰਦਿਆਂ ਆਮ ਵਿਅਕਤੀ ਬਣਕੇ ਦੂਰ ਦੁਰਾਡੇ ਥਾਵਾਂ ਤੋਂ ਲੱਕੜੀਆਂ ਸਿਰ ਉਪਰ ਉਠਾ ਕੇ ਲਿਆਉਣੀਆਂ ਪਈਆਂ। ਇਹ ਸਭ ਕੁੱਝ ਕਰਨ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਖੁਸ਼ ਹੋਏ ਤੇ ਸਿੱਖੀ ਬਖਸ਼ੀ। ਸਾਨੂੰ ਸਿੱਖੀ ਦਾ ਲੇਬਲ ਜਨਮ ਲੈਣ ਸਮੇਂ ਹੀ ਮਿਲ ਗਿਆ। ਕੋਈ ਕੀਮਤ ਨਹੀਂ ਅਦਾ ਕਰਨੀ ਈ। ਇਸ ਲਈ ਤਾਂ ਅਸੀਂ ਅੱਜ ਸਿੱਖੀ ਦਾ ਮਜ਼ਾਕ ਬਣਾ ਛੱਡਿਆ। ਹੇਠ ਲਿਖੀਆਂ ਤੁਕਾਂ ਰਾਹੀਂ ਕੁੱਝ ਸਿੱਖ ਬਣਨ ਦੀ ਗੱਲ ਕੀਤੀ ਗਈ ਹੈ:

ਅੱਜ ਲੋੜ ਹੈ ਹੋਸ਼ 'ਚ ਆਉਣ ਦੀ ਸਿੱਖੋ,
ਸਿੱਖੀ ਮਿਲਦੀ ਹੈ ਕੁੱਝ ਭੇਟ ਕਰਨ ਤੋਂ ਬਾਅਦ ।
ਸਿੱਖੀ ਇੰਨੀ ਸਸਤੀ ਨਹੀਂ ਜੋ ਮਿਲ ਜਾਏ ਭੇਟ
ਬਿਨਾ ਕਰਨ ਤੋਂ ਬਾਅਦ ।
ਸਿੱਖੀ ਸਮਝਣੀ ਹੈ ਤਾਂ ਪੜ ਲਵੋ
ਜੀਵਨ ਭਾਈ ਮੰਝ ਜੀ ਦਾ ।
ਜੇਕਰ ਫ਼ਿਰ ਵੀ ਸਮਝ ਨਾ ਆਏ
ਪੜ੍ਹ ਲੈਣਾ ਜੀਵਨ ਭਾਈ ਤਾਰੂ ਜੀ ਦਾ ।
ਅੱਜ ਦੇ ਜ਼ਮਾਨ ਵਿਚ ਗੁਰੂ
ਜ਼ਿਆਦਾ ਕੁੱਝ ਨਹੀਂ ਮੰਗਦੇ
ਬੱਸ ਮੰਗਦੇ ਨੇ ਇਕ ਮਨ ਬੰਦੇ ਦਾ ।
ਗੁਰੂ ਆਖਦੇ ਨੇ ਜੇਕਰ ਮਨਜ਼ੂਰ ਹੈ ਬੰਦੇ
ਕਹਿਲਾਉਣਾ ਸਿੱਖ ਤੁਸਾਂ ਅਸਾਡਾ ।
ਮਗਰ ਐਵੇਂ ਸਿੱਖ ਨਹੀਂ
ਕਹਿਲਾਈ ਜਾਣਾ।
ਅਸਾਂ ਬੇਇਨਸਾਫ਼ੀ ਨਹੀਂ ਕਰਨੀ
ਉਹਨਾਂ ਸ਼ਹੀਦਾਂ ਨਾਲ ।
ਜਿਨ੍ਹਾਂ ਹੱਸ ਹੱਸ ਕੇ ਬੰਦ ਬੰਦ
ਕਟਵਾਇਆ ਸਾਨੂੰ ਗੁਰੂ ਮੰਨ ਕੇ
ਅਸਾਂ ਸਿੱਖੀ ਦੇ ਦਿੱਤੀ ਉਹਨਾਂ
ਨੂੰ ਆਪਣਾ ਸਿੱਖ ਮੰਨ ਕੇ ।

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿੱਚਮੰਡ ਹਿੱਲ ਸਟ੍ਰੀਟ 113 ਨਿਊਯਾਰਕ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ

ਪ੍ਰਿਤਪਾਲ ਕੌਰ (ਨਿਊਯਾਰਕ 26 ਜੁਲਾਈ)- ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿੱਚਮੰਡ ਹਿੱਲ ਸਟ੍ਰੀਟ 113 ਨਿਊਯਾਰਕ ਵਿਖੇ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜੁਲਾਈ 24 ਨੂੰ ਅਰੰਭ ਕੀਤੇ ਪਾਠ ਦੇ ਭੋਗ ( 26 ਜੁਲਾਈ ) ਦੇ ਉਪਰੰਤ ਦੁਪਹਿਰ 2:00 ਵਜੇ ਤੱਕ ਦੀਵਾਨ ਸਜਾਏ ਗਏ। ਰਾਗੀ ਢਾਡੀ ਜੱਥਿਆ ਨੇ ਰਸ ਭਿਨੀ ਅਵਾਜ਼ ਵਿੱਚ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਹੈਂਡ ਗਰੰਥੀ ਭਾਈ ਜਸਪਾਲ ਸਿੰਘ ਅਤੇ ਭਾਈ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲ਼ਿਆ ਨੇ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਸੰਗਤਾਂ ਨੂੰ ਸਮਰਣ ਕਰਵਾਈ। ਸੰਗਤਾਂ ਨੇ ਵੱਧ ਚੜ ਕੇ ਆਪਣੀ ਹਾਜ਼ਰੀ ਲਗਵਾਈ। ਸੋਸ਼ਲ ਡਿਸਟੈਨਸ ਤੇ ਨਿਯਮਾਂ ਦਾ ਧਿਆਨ ਰੱਖਿਆ ਗਿਆ। ਇਸ ਮੌਕੇ ਤੇ ਲਾਅ ਅਫ ਅਟਰਨੀ ਸੁਖਬੀਰ ਸਿੰਘ ਜੀ ਨੇ ਨਿਊਯਾਰਕ ਸਟੇਟ COVID-AI rent relief ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਗੁਰੂਦੁਆਰਾ ਪ੍ਰਧਾਨ ਸ. ਗੁਰਮੀਤ ਸਿੰਘ ਮਹਿਮਦਪੁਰ , ਚੇਅਰਮੈਨ ਸਤਨਾਮ ਸਿੰਘ ਟਾਹਲੀ , ਜਰਨਲ ਸਕੱਤਰ ਦਲੇਰ ਸਿੰਘ , ਹਿੰਮਤ ਸਿੰਘ ਸਰਪੰਚ, ਰਿੱਪੀ ਟਾਹਲੀ , ਗੁਰਮੇਜ ਸਿੰਘ , ਕੈਸ਼ੀਅਰ ਦਲੀਪ ਸਿੰਘ , ਰਾਜਵਿੰਦਰ ਕੌਰ , ਕੁੱਲਵੰਤ ਕੌਰ (PRO) ਅਤੇ ਸਮੂਹ ਕਮੇਟੀ ਮੈਂਬਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


















ਤਸਵੀਰਾਂ : ਬਲਦੇਵ ਸਿੰਘ ਬੀ. ਜੇ. ਸਟੂਡੀਓ




















# ਗੁਰੂਦੁਆਰਾ ਸਿੱਖ ਕਲਚਰਲ ਸੁਸਾਇਟੀ 95-30-118 ਸਟ੍ਰੀਟ ਰਿਚਮੰਡ ਹਿੱਲ ਨਿਊਯਾਰਕ ਵਿੱਖੇ ਸ਼ਰਧਾ ਨਾਲ ਮਨਾਇਆ ਗਿਆ ਪੰਥ ਦੇ ਮਹਾਨ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ

ਨਿਊਯਾਰਕ ( ਪ੍ਰਿਤਪਾਲ ਕੋਰ) – ਗੁਰੂਦੁਆਰਾ ਸਿੱਖ ਕਲਚਰਲ ਸੁਸਾਇਟੀ ਵਿੱਖੇ ਸਿੱਖ ਯੂਥ ਆਫ਼ ਅਮਰੀਕਾ ਅਤੇ ਸਮੂਹ ਜੱਥੇਬੰਦੀਆ ਵੱਲੋਂ ਪੰਥ ਦੇ ਮਹਾਨ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਜੁਲਾਈ 26, 2020 ਨੂੰ ਬੜੀ ਸ਼ਰਧਾ ਨਾਲ ਮਨਾਇਆ ਗਿਆ। ਪੰਥ ਲਈ ਕੁਰਬਾਨੀਆਂ ਦੇਣ ਵਾਲੇ ਇੰਨਾਂ ਸ਼ਹੀਦਾਂ ਨੂੰ ਸੰਗਤਾਂ ਨੇ ਸ਼ਰਧਾ ਦੇ ਫੁੱਲ ਚੜਾਏ। ਮੀਤ ਪ੍ਰਧਾਨ ਕੁਲਵੰਤ ਸਿੰਘ ਮਿਆਣੀ , ਜਰਨਲ ਸਕੱਤਰ ਬਲਾਕਾ ਸਿੰਘ , ਗੁਰੂਦੁਆਰਾ ਪ੍ਰਧਾਨ ਜਤਿੰਦਰ ਸਿੰਘ ਬੋਪਰਾਏ ਅਤੇ ਸਮੂਰ ਗੁਰੂਦੁਆਰਾ ਕਮੇਟੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕੀਤੀ। ਇਸ ਮੋਕੇ ਤੇ ਗੁਰੂਦੁਆਰਾ ਸਾਹਿਬ ਦੇ ਹੈੱਡ ਗਰੰਥੀ ਭਾਈ ਭੁਪਿੰਦਰ ਸਿੰਘ ਜੀ ਨੂੰ ਸੇਵਾ ਮੁਕਤੀ ਦਿੱਤੀ ਗਈ ਤੇ ਉਹਨਾਂ ਦੁਬਾਰਾ ਨਿਭਾਈਆਂ ਗਈਆ ਸੇਵਾਵਾਂ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਕੇ ਲੰਗਰ ਦਾ ਅਤੁੱਟ ਪ੍ਰਬੰਧ ਸੀ।





ਤਸਵੀਰਾਂ : ਬਲਵਿੰਦਰ ਸਿੰਘ ਮੁਲਤਾਨੀ








ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ




ਸ਼ਹੀਦ ਭਾਈ ਜਨਰਲ ਲਾਭ ਸਿੰਘ



ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ



ਸ਼ਹੀਦ ਭਾਈ ਸੁਖਬੀਰ ਸਿੰਘ ਬਾਦੇ



ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ



ਸ਼ਹੀਦ ਭਾਈ ਪਰਮਿੰਦਰ ਸਿੰਘ ਰਾਜਾਂਵਸ

# ਈਕੋ ਸਿੱਖ ਦੇ ਬਾਨੀ ਤੇ ਚੇਅਰਮੈਨ ਡਾਕਟਰ ਰਾਜਵੰਤ ਸਿੰਘ ਦੀ ਮਾਤਾ ਸਵ: ਸੁਰਿੰਦਰ ਕੋਰ ਦੇ ਜੀਵਨ ਦੇ ਬਾਰੇ ਕੁਝ ਯਾਦਗਾਰੀ ਪਲ

ਵਾਸ਼ਿੰਗਟਨ, 25 ਜੁਲਾਈ ( ਰਾਜ ਗੋਗਨਾ)- ਭਾਰੀ ਦਿਲਾਂ ਨਾਲ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਸਰਦਾਰਨੀ ਸੁਰਿੰਦਰ ਕੌਰ ਬੁੱਧਵਾਰ, 22 ਜੁਲਾਈ, 2020 ਨੂੰ ਅਮਰੀਕਾ ਚ' ਸ਼ਾਂਤਮਈ ਢੰਗ ਨਾਲ ਅਕਾਲ ਚਲਾਣਾ ਕਰ ਗਏ ਸਨ।ਸੁਰਿੰਦਰ ਕੌਰ 1980 ਦੇ ਸ਼ੁਰੂ ਤੋਂ ਵਾਸ਼ਿੰਗਟਨ ਡੀ .ਸੀ ਖੇਤਰ ਵਿੱਚ ਸਿੱਖ ਭਾਈਚਾਰੇ ਦਾ ਹਿੱਸਾ ਰਹੀ ਹੈ। ਉਸ ਦੀ ਜ਼ਿੰਦਗੀ, ਪਟਿਆਲੇ ਤੋਂ ਵਾਇਆ ਕੋਲਕਾਤਾ ਤੋ ਵਾਸ਼ਿੰਗਟਨ ਤੱਕ, ਪਿਆਰ ਅਤੇ ਖੁਸ਼ੀਆ ਵੰਡਦੀ, ਅਜਨਬੀਆਂ ਨੂੰ ਉਸ ਦੇ ਘਰ ਆਉਣ, ਖਾਣਾ ਖੁਆ ?ਣਾ ਅਤੇ ਲੋਕਾਂ ਦੀ ਸੇਵਾ ਕਰਨਾ,ਅਤੇ ਸਾਰਿਆਂ ਨਾਲ ਸਤਿਕਾਰ ਨਾਲ ਪੇਸ਼ ਆਉਣ ਨੂੰ ਸਮਰਪਿਤ ਯਾਤਰਾ ਸੀ। ਉਹਨਾ ਕੋਲ ਕੋਈ ਦਿਖਾਵਾ ਨਹੀਂ ਸੀ ਅਤੇ ਉਹ ਇਕ ਖੁੱਲੀ ਕਿਤਾਬ ਸਨ।ਜੋ ਵੀ ਉਹਨਾ ਮਹਿਸੂਸ ਕੀਤਾ, ਉਸਨੂੰ ਉਹਨਾ ਸਪੱਸ਼ਟ ਕਿਹਾ। ਉਹ ਹਰ ਉਮਰ ਦੇ ਲੋਕਾਂ ਨਾਲ ਮਿਲਦੇ, ਬੱਚਿਆਂ ਨਾਲ ਘੰਟਿਆਂ ਬੱਧੀ ਖੇਡਦੇ ਰਹਿੰਦੇ ਅਤੇ ਨੌਜਵਾਨਾਂ ਅਤੇ ਬਜੁਰਗਾ ਨਾਲ ਘੰਟਿਆਂ ਬੱਧੀ ਗੱਲਾਂ ਕਰਦੇ। ਉਹਨਾ ਅਪਨੀ ਉਮਰ ਦੇ ਸਾਲਾਂ ਦੌਰਾਨ ਲੋਕਾਂ ਨਾਲ ਇੱਕੋ ਜਿਹੇ ਸਬੰਧ ਬਣਾਈ ਰੱਖੇ, ਚਾਹੇ ਉਹ ਕਿਤੇ ਵੀ ਸਨ, ਅਤੇ ਇੱਕ ਬਹੁਤ ਹੀ ਤਿੱਖੀ ਯਾਦ ਦੇ ਮਾਲਕ ਸਨ। 85 ਸਾਲਾਂ ਦੀ ਪੱਕੀ ਉਮਰ ਵਿੱਚ ਵੀ, ਉਹ ਆਪਣੀ ਜ਼ਿੰਦਗੀ ਦੇ ਹਰ ਵੇਰਵੇ ਨੂੰ ਯਾਦ ਕਰਨ ਦੇ ਯੋਗ ਸੀ।ਉਹਨਾ ਦੀ ਜ਼ਿੰਦਗੀ ਦਾ ਮੁੱਖ ਧੁਰਾ ਗੁਰਬਾਣੀ, ਸਿੱਖੀ ਅਤੇ ਪਰਿਵਾਰ ਸੀ ਅਤੇ ਉਹਨਾ ਹਮੇਸ਼ਾਂ ਚੜਦੀ ਕਲਾ ਵਿਚ ਭਾਈਚਾਰੇ ਨੂੰ ਵੇਖਣ ਦੀ ਇੱਛਾ ਜ਼ਾਹਰ ਕੀਤੀ ਸੀ। ਜਿਸ ਕਰਕੇ ਉਹਨਾ ਦੀ ਜ਼ਿੰਦਗੀ ਰੁਝੇਵਿਆਂ ਭਰੀ ਸੇਵਾ ਵਾਲੀ ਰਹੀ ਸੀ। ਹਰ ਕੋਈ ਉਹਨਾ ਦੀ ਸਲਾਹ ਲੈਂਦਾ ਤੇ ਉਸ ਤੇ ਅਮਲ ਕਰਦਾ। ਜੋ ਕਿ ਇਹਨਾ ਦੀ ਨੇਕ-ਨਾਮੀ ਸੀ।ਸੁਰਿੰਦਰ ਕੌਰ ਦਾ ਪਾਲਣ ਪੋਸ਼ਣ ਪਟਿਆਲੇ ਵਿਚ ਕਰਤਾਰ ਕੌਰ ਦੁਆਰਾ ਕੀਤਾ ਗਿਆ, ਜੋ ਮਾਂ ਸੀ ਤੇ 20 ਸਾਲਾਂ ਦੀ ਉਮਰ ਵਿਚ ਚਾਰ ਬੱਚਿਆਂ ਨਾਲ ਉਹ ਵਿਧਵਾ ਬਣ ਗਈ ਸੀ। ਕਰਤਾਰ ਕੌਰ ਨੇ ਆਪਣੀ ਜਿੰਦਗੀ ਸਿਰਫ 8 ਵੀਂ ਜਮਾਤ ਤਕ ਦੀ ਪੜ੍ਹਾਈ ਨਾਲ ਸ਼ੁਰੂ ਕੀਤੀ ਸੀ ।ਪਰ 1940 ਦੇ ਦਹਾਕੇ ਦੇ ਅਰੰਭ ਵਿਚ ਉਹ ਪਹਿਲੀ ਉੱਤਰੀ ਭਾਰਤੀ ਦੀ ਅਬਲਾ ਸੀ ।ਜੋ ਸਰੀਰਕ ਸਿਖਿਆ ਸਿਖਲਾਈ ਦੇਣ ਵਾਲੀ ਪਹਿਲੀ ਉੱਤਰੀ ਭਾਰਤੀ ਦੀ ਔਰਤ ਬਣ ਗਈ ਸੀ।ਉਹ ਆਪਣੇ ਬੱਚਿਆਂ ਨੂੰ ਸੁਤੰਤਰ ਤੌਰ 'ਤੇ ਪਾਲਣ ਪੋਸ਼ਣ ਕਰਨ ਲਈ ਪੈਸੇ ਦੀ ਬਚਤ ਕਰਨ ਲਈ ਹਰ ਰੋਜ਼ ਮੀਲੋ-ਮੀਲ ਪਿੱਛੇ-ਅੱਗੇ ਤੁਰਦੀ ਸੀ। ਆਪਣੀ ਮਾਂ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ, ਉਸਦੇ ਸਾਰੇ ਬੱਚਿਆਂ ਨੇ ਨਿਮਰਤਾ, ਪਿਆਰ ਅਤੇ ਲਗਨ ਦੀਆ ਕਦਰਾਂ ਕੀਮਤਾਂ ਨੂੰ ਦਰਸਾਇਆ, ਜੋ ਸਹਿਜੇ ਹੀ ਸੁਰਿੰਦਰ ਕੌਰ ਵਿੱਚ ਨਜ਼ਰ ਆਉਦਾ ਸੀ।ਪਿੰਡ ਕੰਝਲਾ ਤੋਂ ਡਾ ਬਲਵੰਤ ਸਿੰਘ ਨਾਲ ਵਿਆਹ ਕਰਨ ਤੋਂ ਬਾਅਦ, ਸੁਰਿੰਦਰ ਕੌਰ ਨੇ ਕੰਝਲਾ ਦੇ ਵਸਨੀਕਾਂ ਨੂੰ ਜਿੱਤ ਕੇ , ਹਰ ਕਿਸੇ ਪਿਛੋਕੜ ਵਾਲੇ ਲੋਕਾਂ ਨਾਲ ਸੰਪਰਕ ਬਣਾਉਣ ਦੀ ਆਪਣੀ ਕਾਬਲੀਅਤ ਦਿਖਾਈ। ਜਿਹੜੀ ਉਸ ਦੇ ਸ਼ਹਿਰ ਦੇ ਪਿਛੋਕੜ ਕਾਰਨ ਸ਼ੁਰੂ ਵਿੱਚ ਸ਼ੱਕੀ ਰਹੀ ਸੀ। ਉਹ ਸਾਰੇ ਪਿੰਡ ਦੀ ਪਹਿਲੀ ਨਵ-ਵਿਆਹੀ ਅਬਲਾ ਸੀ ।ਜਿਸ ਨੂੰ ਆਪਣਾ ਚਿਹਰਾ (ਬਿਨਾ ਕਿਸੇ ਭੂਤ ਦੇ) ਦਿਖਾਉਣ ਦੀ ਇਜਾਜ਼ਤ ਦਿੱਤੀ ਗਈ ਸੀ, ਜੋ ਸਿਰਫ ਉਸਦੇ ਸਹੁਰੇ ਪ੍ਰੀਵਾਰ ਕਰਕੇ ਮੁਮਕਿਨ ਹੋਇਆ ਸੀ। ਉਹ ਬਹੁਤ ਮਹੱਤਵ ਰੱਖਦੀ ਸੀ।ਉਸਦੇ ਸੱਸ-ਸਹੁਰੇ ਦਾ ਪਰਿਵਾਰ ਵੀਹਵੀਂ ਸਦੀ ਦੇ ਅਰੰਭ ਵਿਚ, ਸੰਤ ਅਤਰ ਸਿੰਘ ਮਸਤੂਆਣਾ ਦੇ ਨਜ਼ਦੀਕੀ ਸੀ, ਕਿਉਂਕਿ ਉਸਦੇ ਪਰਿਵਾਰ ਦੇ ਬਾਕੀ ਲੋਕਾਂ ਦਾ ਸਿੱਖੀ ਪ੍ਰਤੀ ਜਨੂੰਨ ਉਹਨਾ ਪ੍ਰੇਰਿਤ ਕੀਤਾ ਸੀ।ਬਰਮਾ ਅਤੇ ਬਾਅਦ ਵਿੱਚ ਕੋਲਕਾਤਾ ਵਿਚ ਰਹਿਣ ਦੌਰਾਨ ਸੁਰਿੰਦਰ ਕੌਰ ਅਤੇ ਉਸ ਦੇ ਪਤੀ ਨੇ ਜ਼ਿੰਦਗੀ ਭਰ ਦੋਸਤ ਬਣਾਏ। ਉਨ੍ਹਾਂ ਦਾ ਘਰ ਹਮੇਸ਼ਾ ਹੀ ਸੰਗੀਤ, ਕਵਿਤਾ, ਚੁਟਕਲੇ, ਹਾਸੇ-ਮਜ਼ਾਕ ਦਾ ਸਥਾਨ ਬਣਿਆ ਰਿਹਾ, ਜਿਥੇ ਪੰਜਾਬੀ ਬੀਬੀਆਂ ਦੇ ਸਾਲਾਨਾ ਇਕੱਠ ਤੋਂ ਲੈ ਕੇ , ਨਿਯਮਤ ਕੀਰਤਨ ਦੀਵਾਨਾਂ ਅਤੇ ਪਾਠਾਂ ਤੱਕ ,ਉਸਨੇ ਵਿਸ਼ੇਸ਼ ਤੌਰ 'ਤੇ ਕੀਰਤਨ ਕਲਾਸਾਂ ਦਾ ਪ੍ਰਬੰਧ ਕੀਤਾ ।ਤਾ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸਦੇ ਬੱਚੇ ਬਹੁਤ ਛੋਟੀ ਉਮਰ ਤੋਂ ਹੀ ਕੀਰਤਨ ਸਿੱਖਣ। ਉਹ ਪਿਆਰੀ ਕੁੱਕ ਸੀ ਅਤੇ ਹਰ ਉਸ ਵਿਅਕਤੀ ਨੂੰ ਖਾਣਾ ਖੁਵਾਦੀ ਸੀ, ਜੋ ਉਸਦੇ ਘਰ



ਆਇਆ ਹੁੰਦਾ ਸੀ। ਉਸਨੇ ਆਪਣੇ ਪਤੀ ਦੀ ਡਾਕਟਰੀ ਅਭਿਆਸ ਦੇ ਨਾਲ ਨਾਲ ਰਾਜਨੀਤੀ, ਗੁਰਦੁਆਰੇ, ਕਮਿਨਿਟੀ ਮਾਮਲਿਆਂ ਅਤੇ ਸਭਿਆਚਾਰਕ ਸਮੂਹਾਂ ਵਿੱਚ ਆਪਣੀ ਸ਼ਮੂਲੀਅਤ ਵਿੱਚ ਸਹਾਇਤਾ ਕੀਤੀ ਸੀ। ਜੋ ਹਮੇਸ਼ਾ ਤਾਰੀਫ਼ ਦੇ ਪ੍ਰਤੀਕ ਸਿੱਧ ਹੋਇਆ ਅਮਰੀਕਾ ਚਲੇ ਜਾਣ ਤੋਂ ਬਾਅਦ, ਸੁਰਿੰਦਰ ਕੌਰ ਨੇ ਪਰਿਵਾਰ ਦੀ ਸਥਾਪਨਾ ਲਈ ਸਖਤ ਮਿਹਨਤ ਕੀਤੀ ਅਤੇ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨੂੰ ਸਿੱਖੀ ਨਾਲ ਜੁੜੇ ਰਹਿਣ, ਭਾਈਚਾਰੇ ਅਤੇ ਗੁਰਦੁਆਰੇ ਦੇ ਮਾਮਲਿਆਂ ਵਿਚ ਸ਼ਾਮਲ ਹੋਣ ਅਤੇ ਹਮੇਸ਼ਾਂ ਸਹੀ ਕੰਮ ਕਰਨ ਲਈ ਉਤਸ਼ਾਹਤ ਕੀਤਾ। ਉਸਨੇ ਆਪਣੇ ਬਾਅਦ ਦੇ ਸਾਲਾਂ ਦੌਰਾਨ ਆਪਣੇ ਪਤੀ ਦੀ ਦੇਖਭਾਲ ਕਰਨ ਲਈ ਬਹੁਤ ਹਿੰਮਤ ਅਤੇ ਦ੍ਰਿੜਤਾ ਦਿਖਾਈ । ਜਦੋਂ ਕਿ ਉਹ ਅਲਜ਼ਾਈਮਰ ਤੋਂ ਪੀੜਤ ਸੀ। ਜਦੋਂ ਉਹ ਸੰਸਾਰ ਛੱਡ ਗਏ।ਉਹ ਸੁਤੰਤਰ ਹੋ ,ਆਪਣੀ ਜ਼ਿੰਦਗੀ ਵਿਚ ਸੇਵਾ ਅਤੇ ਹੋਰਾਂ ਦੀ ਦੇਖ-ਭਾਲ ਵਿਚ ਲੱਗੀ ਰਹੀ। ਉਹ ਕਈ ਇਮਾਰਤਾਂ ਵਿਚ ਬਜ਼ੁਰਗ-ਨਾਗਰਿਕਾਂ ਨੂੰ ਭੋਜਨ ਪਹੁੰਚਾਉਣ ਦੇ ਚੱਕਰ ਕਟਦੀ ਅਤੇ ਦੂਸਰਿਆਂ ਨੂੰ ਸਲਾਹ ਦਿੰਦੀ ,ਕਿ ਕਿਵੇਂ ਸਕਾਰਾਤਮਕ ਨਜ਼ਰੀਏ ਨਾਲ ਜ਼ਿੰਦਗੀ ਜੀਣੀ ਹੈ। ਜੋ ਉਹਨਾ ਅਪਨੀ ਜ਼ਿੰਦਗੀ ਦਾ ਨੇਮ ਬਣਾ ਲਿਆ ਸੀ। ਜਿਸ ਕਰਕੇ ਉਹ ਕੁਮਿਨਟੀ ਵਿੱਚ ਬਹੁਤ ਮਸ਼ਹੂਰ ਹੋ ਗੀ ਸੀ। ਦੂਰ ਦੁਰਾਡੇ ਤੋ ਵੀ ਉਹਨਾ ਦੀ ਸਲਾਹ ਲੈਣ ਲੋੜਵੰਦ ਆਉਦੇ ਤੇ ਉਹਨਾ ਦੀ ਸੰਗਤ ਦਾ ਅਨੰਦ ਮਾਣਦੇ।ਸੁਰਿੰਦਰ ਕੌਰ ਪਿਆਰ ਅਤੇ ਰਹਿਮ ਦੀ ਸਦੀਵੀ ਸਮਰੱਥਾ ਰੱਖਦੀ ਸੀ।ਅਕਸਰ ਅਜਨਬੀਆਂ ਨੂੰ ਦੋਸਤ ਬਣਾਉਦੇ ਤੇ ਉਹਨਾ ਨੂੰ ਸਿੱਖੀ ਪ੍ਰਤੀ ਜਾਣਕਾਰੀ ਦਿੰਦੇ ਸਨ। ਲੋੜਵੰਦਾ ਨੂੰ ਇਹ ਜਾਣਕਾਰੀ ਦਿੱਤੀ ਜਾਂਦੀ ਸੀ ,ਕਿ ਹੁਣ ਉਨ੍ਹਾਂ ਦੀ ਇਕ ਨਵੀਂ ਮੰਮੀ ਜਾਂ ਦਾਦੀ ਹੈ ।ਉਨ੍ਹਾਂ ਨੂੰ ਉਹ ਤੋਹਫ਼ੇ ਅਤੇ ਅਸੀਸਾਂ ਦੇ ਕੇ ਖੁਸ਼ੀਆ ਹਾਸਲ ਕਰਦੇ ਸਨ। ਉਸੇ ਪਿਆਰ ਨੂੰ ਆਪਣੇ ਪੌਦਿਆਂ ਤੇ ਵੀ ਲਾਗੂ ਕੀਤਾ! ਉਹਨਾ ਦੀ ਪੌਦਿਆਂ ਪ੍ਰਤੀ ਦਿਲਚਸਪੀ ਨੇ ਬਗ਼ੀਚੇ ਨੂੰ ਹਰਾ ਭਰਾ ਰਖਿਆ ਸੀ ਅਤੇ ਪੌਦੇ ਇੰਨੇ ਵੱਡੇ ਹੋਏ ਕਿ ਉਨ੍ਹਾਂ ਦੇ ਪਿਆਰ ਨਾਲ ਪੇਸ਼ ਆਉਣ ਕਰਕੇ ,ਉਨ੍ਹਾਂ ਨੂੰ ਕੀਰਤਨ ਸੁਣਨ ਲਈ ਮਜਬੂਰ ਕੀਤਾ ।ਜਿਵੇਂ ਉਹ ਵੀ ਉਸ ਦੇ ਆਪਣੇ ਬੱਚੇ ਹੋਣ।ਪਿਛਲੇ 30 ਸਾਲਾਂ ਵਿੱਚ, ਉਹ ਗੁਰੂ ਗੋਬਿੰਦ ਸਿੰਘ ਫਾਊਡੇਸ਼ਨ ਗੁਰੂ ਘਰ ਦੀ ਸੰਗਤ ਵਿੱਚ ਇੱਕ ਵਿਲੱਖਣ ਅਤੇ ਨਿਰੰਤਰ ਸਕਾਰਾਤਮਕ ਥੰਮ ਰਹੇ ਸਨ। ਹਮੇਸ਼ਾਂ ਕਿਸੇ ਚੰਗੇ ਕੰਮ ਲਈ ਦਾਨ ਕਰਕੇ ਅਤੇ ਕਮਜ਼ੋਰ ਲੋਕਾਂ ਦੀ ਸਹਾਇਤਾ ਕਰਕੇ ਆਪਣੀ ਭਾਵਨਾ ਦੀ ਉਦਾਰਤਾ ਦਾ ਪ੍ਰਦਰਸ਼ਨ ਕਰਦੇ ਸਨ। ਉਹਨਾ ਗੁਰਦੁਆਰੇ ਵਿਚ ਅਣਗਿਣਤ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਲਈ ਗੁੱਡੀਆਂ, ਕੰਬਲ ਅਤੇ ਬੱਚਿਆਂ ਦੇ ਕੱਪੜੇ ਵੀ ਬਣਾਏ ਸਨ। ਉਸਨੇ ਕੀਰਤਨ ਜਾਂ ਕੁਝ ਚੰਗਾ ਕਰਨ ਲਈ ਸਾਰੇ ਬੱਚਿਆਂ ਨੂੰ ਉਤਸ਼ਾਹਤ ਕੀਤਾ ਅਤੇ ਛੋਟੇ ਛੋਟੇ ਤੋਹਫੇ ਦਿੱਤੇ ਅਤੇ ਕਮਿਨਿਟੀ ਦੇ ਬਹੁਤ ਸਾਰੇ ਮੈਂਬਰਾਂ ਨੂੰ ,ਉਹਨਾਂ ਦੇ ਸੰਘਰਸ਼ਾਂ ਵਿੱਚ ਸਹਾਇਤਾ ਕਰਨ ਲਈ ਸਹਿਜ ਪਾਠ (ਕਈ ਵਾਰ ਇੱਕ ਸਾਲ ਵਿੱਚ ਕਈ ਵਾਰ ਪਾਠ ਕਰਨ)ਕੀਤੇ ਤੇ ਕਰਨ ਲਈ ਕਿਹਾ, ਸੋਮਵਾਰ ਦੀ ਰਾਤ ਨੂੰ, ਉਹਨਾ ਕਮਿਨਿਟੀ ਦੀ ਇੱਕ ਸ਼ਖ਼ਸੀਅਤ ਦੇ ਸੱਦੇ ਲਈ ਸਹਿਜ ਪਾਠ ਪੂਰਾ ਕੀਤਾ ,ਜੋ ਹਾਲ ਹੀ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਤੋ ਪਹਿਲਾ ਸੀ।ਮੰਗਲਵਾਰ ਸਵੇਰੇ, ਉਹ ਅਚਾਨਕ ਦਿਮਾਗ ਦੇ ਗੰਭੀਰ ਖੂਨ ਨਾਲ ਗ੍ਰਸਤ ਹੋ ਗਏ ਸੀ ਅਤੇ ਬੁੱਧਵਾਰ ਨੂੰ ਉਹਨਾ ਆਪਣਾ ਆਖਰੀ ਸਾਹ ਲਿਆ, ਤੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ , ਗੁਰੂ ਦੀ ਗੋਦ ਵਿੱਚ ਜਾ ਬਿਰਾਜੇ। ਜੋ ਸਾਡੇ ਲਈ ਅਕਹਿ ਸੀ। ਪਰ ਅਕਾਲ ਪੁਰਖ ਦਾ ਨਿਯਮ ਹੈ ਜੋ ਆਇਆ ਉਹ ਚਲ ਸੀ ਸੋ ਭਾਣੇ ਨੂੰ ਮੰਨ ਸਬਰ ਦਾ ਘੁੱਟ ਭਰ ਲਿਆ ਤੇ ਨਿਰੰਤਰ ਜ਼ਿੰਦਗੀ ਵੱਲ ਚਾਲੇ ਪਾ ਲਏ ਸਨ।ਉਹ ਕਦੇ ਵੀ ਨਿਰਭਰ ਜਾਂ ਕਿਸੇ ਉੱਤੇ ਬੋਝ ਨਹੀਂ ਬਣਨਾ ਚਾਹੁੰਦੀ ਸੀ। ਅਜਿਹਾ ਹੀ ਉਹਨਾ ਨਾਲ ਵਾਪਰਿਆਂ ਹੈ।ਉਹਨਾ ਨੂੰ ਹਰ ਉਸ ਵਿਅਕਤੀ ਦੁਆਰਾ ਪਿਆਰ ਕੀਤਾ ਗਿਆ ਸੀ ।ਜੋ ਉਸਦੀ ਛੂਤ ਵਾਲੀ ਮੁਸਕਰਾਹਟ ਕਾਰਨ ਉਸ ਦੇ ਸੰਪਰਕ ਵਿਚ ਆਇਆ ਸੀ। ਜਿਵੇਂ ਹੀ ਲੋਕਾਂ ਨੇ ਉਹਨਾ ਦੇ ਜਾਣ ਬਾਰੇ ਸੁਣਿਆ, ਬਹੁਤ ਸਾਰੇ ਚੀਕ ਪਏ ,ਪਰ ਤੁਰੰਤ ਉਸਦੀ ਨਾ ਭੁੱਲਣ ਵਾਲੀ ਮਿਠਾਸ ਅਤੇ ਸੱਚੀ ਨਿਸ਼ਟਾ ਕਾਰਨ ਹੱਸਣ ਅਤੇ ਮੁਸਕੁਰਾਹਟ ਦਾ ਸਹਾਰਾ ਲੈਂਦੇ ਉਹਨਾ ਦੀਆ ਕਹੀਆਂ ਗੱਲਾਂ ਦਾ ਸਹਾਰਾ ਲੈਂਦੇ ਸਬਰ ਵਿੱਚ ਲਿਪਟ ਗਏ। ਕੁਲ ਮਿਲਾ ਕੇ, ਉਹਨਾ ਦੀ ਜ਼ਿੰਦਗੀ ਦਾ ਸਾਰ ਕੁਝ ਪ੍ਰਮੁੱਖ ਸ਼ਬਦਾਂ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ: ਸਿੱਖੀ, ਪਰਿਵਾਰ, ਸਮਾਜ, ਪਿਆਰ ਅਤੇ ਹਾਸੇ ਜੋ ਜ਼ਿੰਦਗੀ ਦਾ ਹਿੱਸਾ ਹਨ।ਉਹ ਆਪਣੇ 3 ਬੱਚਿਆਂ ਅਮ੍ਰਿਤ ਪਾਲ ਕੌਰ, ਅਰਵਿੰਦਰ ਸਿੰਘ,ਡਾ: ਰਾਜਵੰਤ ਸਿੰਘ ਅਤੇ ਉਨ੍ਹਾਂ ਦੇ ਪਤੀ / ਪਤਨੀ ਹਰਗੁਰਪ੍ਰੀਤ ਸਿੰਘ, ਬਲੂਪ ਕੌਰ ਅਤੇ ਬਲਵਿੰਦਰ ਕੌਰ ਤੋਂ ਇਲਾਵਾ ਦਸ ਪੋਤੇ-ਪੋਤੀਆਂ ਤੇ ਦੋਹਤੇ ਦੋਹਤੀਆਂ ਜਿਨਾ ਵਿੱਚ ਪ੍ਰੀਤ ਅਮ੍ਰਿਤ ਕੌਰ (ਅਤੇ ਉਸਦਾ ਪਤੀ ਜਸਵਿੰਦਰ ਸਿੰਘ), ਹਰਜੋਤ ਸਿੰਘ (ਅਤੇ ਉਸਦੀ ਪਤਨੀ ਸੰਦੀਪ ਕੌਰ), ਰਾਜਦੀਪ ਸਿੰਘ, ਸਹਿਜਨੀਤ ਕੌਰ, ਗੁਰਾਂਸ ਸਿੰਘ ਅਤੇ ਜਪਨੀਤ ਕੌਰ; ਅਤੇ ਰਹਿਮੁਤ ਕੌਰ, ਹਿੰਮਤ ਸਿੰਘ, ਮਹਿਮਾ ਕੌਰ, ਅਤੇ ਗਾਵਨ ਸਿੰਘ ਸ਼ਾਮਲ ਸਨ।ਅੰਤਿਮ ਸੰਸਕਾਰ ਯੂਟਿਊਬ ਤੇ ਸਿੱਧਾ ਪ੍ਰਸਾਰਣ ਲਾਈਵ ਸਟ੍ਰੀਮ ਰਾਹੀਂ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਉਪਲਬਧ ਹੋਵੇਗਾ।

**ਵੱਲੋਂ:- ਰਾਜ ਗੋਗਨਾ ਸੀਨੀਅਰ ਪੱਤਰਕਾਰ ਯੂ.ਐਸ.ਏ**

## ਗੁਰੂ ਘਰ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿਖੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 31 ਜੁਲਾਈ ਤੋ 2 ਅਗਸਤ ਤੱਕ ਮਨਾਇਆ ਜਾਵੇਗਾ

ਨਿਊਯਾਰਕ ( ਰਾਜ ਗੋਗਨਾ)- ਸ਼ਹੀਦੋ ਕੀ ਚਿਤਾਓ ਪਰ ਲਗੇਗੇ ਹਰ ਬਰਸ ਮੇਲੇ , ਵਤਨ ਪਰ ਮਿਟਨੇ ਵਾਲੋ ਕਾ ਯਹੀ ਬਾਕੀ ਨਿਸ਼ਾ ਹੋਗਾ, ਹਿੰਦੋਸਤਾਨ ਦੀ ਆਜਾਦੀ ਲਈ ਫਾਸੀਆਂ ਦੇ ਰੱਸੇ ਚੁੰਮ ਕੇ ਤੇ ਹੱਸ ਕੇ ਆਪਣੇ ਗੱਲ ਵਿੱਚ ਪਾ ਕੇ ਲਾੜੀ ਮੌਤ ਨੂੰ ਵਿਆਹੁਣ ਵਾਲੇ ਅਣਖੀ ਅਜ਼ਾਦੀ ਦੇ ਪਰਵਾਨੇ ਮਹਾਨ ਸ਼ਹੀਦ ਸ: ਊਧਮ ਸਿੰਘ ਜੀ ਸੁਨਾਮ ਦਾ ਸ਼ਹੀਦੀ ਦਿਹਾੜਾ ਮਿੱਤੀ 31ਜੁਲਾਈ ਤੇ 2 ਅਗਸਤ ਦਿਨ ਐਤਵਾਰ ਨੂੰ ਹਰ ਸਾਲ ਦੀ ਤਰ੍ਹਾਂ ਗੁਰੂਦਵਾਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ , ਨਿਊਯਾਰਕ ਦੇ ਸਿੱਖ ਕਲਚਰਲ ਗੁਰਦੁਆਰਾ ਵਿੱਚ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਇਹ ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ ਜੀ ਸਭਾ ਆਫ ਨਿਊਯਾਰਕ ਵੱਲੋਂ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੀ ਪ੍ਰਬੰਧਕ ਕਮੇਟੀ , ਅਤੇ ਸਮੂਹ ਸਭਾ ਸੁਸਾਇਟੀਆਂ ਅਤੇ ਸੰਗਤਾ ਦੇ ਸਾਂਝੇ ਸਹਿਯੋਗ ਨਾਲ ਬੜੀ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ ॥ ਜਿਸਦੇ ਸੰਬੰਧ ਵਿੱਚ 31 ਜੁਲਾਈ ਦਿਨ ਸ਼ੁਕਰਵਾਰ ਨੂੰ ਸਵੇਰੇ 9:30 ਵੱਜੇ ਸਵੇਰੇ ਸ਼ੀ ? ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਐਤਵਾਰ 2 ਅਗਸਤ ਵਾਲੇ ਦਿਨ ਸਵੇਰੇ 9:30 ਤੇ ਸੀ ? ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ।ਉਪਰੰਤ ਦਿਨ ਭਰ ਦੇ ਦੀਵਾਨ ਸ਼ਹੀਦ ਊਧਮ ਸਿੰਘ ਜੀ ਦੀ ਯਾਦ ਵਿੱਚ ਹੋਣਗੇ।ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ ਜਾਣਗੇ।ਹੋਰ ਜਾਣਕਾਰੀ ਲਈ ਆਪ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ। ਗਿਆਨੀ ਭੁਪਿੰਦਰ ਸਿੰਘ ਹੈਡ ਗ੍ਰੰਥੀ 917 -353 -7265, ਸ਼੍ਰ:ਦਵਿੰਦਰ ਸਿੰਘ ਬੋਪਾਰਾਏ ਮੁੱਖ ਸੇਵਾਦਾਰ 718- 909 - 0651, ਸ੍ਰ: ਜਸਵੰਤ ਸਿੰਘ 1 (347)- 249-2473, ਸ਼੍ਰ: ਸਵਿੰਦਰ ਸਿੰਘ ਜੋਸ਼ਨ 1 (347)- 476-7163



## ਭਾਰਤ 'ਚ ਤਬਾਹੀ ਮਚਾਉਣ ਲਈ ਚੀਨ-ਪਾਕਿ ਵੱਲੋਂ ਗੁਪਤ ਸਮਝੌਤਾ, ਜੈਵਿਕ ਯੁੱਧ ਦੀ ਰਚੀ ਸਾਜਿਸ਼

ਨਵੀਂ ਦਿੱਲੀ, 24 ਜੁਲਾਈ: ਦੁਨੀਆਂ ਵਿਚ ਖੂਨੀ ਖੇਡ ਖੇਡਣ ਵਾਲੇ ਪਾਕਿਸਤਾਨ ਅਤੇ ਕੋਰੋਨਾ ਵਾਇਰਸ ਫੈਲਾ ਕੇ ਪੂਰੀ ਦੁਨੀਆਂ ਵਿਚ ਤਬਾਹੀ ਲਈ ਜ਼ਿੰਮੇਦਾਰ ਠਹਿਰਾਏ ਜਾ ਰਹੇ ਚੀਨ ਨੇ ਹੁਣ ਇਕੱਠੇ ਮਿਲ ਕੇ ਭਾਰਤ ਅਤੇ ਪੱਛਮੀ ਦੇਸ਼ਾਂ ਵਿਚ ਬਰਬਾਦੀ ਕਰਨ ਲਈ 3 ਸਾਲ ਦਾ ਗੁਪਤ ਸਮਝੌਤਾ ਕੀਤਾ ਹੈ। ਇਸ ਸਮਝੌਤੇ ਵਿਚ ਕਲਾਕਸੋਨ ਨੇ ਕਈ ਇੰਟੈਲੀਜੈਂਸ ਏਜੰਸੀਆਂ ਦੇ ਹਵਾਲੇ ਤੋਂ ਦੱਸਿਆ ਹੈ ਕਿ ਜੈਵਿਕ ਲੜਾਈ ਸਮਰੱਥਾ ਵਿਸਥਾਰ ਵਿਚ ਘਾਤਕ ਛੂਤ ਏਜੰਟ ਐਂਥਰੇਕਸ (ਇਕ ਤਰ੍ਹਾਂ ਦੀ ਛੂਤ ਦੀ ਬੀਮਾਰੀ) ਸਮੇਤ ਕਈ ਖੋਜ ਪ੍ਰਾਜੈਕਟਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਗੱਲ ਦਾ ਖ਼ੁਲਾਸਾ ਇਕ ਰਿਪੋਰਟ ਵਿਚ ਕੀਤਾ ਗਿਆ ਹੈ, ਜਿਸ ਨੂੰ ਲੈ ਕੇ ਸਕਿਓਰਿਟੀ ਮਾਹਰ ਐਂਥਨੀ ਕਲਾਨ ਨੇ ਇਕ ਆਰਟੀਕਲ ਵੀ ਲਿਖਿਆ ਹੈ।

**ਵੂਹਾਨ ਲੈਬ ਹੀ ਚੁੱਕੇਗੀ ਸਾਰਾ ਖ਼ਰਚ:** ਇਸ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨ ਦੁਨੀਆਂ ਦੀਆਂ ਨਜ਼ਰਾਂ ਖੁਦ ਤੋਂ ਹਟਾ ਕੇ ਜੈਵਿਕ ਲੜਾਈ ਲਈ ਪਾਕਿਸਤਾਨ ਨੂੰ ਕੇਂਦਰ ਬਣਾ ਰਿਹਾ ਹੈ। ਇਸ ਮੁਤਾਬਕ ਵੂਹਾਨ ਦੀ ਜਿਸ ਲੈਬ ਤੋਂ ਕੋਰੋਨਾ ਵਾਇਰਸ ਦੇ ਨਿਕਲਣ ਦਾ ਦਾਅਵਾ ਅਮਰੀਕਾ ਕਰ ਰਿਹਾ ਹੈ, ਉਸ ਨੇ ਪਾਕਿਸਤਾਨ ਨਾਲ ਮਿਲ ਕੇ ਜੈਵਿਕ ਲੜਾਈ ਦੀ ਤਿਆਰੀ ਦੀ ਸਾਜਿਸ਼ ਰਚਣੀ ਸ਼ੁਰੂ ਕਰ ਦਿੱਤੀ ਹੈ। ਨਿਸ਼ਾਨੇ 'ਤੇ ਭਾਰਤ ਦੇ ਇਲਾਵਾ ਪੱਛਮੀ ਦੇਸ਼ ਵੀ ਹੋ ਸਕਦੇ ਹਨ। ਇਨ੍ਹਾਂ ਦੇਸ਼ਾਂ ਨੂੰ ਛੂਤ ਦੀਆਂ ਬੀਮਾਰੀਆਂ ਦਾ ਨਿਸ਼ਾਨਾ ਬਣਾਇਆ ਜਾਵੇਗਾ। ਚੀਨ ਨੇ ਪਾਕਿਸਤਾਨ ਦੇ ਮਾਹਰਾਂ ਨੂੰ ਇਸ ਬਾਰੇ ਵਿਚ ਡਾਟਾ ਅਤੇ ਦੂਜੀ ਜ਼ਰੂਰੀ ਜਾਣਕਾਰੀਆਂ ਉਪਲੱਬਧ ਕਰਾ ਦਿੱਤੀਆਂ ਹਨ। ਇਸ ਖੋਜ ਵਿਚ ਜਿੰਨਾਂ ਵੀ ਖ਼ਰਚ ਹੋਵੇਗਾ, ਉਸ ਨੂੰ ਵੂਹਾਨ ਲੈਬ ਹੀ ਚੁੱਕੇਗੀ। ਇੰਟੈਲੀਜੈਂਸ ਏਜੰਸੀਆਂ ਦੇ ਸੀਨੀਅਰ ਸੂਤਰਾਂ ਨੇ ਕਿਹਾ ਕਿ ਗੁਪਤ ਜੈਵਿਕ ਹਥਿਆਰ ਨੂੰ ਲੈ ਕੇ ਪ੍ਰਾਜੈਕਟ ਤਹਿਤ ਐਂਥਰੇਕਸ ਦੇ ਦੋਹਰੇ ਇਸਤੇਮਾਲ ਨੂੰ ਲੈ ਕੇ ਖੋਜ ਨੂੰ ਅੰਜਾਮ ਦਿੱਤਾ ਜਾਏਗਾ। ਇਸ ਗੁਪਤ ਸਮਝੌਤੇ ਨੇ ਵਧਾਈ ਚਿੰਤਾ: ਇਸ ਰਿਪੋਰਟ ਵਿਚ ਐਂਥਨੀ ਕਲੈਨ ਨੇ ਕਿਹਾ ਹੈ ਕਿ ਵੂਹਾਨ ਲੈਬ ਨੇ ਪਾਕਿਸਤਾਨ ਦੀ ਮਿਲਟਰੀ ਡਿਫੈਂਸ ਸਾਇੰਸ ਐਂਡ ਟੈਕਨਾਲੋਜੀ ਆਰਗੇਨਾਈਜੇਸ਼ਨ ਨਾਲ ਉਭਰਦੀਆਂ ਛੂਤ ਦੀਆਂ ਬੀਮਾਰੀਆਂ 'ਤੇ ਖੋਜ ਅਤੇ ਛੂਤ ਦੀਆਂ ਬੀਮਾਰੀਆਂ ਦੇ ਜੈਵਿਕ ਕਾਬੂ ਲਈ ਸਮਝੌਤਾ ਕੀਤਾ ਹੈ। ਪਾਕਿਸਤਾਨ ਨਾਲ ਚੀਨ ਦੇ ਇਸ ਗੁਪਤ ਸਮਝੌਤੇ ਨਾਲ ਚਿੰਤਾ ਵੱਧ ਗਈ ਹੈ। ਚੀਨ ਕੋਰੋਨਾ ਵਾਇਰਸ ਦੇ ਮੁੱਦੇ 'ਤੇ ਗਲੋਬਲ ਰੂਪ ਤੋਂ ਘਿਰਣ ਦਾ ਸਬਕ ਲੈਂਦੇ ਹੋਏ ਆਪਣੀ ਸਰਹੱਦ ਤੋਂ ਬਾਹਰ ਜੈਵਿਕ ਹਥਿਆਰਾਂ 'ਤੇ ਟੇਸਟਿੰਗ ਕਰਣਾ ਚਾਹੁੰਦਾ ਹੈ। ਰਾਹਤ ਵਾਲੀ ਗੱਲ ਇਹ ਹੈ ਕਿ ਭਾਰਤ ਅਤੇ ਪੱਛਮੀ ਦੇਸ਼ਾਂ ਦੀਆਂ ਇੰਟੈਲੀਜੈਂਸ ਏਜੰਸੀਆਂ ਨੂੰ ਇਸ ਬਾਰੇ ਵਿਚ ਜਾਣਕਾਰੀ ਮਿਲ ਚੁੱਕੀ ਹੈ।

## ਪੰਜਾਬ 'ਚ ਪੁੱਜ ਰਹੇ ਨੇ ਗੈਰ ਕਾਨੂੰਨੀ 'ਹਥਿਆਰ', ਇੰਝ ਹੋ ਰਹੀ ਸਪਲਾਈ

ਲੁਧਿਆਣਾ : ਬੀਤੇ ਸਮੇਂ ਦੌਰਾਨ ਪੰਜਾਬ 'ਚ ਜ਼ੁਰਮ ਦੀਆਂ ਵੱਡੀਆਂ ਵਾਰਦਾਤਾਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਗੈਰ ਕਾਨੂੰਨੀ ਹਥਿਆਰਾਂ ਦਾ ਇਸਤੇਮਾਲ ਕੀਤਾ ਗਿਆ। ਪੰਜਾਬ 'ਚ ਹੋਣ ਵਾਲੀਆਂ 80 ਫ਼ੀਸਦੀ ਵਾਰਦਾਤਾਂ 'ਚ ਹਥਿਆਰਾਂ ਦੀ ਵਰਤੋਂ ਹੋਈ ਹੈ। ਗੈਰ ਕਾਨੂੰਨੀ ਹਥਿਆਰਾਂ ਦੇ ਇਸਤੇਮਾਲ ਦਾ ਗੜ੍ਹ ਮੰਨੇ ਜਾਣ ਵਾਲੇ ਰਾਜਸਥਾਨ, ਯੂ.ਪੀ. ਅਤੇ ਬਿਹਾਰ ਤੋਂ ਬਾਅਦ ਹੁਣ ਪੰਜਾਬ ਦਾ ਨਾਂ ਵੀ ਆਉਣ ਲੱਗਾ ਹੈ। ਸੂਤਰਾਂ ਮੁਤਾਬਕ ਇਹ ਹਥਿਆਰ ਫਰਨੀਚਰ ਅਤੇ ਸਮਾਨ ਸਪਲਾਈ ਕਰਨ ਦੀ ਆੜ 'ਚ ਪੰਜਾਬ ਭੇਜੇ ਜਾ ਰਹੇ ਹਨ, ਜਿਨ੍ਹਾਂ ਦੀ ਵਰਤੋਂ ਕਤਲ, ਡਕੈਤੀ ਅਤੇ ਲੁੱਟ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਕੀਤੀ ਜਾ ਰਹੀ ਹੈ। ਇਨ੍ਹਾਂ ਹਥਿਆਰਾਂ ਨੂੰ ਪੰਜਾਬ 'ਚ ਲਿਆਉਣ ਦਾ ਜ਼ਰੀਆ ਜੇਲ੍ਹਾਂ 'ਚ ਬੰਦ ਖ਼ਤਰਨਾਕ ਅਪਰਾਧੀਆਂ ਨੂੰ ਦੱਸਿਆ ਜਾ ਰਿਹਾ ਹੈ।

**3 ਸਾਲਾਂ 'ਚ ਫੜ੍ਹੇ ਜਾ ਚੁੱਕੇ 1350 ਗੈਰ ਕਾਨੂੰਨੀ ਹਥਿਆਰ**

ਵਿਭਾਗੀ ਸੂਤਰਾਂ ਦੀ ਮੰਨੀਏ ਤਾਂ ਪੰਜਾਬ 'ਚ 6 ਮਹੀਨਿਆਂ 'ਚ 86 ਗੈਰ ਕਾਨੂੰਨੀ ਹਥਿਆਰ ਬਰਾਮਦ ਕੀਤੇ ਜਾ ਚੁੱਕੇ ਹਨ। ਇਨ੍ਹਾਂ 'ਚੋਂ 24 ਹਥਿਆਰ ਲੁਧਿਆਣਾ ਪੁਲਿਸ ਨੇ ਸਿਰਫ 4 ਮਹੀਨਿਆਂ 'ਚ ਬਰਾਮਦ ਕੀਤੇ, ਜਦੋਂ ਕਿ ਪਿਛਲੇ 3 ਸਾਲਾਂ ਦੌਰਾਨ ਪੰਜਾਬ 'ਚ 1350 ਦੇ ਕਰੀਬ ਗੈਰ ਕਾਨੂੰਨੀ ਹਥਿਆਰ ਮਿਲ ਚੁੱਕੇ ਹਨ, ਜਿਨ੍ਹਾਂ ਬਾਰੇ ਖੁਦ ਡੀ. ਜੀ. ਪੀ. ਨੇ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਸੀ।

**ਹਥਿਆਰ ਸਪਲਾਈ ਕਰਨ ਵਾਲਿਆਂ ਤੱਕ ਨਹੀਂ ਪੁੱਜੀ ਪੁਲਿਸ**

ਇਕ ਵੀ ਅਜਿਹਾ ਮਾਮਲਾ ਨਹੀਂ ਹੈ, ਜਿਸ 'ਚ ਪੁਲਿਸ ਅਸਲਾ ਦੇਣ ਵਾਲੇ ਤੱਕ ਪਹੁੰਚੀ ਹੋਵੇ। ਇਨ੍ਹਾਂ ਮਾਮਲਿਆਂ 'ਚ ਫੜ੍ਹੇ ਗਏ ਦੋਸ਼ੀਆਂ ਨੇ ਅਸਲਾ ਬਣਾਉਣ ਵਾਲਿਆਂ ਦੇ ਨਾਮ, ਪਤੇ ਅਤੇ ਹੁਲੀਏ ਤਾਂ ਦੱਸੇ ਪਰ ਯੂ. ਪੀ. ਜਾਂ ਬਿਹਾਰ ਜਾ ਕੇ ਛਾਪੇਮਾਰੀ ਨਹੀਂ ਹੋਈ। ਪੁਲਿਸ ਮੁਤਾਬਕ ਹੁਣ ਤੱਕ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਅਸਲਾ ਡੀਲਰ ਇਕ ਨਹੀਂ ਹਨ। ਇਨ੍ਹਾਂ 'ਚੋਂ ਕੋਈ ਲਖਨਊ ਤੋਂ ਅਸਲਾ ਲਿਆਇਆ ਤਾਂ ਕੋਈ ਬਿਹਾਰ ਤੋਂ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਕਿਹਾ ਕਿ ਇਸ ਸਬੰਧੀ ਡੀ. ਸੀ. ਪੀ. ਡਿਟੈਕਟਿਵ ਦੀ ਅਗਵਾਈ 'ਚ ਇਕ ਟੀਮ ਬਣਾਈ ਗਈ ਹੈ।

**ਇਨ੍ਹਾਂ ਵਾਰਦਾਤਾਂ 'ਚ ਮੰਗਵਾਇਆ ਗਿਆ ਅਸਲਾ**

ਮਈ, 2020 'ਚ ਰਾਹੋਂ ਰੋਡ 'ਤੇ ਮੋਬਾਇਲ ਕਾਰੋਬਾਰੀ ਦਾ ਕਤਲ ਹੋਇਆ, ਜਿਸ 'ਚ ਇਸਤੇਮਾਲ ਕੀਤੇ ਗਏ ਹਥਿਆਰ ਨੂੰ ਯੂ. ਪੀ. ਤੋਂ ਮੰਗਵਾਇਆ ਗਿਆ ਸੀ। ਸਾਲ 2017 'ਚ ਪੁਲਿਸ ਵੱਲੋਂ ਲੁਧਿਆਣਾ ਦੀ ਜਨਾਨੀ ਅੰਮ੍ਰਿਤਪਾਲ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜੋ ਕਿ ਯੂ. ਪੀ. ਤੋਂ ਅੱਤਵਾਦੀਆਂ ਨੂੰ ਗੈਰ ਕਾਨੂੰਨੀ ਹਥਿਆਰ ਮੰਗਵਾ ਕੇ ਦਿੰਦੀ ਸੀ।






ਤਸਵੀਰਾਂ : ਬਲਵਿੰਦਰ ਸਿੰਘ ਮੁਲਤਾਨੀ

ਰਿਚਮੰਡ ਹਿੱਲ ਨਿਊਯਾਰਕ ਵਿਚ ਪੰਜਾਬੀ ਭਾਈਚਾਰੇ ਵੱਲੋਂ ਪਹਿਲਾਂ ਟੀ 20 ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਪਰਮਿੰਦਰ ਸਿੰਘ ਪਿੰਕਾ ਅਤੇ ਲਵਦੀਪ ਸਿੰਘ ਵੱਲੋਂ ਆਯੋਜਿਤ ਕੀਤੇ ਕ੍ਰਿਕਟ ਟੂਰਨਾਮੈਂਟ ਵਿਚ 12 ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਵਿਚ ਰੋਆਇਲ ਨਾਈਟਸ ਕ੍ਰਿਕਟ ਕਲੱਬ ਨੇ ਫਰੈਂਡਜ਼ ਇਲੈਵਨ ਕ੍ਰਿਕਟ ਕਲੱਬ ਨੂੰ 168 ਦੌੜਾ ਨਾਲ ਹਰਾ ਕੇ ਚੈਪੀਅਨਸ਼ਿਪ ਜਿੱਤਿਆ। ਪੰਜਾਬੀ ਭਾਈਚਾਰੇ ਦੇ ਸਹਿਯੋਗ ਤੇ ਉਪਰਾਲੇ ਸਦਕਾ ਇਹ ਟੂਰਨਾਮੈਂਟ ਟੂਰਨਾਮੈਂਟ ਬਹੁਤ ਹੀ ਵਧੀਆ ਤਰੀਕੇ ਸੰਪੂਰਨ ਹੋਇਆ।

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਰਿਚਮੰਡ ਹਿੱਲ ਸਟ੍ਰੀਟ 113 ਨਿਊਯਾਰਕ ਵੱਲੋਂ ਲਗਾਇਆ ਮੈਡੀਕਲ ਕੈਂਪ












PREETNAMA ਪ੍ਰੀਤਨਾਮਾ ਖਰਾ ਸੱਚ
Online and Print Media

ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180
******************
ਜੋਗਾ ਸਿੰਘ
******************************
ਜਸਵਿੰਦਰ ਸਿੰਘ ਨਿਊਜਰਸੀ
******************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
******************************
ਜਤਿੰਦਰ ਸਪਰਾ
******************************
ਜੀ. ਪੀ. ਸਿੰਘ ਪੰਜਾਬ
******************************
ਸੁਖਮੰਦਰ ਬਰਾੜ (ਭਗਤਾ ਭਾਈਕਾ) ਵੈਨਕੂਵਰ,
******************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ▾ਆਧਾਰ ’ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

Preetnamausa@gmail.com
www.preetnama.com

# ਸੰਪਾਦਕੀ ਬੇਰੁਜ਼ਗਾਰੀ ਦੇ ਮਾੜੇ ਹਾਲਾਤ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਪੂਰਨਬੰਦੀ ਦੇ ਬਾਅਦ ਬੇਰੁਜ਼ਗਾਰ ਹੋਏ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਜਿਵੇਂ ਮਰਨ ਦਾ ਪ੍ਰਸ਼ਨ ਖੜ੍ਹਾ ਹੋ ਗਿਆ ਹੈ। ਕਾਰਖਾਨੇ, ਦੁਕਾਨ, ਦਿਹਾੜੀ ਬੰਦ ਹੋਈ ਤਾਂ ਸ਼ਹਿਰਾਂ ਵਿੱਚ ਵੱਡੇ ਪੈਮਾਨੇ ਉਤੇ ਜੀਵਿਕਾ ਦੇ ਸਾਧਨ ਖੋਹੇ ਗਏ। ਅਜਿਹੇ ਵਿੱਚ ਲੋਕਾਂ ਨੂੰ ਆਪਣੇ ਪਿੰਡ ਵਾਪਸ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਸੋ, ਲੱਖਾਂ ਲੋਕ ਇਸ ਉਮੀਦ ਵਿੱਚ ਪਿੰਡਾਂ ਵਿੱਚ ਪਰਤ ਗਏ ਕਿ ਉਥੇ ਪਹੁੰਚ ਕੇ ਘੱਟ ਤੋਂ ਘੱਟ ਆਪਣੇ ਲੋਕਾਂ ਵਿਚਾਲੇ ਰਹਿਣਗੇ, ਉਥੇ ਭੁੱਖੇ ਮਰਨ ਦੀ ਨੌਬਤ ਤਾਂ ਨਹੀਂ ਆਵੇਗੀ, ਪਰ ਉਹ ਵੀ ਇਕ ਛਲਾਵਾ ਸਾਬਤ ਹੋ ਰਿਹਾ ਹੈ। ਪਿੰਡ ਵਿਚਲੀ ਜਿਸ ਬਦਹਾਲੀ ਤੋਂ ਤੰਗ ਆ ਕੇ ਉਹ ਸੁਪਨੇ ਲੈ ਕੇ ਸ਼ਹਿਰ ਗਏ ਸਨ, ਉਹੀ ਉਨ੍ਹਾਂ ਦੇ ਸਾਹਮਣੇ ਮੂੰਹ ਅੱਡੀ ਖੜ੍ਹੀ ਹੋ ਗਈ। ਸਰਕਾਰਾਂ ਨੇ ਉਨ੍ਹਾਂ ਨੂੰ ਸਹਾਰਾ ਦੇਣ ਦੇ ਲਈ ਯੋਜਨਾਵਾਂ ਦੇ ਐਲਾਨ ਕੀਤੇ, ਪਰ ਉਹ ਵੀ ਉਨ੍ਹਾਂ ਦੇ ਕੰਮ ਨਹੀਂ ਆ ਰਹੀਆਂ। ਅੱਜ ਸਥਿਤੀ ਇਹ ਹੈ ਕਿ ਅਸਮ ਦੇ ਕੋਕਰਾਝਾਰ ਦਾ ਇਕ ਪ੍ਰਵਾਸੀ ਮਜ਼ਦੂਰ ਨੂੰ ਪਰਿਵਾਰ ਨੂੰ ਪਾਲਣ ਲਈ ਆਪਣੀ ਨਵਜਾਤ ਬੱਚੀ ਦਾ ਸੌਦਾ ਕਰਨਾ ਪਿਆ ਹੈ। ਹਾਲਾਂਕਿ ਪੂਰਨਬੰਦੀ ਦੇ ਬਾਅਦ ਬੇਰੁਜ਼ਗਾਰੀ ਦੇ ਆਲਮ ਵਿੱਚ ਇਹ ਆਪਣੇ ਤਰ੍ਹਾਂ ਦੀ ਪਹਿਲੀ ਘਟਨਾ ਸਾਹਮਣੇ ਆਈ ਹੈ ਪਰ ਅਸਮ, ਓਡੀਸ਼ਾ, ਝਾਰਖੰਡ ਆਦਿ ਰਾਜਾਂ ਦੇ ਲਈ ਨਵੀਂ ਨਹੀਂ ਹੈ। ਗਰੀਬੀ ਸਹਿਣ ਕਰ ਰਹੇ ਕਈ ਲੋਕਾਂ ਲਈ ਆਪਣੀਆਂ ਬੇਟੀਆਂ ਦਾ ਸੌਦਾ ਕਰਨਾ ਆਸਾਨ ਜ਼ਰੀਆ ਨਜ਼ਰ ਆਉਂਦਾ ਹੈ। ਗਨੀਮਤ ਇਹ ਹੈ ਕਿ ਅਸਮ ਦੀ ਘਟਨਾ ਵਿੱਚ ਸਮੇਂ ਰਹਿੰਦਿਆਂ ਪੁਲਿਸ ਨੂੰ ਸੂਚਨਾ ਮਿਲ ਗਈ ਅਤੇ ਉਸ ਨੇ ਬੱਚੀ ਦੇ ਪਿਤਾ ਅਤੇ ਮਾਨਵ ਤਸਕਰੀ ਵਿੱਚ ਸ਼ਾਮਲ ਦੋ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ। ਗਰੀਬੀ ਅਤੇ ਭੁੱਖਮਰੀ ਸਹਿਣ ਕਰ ਰਹੇ ਇਲਾਕਿਆਂ ਵਿੱਚ ਬੱਚੀਆਂ ਦੀ ਖਰੀਦ-ਵਿਕਰੀ ਅਤੇ ਤਸਕਰੀ ’ਤੇ ਰੋਕ ਲਗਾਉਣਾ ਬਹੁਤ ਵੱਡੀ ਚੁਣੌਤੀ ਹੈ। ਅਨੇਕ ਅਧਿਐਨ ਅਤੇ ਮਨੁੱਖੀ ਅਧਿਕਾਰ ਕਾਰਕੁੰਨ ਸਿਫਾਰਿਸ਼ ਕਰ ਚੁੱਕੇ ਹਨ ਕਿ ਅਸਮ, ਪੱਛਮੀ ਬੰਗਾਲ, ਓਡੀਸ਼ਾ, ਝਾਰਖੰਡ ਦੇ ਕੁਝ ਇਲਾਕਿਆਂ ਵਿੱਚ ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ, ਉਹ ਆਪਣੀਆਂ ਬੱਚੀਆਂ ਨੂੰ ਮਾਨਵ ਤਸਕਰਾਂ ਦੇ ਹੱਥ ਵੇਚਣ ਲਈ ਮਜਬੂਰ ਹੁੰਦੇ ਹਨ। ਪਰ ਅਜਿਹੇ ਪਰਿਵਾਰਾਂ ਦੀ ਪਹਿਚਾਣ ਕਰਕੇ ਉਨ੍ਹਾਂ ਦੇ ਭੋਜਨ ਦੀ ਵਿਵਸਥਾ ਕੀਤੀ ਜਾ ਸਕੇ, ਤਾਂ ਬੱਚਿਆਂ ਦੀ ਤਸਕਰੀ ’ਤੇ ਰੋਕ ਲਗਾਈ ਜਾ ਸਕਦੀ ਹੈ। ਪਰ ਅਜਿਹਾ ਹੋ ਨਹੀਂ ਸਕਿਆ, ਜਿਸ ਦੇ ਚਲਦਿਆਂ ਮਾਨਵ ਤਸਕਰਾਂ ਦਾ ਗਿਰੋਹ ਇਨ੍ਹਾਂ ਇਲਾਕਿਆਂ ਵਿੱਚ ਸਰਗਰਮ ਰਹਿੰਦੇ ਹਨ। ਅਸਮ ਦੇ ਕੋਕਰਾਝਾਰ ਜ਼ਿਲ੍ਹੇ ਦਾ ਮਜ਼ਦੂਰ ਨੇ ਆਪਣੀ ਬੱਚੀ ਨੂੰ ਵੇਚਣ ਦਾ ਕਦਮ ਇਸ ਲਈ ਉਠਾਇਆ ਕਿਉਂਕਿ ਉਸ ਦੀ ਨਵਜਾਤ ਬੱਚੀ ਦੇ ਖਰੀਦਦਾਰ ਸਹਿਜੇ ਹੀ ਉਪਲਬਧ ਸਨ। ਪਰ ਚਿੰਤਾ ਦੀ ਗੱਲ ਇਹ ਹੈ ਕਿ ਉਸ ਨੂੰ ਇਸ ਤਰ੍ਹਾਂ ਦੇ ਕਦਮ ਚੁੱਕਣੇ ਪਏ। ਉਸ ਨੇ ਪਰਿਵਾਰ ਦਾ ਪੇਟ ਪਾਲਣ ਲਈ ਰੁਜ਼ਗਾਰ ਹਾਸਲ ਕਰਨ ਲਈ ਬਹੁਤ ਸਾਰੇ ਯਤਨ ਕੀਤੇ ਪਰ ਕਿਧਰੇ ਵੀ ਕਾਮਯਾਬੀ ਨਹੀਂ ਮਿਲੀ, ਇਸ ਲਈ ਉਹ ਹਤਾਸ਼ ਹੋ ਗਿਆ ਸੀ। ਉਸ ਨੂੰ ਕੋਈ ਕੰਮ ਧੰਦਾ ਮਿਲ ਜਾਂਦਾ ਤਾਂ ਸ਼ਾਇਦ ਇਹ ਕਦਮ ਨਾ ਚੁੱਕਣਾ ਪੈਂਦਾ। ਬੰਦੀ ਦੇ ਬਾਅਦ ਖਾਸ ਕਰਕੇ ਪ੍ਰਵਾਸੀ ਮਜ਼ਦੂਰਾਂ ਦੇ ਲਈ ਭੋਜਨ ਆਦਿ ਲਈ ਸਰਕਾਰਾਂ ਨੇ ਯੋਜਨਾਵਾਂ ਚਲਾ ਰੱਖੀਆਂ ਹਨ। ਪਰ ਅਜਿਹਾ ਕੀ ਹੈ ਕਿ ਉਸ ਮਜ਼ਦੂਰ ਨੂੰ ਆਪਣੇ ਪੇਟ ਭਰਨ ਲਈ ਬੱਚੀ ਵੇਚਣ ਜਿਹਾ ਕਦਮ ਚੁੱਕਣਾ ਪਿਆ। ਇਹ ਅਸਮ ਸਰਕਾਰ ਦੀਆਂ ਤਿਆਰੀਆਂ ’ਤੇ ਵੀ ਸਵਾਲ ਉਠਦਾ ਹੈ। ਹਾਲੇ ਕੋਰੋਨਾ ਸੰਕਟ ਟਲਿਆ ਨਹੀਂ ਹੈ ਅਤੇ ਕਾਰਖਾਨੇ, ਕਾਰੋਬਾਰ ਆਦਿ ਬੇਸ਼ੱਕ ਸ਼ੁਰੂ ਹੋ ਗਏ ਹਨ ਪਰ ਆਰਥਿਕ ਮੰਦੀ ਦੇ ਚਲਦਿਆਂ ਉਨ੍ਹਾਂ ਦੀ ਗਤੀ ਬਹੁਤ ਧੀਮੀ ਬਣੀ ਹੋਈ ਹੈ। ਅਜਿਹੇ ਵਿੱਚ ਰੁਜ਼ਗਾਰ ਦੇ ਸੰਕਟ ਹੋਰ ਗਹਿਰਾਉਣ ਦੇ ਸ਼ੰਕੇ ਹਨ। ਸਰਕਾਰਾਂ ਚਾਹੇ ਜਿੰਨੇ ਮਰਜ਼ੀ ਦਾਅਵੇ ਕਰ ਰਹੀਆਂ ਹੋਣ ਕਿ ਲੋਕਾਂ ਨੂੰ ਸਥਾਨਕ ਪੱਧਰ ਉਤੇ ਰੁਜ਼ਗਾਰ ਪ੍ਰਾਪਤ ਕਰਵਾਏ ਜਾਣਗੇ, ਪਰ ਹਕੀਕਤ ਇਹ ਹੈ ਕਿ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਦੋ ਸਮੇਂ ਦੀ ਰੋਟੀ ਜੁਟਾਉਣ ਦਾ ਵੀ ਕੋਈ ਜ਼ਰੀਆ ਨਹੀਂ ਰਹਿ ਗਿਆ। ਅਜਿਹੇ ਵਿੱਚ ਹਵਾਈ ਐਲਾਨ ਅਤੇ ਖੋਖਲੇ ਵਾਅਦੇ ਛੱਡ ਕੇ ਸਰਕਾਰਾਂ ਨੂੰ ਹਕੀਕਤ ਦਾ ਸਾਹਮਣਾ ਕਰਦੇ ਹੋਏ ਵਿਵਹਾਰਿਕ ਕਦਮ ਚੁੱਕਣੇ ਚਾਹੀਦੇ ਹਨ।

# ਮਨੁੱਖਤਾ ਨੂੰ ਬਚਾਉਣ ਲਈ ਮੌਤ ਦੇ ਸੌਦਾਗਰ ਪਾਕਿਸਤਾਨ ਅਤੇ ਚੀਨ ਦੇ ਗੱਠਜੋੜ ਨੂੰ ਹਰਾਉਣਾ ਹੋਵੇਗਾ

ਪਾਕਿਸਤਾਨ ਕੋਈ ਇਤਿਹਾਸਿਕ ਜਾਂ ਸੰਸਕ੍ਰਿਤਕ ਦੇਸ਼ ਨਹੀਂ ਹੈ। ਪਾਕਿਸਤਾਨ ਉਸ ਧਾਰਮਿਕ ਬੁਨਿਆਦ ’ਤੇ ਬਣਿਆ ਸੀ, ਜਿਹੜਾ ਧਰਮ ਪਾਕਿਸਤਾਨ ਦੀ ਧਰਤੀ ’ਤੇ ਪੈਦਾ ਹੀ ਨਹੀਂ ਹੋਇਆ, ਸਗੋਂ ਬਾਹਰ ਤੋਂ ਆਇਆ ਸੀ। ਦੂਜਾ ਅੰਗ੍ਰੇਜ਼ਾਂ ਦੀ ਬਦਨੀਅਤ ਵੱਡਾ ਕਾਰਨ ਸੀ। ਧਰਮ ਤਬਦੀਲੀ ਵੀ ਇੱਕ ਵੱਡਾ ਕਾਰਨ ਸੀ, ਜਿਸ ਕਰਕੇ ਪਾਕਿਸਤਾਨ ਹੋਂਦ ਵਿੱਚ ਆਇਆ।

ਪਾਕਿਸਤਾਨ ਦੀਆਂ ਤਿੰਨ ਸੰਸਕ੍ਰਿਤਕ ਇਕਾਈਆਂ, ਜਿਨ੍ਹਾਂ ਵਿੱਚ ਬਲੋਚਿਸਤਾਨ, ਸਿੰਧ, ਪਖਤੂਨੀਸਤਾਨ (ਸਰਹੱਦੀ ਸੂਬਾ) ਅਤੇ ਪੀ.ਓ.ਕੇ ਦਾ ਦੱਬਿਆ ਹੋਇਆ ਇਲਾਕਾ ਪਾਕਿਸਤਾਨੀ ਪੰਜਾਬ ਤੋਂ ਆਜ਼ਾਦ ਹੋਣਾ ਚਾਹੁੰਦੇ ਹਨ।

ਚੀਨ ਨੇ ਪਾਕਿਸਤਾਨ ਨੂੰ ਆਰਥਿਕ ਤੌਰ ’ਤੇ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਲੈ ਰੱਖਿਆ ਹੈ। ਪਾਕਿਸਤਾਨ ਬੁਰੀ ਤਰ੍ਹਾਂ ਚੀਨ ਦੇ ਕਰਜ਼ੇ ਵਿੱਚ ਫਸ ਚੁੱਕਾ ਹੈ। ਚੀਨ ਸਾਰੇ ਪਾਕਿਸਤਾਨ ਨੂੰ ਚੀਰ ਕੇ, ਸੀ.ਪੈਕ (ਚਾਈਨਾ ਪਾਕਿਸਤਾਨ ਇਕੋਨੋਮਿਕ ਕੋਰੀਡੋਰ) ਬਣਾ ਰਿਹਾ ਹੈ। ਚੀਨ ਦੀ ਸ਼ਾਹੂਕਾਰੀ ਦੇਖੋ, ਇਸ ਸੜਕ ਉੱਪਰ ਜੋ ਧਨ ਲੱਗ ਰਿਹਾ ਹੈ, ਚੀਨ ਨੇ ਉਹ ਧਨ ਪਾਕਿਸਤਾਨ ਨੂੰ ਉਧਾਰ ਦਿੱਤਾ ਹੈ, ਉਹ ਉਧਾਰ ਲਿਆ ਧਨ ਤਾਂ ਸੜਕ ’ਤੇ ਲੱਗਦਾ ਜਾਂਦਾ ਹੈ, ਉਲਟਾ ਉਸ ਧਨ ਦਾ ਵਿਆਜ਼ ਪਾਕਿਸਤਾਨ ਨੂੰ ਦੇਣਾ ਪੈ ਰਿਹਾ ਹੈ। ਤੁਸੀਂ ਹੈਰਾਨ ਹੋਵੋਗੇ ਇਹ ਜਾਣਕੇ ਕਿ ਇਹ ਸੜਕ ਕਿਸ ਲਈ ਬਣ ਰਹੀ ਹੈ।

1. ਚੀਨ, ਪਾਕਿਸਤਾਨ ਦੇ ਧੁਰ ਦੱਖਣ ਵਿੱਚ ਗਵਾਦਰ ਪੋਰਟ ਬਣਾ ਰਿਹਾ ਹੈ, ਇਹ ਗਵਾਦਰ ਪੋਰਟ ਰਾਹੀਂ ਚੀਨ ਨੂੰ ਖਾੜੀ ਦੇਸ਼ਾਂ ਨਾਲ ਸੜਕੀ ਅਤੇ ਸਮੁੰਦਰੀ ਰਸਤੇ ਰਾਹੀਂ ਵਪਾਰ ਕਰਨਾ ਸੌਖਾ ਹੋ ਜਾਵੇਗਾ।

2. ਬਲੋਚਿਸਤਾਨ ਅਤੇ ਪੀ.ਓ.ਕੇ ਵਿੱਚ ਬਹੁਮੁੱਲੇ ਖਣਿਜ ਭਰੇ ਪਏ ਹਨ, ਇਸ ਸੜਕ ਰਾਹੀਂ ਚੀਨ ਬਹੁਮੁੱਲੇ ਖਣਿਜਾਂ ਨੂੰ ਅਸਾਨੀ ਨਾਲ਼ ਆਪਣੇ ਦੇਸ਼ ਲਿਜਾ ਸਕੇਗਾ। ਜਦੋਂ ਗਵਾਦਰ ਪੋਰਟ ਦਾ ਕਰਜ਼ਾ ਪਾਕਿਸਤਾਨ ਤੋਂ ਨਹੀਂ ਮੁੜਨਾ ਤਾਂ ਚੀਨ ਨੇ ਇਸ ਪੋਰਟ ’ਤੇ ਵੀ ਆਪਣਾ ਕਬਜ਼ਾ ਕਰ ਲੈਣਾ ਹੈ। ਜਿਵੇਂ ਇਸਨੇ ਸ਼੍ਰੀਲੰਕਾ ਦੇ ਹੰਬਨਟੋਟਾ ਪੋਰਟ ’ਤੇ 99 ਸਾਲਾਂ ਲਈ ਕਬਜ਼ਾ ਕੀਤਾ ਹੈ।

ਚੀਨ ਬਹੁਤ ਹੀ ਗਿਰਿਆ ਹੋਇਆ ਦੇਸ਼ ਹੈ, ਇਸਦੇ ਆਪਣੇ ਦੇਸ਼ ਵਿੱਚ ਪੂਰਬੀ ਤੁਰਕੀਸਤਾਨ ਜਿਸਨੂੰ ਸ਼ਿਨਜਿਆਂਗ ਕਹਿੰਦੇ ਹਨ, ਦਾ ਇਲਾਕਾ ਮੁਸਲਿਮ ਬਹੁਗਿਣਤੀ ਵਿੱਚ ਹੈ। ਇਸ ਇਲਾਕੇ ਵਿੱਚ ਤੁਰਕੀ ਨਾਲ਼ ਮਿਲਦਾ ਜੁਲਦਾ ਧਾਰਮਿਕ ਸੱਭਿਆਚਾਰ ਹੈ। ਪਰ ਚੀਨ ਨੇ ਉੱਥੇ, ਲੋਕਾਂ ਦੀ ਧਾਰਮਿਕ ਆਜ਼ਾਦੀ ਨੂੰ ਦਬਾ ਦਿੱਤਾ ਹੈ। ਦਸ ਲੱਖ ਦੇ ਲਗਭਗ ਲੋਕਾਂ ਨੂੰ ਜੇਲ੍ਹਾਂ ਅੰਦਰ ਬੰਦ ਕਰਕੇ ਉਨ੍ਹਾਂ ਦਾ ਬ੍ਰੇਨ ਵਾਸ਼ ਕੀਤਾ ਜਾ ਰਿਹਾ ਹੈ। ਪਰ ਪਾਕਿਸਤਾਨ ਦੇ ਪੀ.ਓ.ਕੇ ਵਿੱਚ ਪਾਕਿਸਤਾਨ ਅਤੇ ਚੀਨ ਇਕੱਠੇ ਹੋ ਗਏ ਹਨ। ਦੋਵੇਂ ਜਣੇ ਕੈਂਪਾਂ ਵਿੱਚ ਅੱਤਵਾਦੀਆਂ ਨੂੰ ਟ੍ਰੇਨਿੰਗ ਅਤੇ ਹਥਿਆਰ ਦੇ ਰਹੇ ਹਨ। ਹੁਣ ਪਾਕਿਸਤਾਨ ਨੇ ਆਪਣੀ ਨੀਤੀ ਬਦਲ ਲਈ ਹੈ। ਪਹਿਲਾਂ ਉਹ ਅੱਤਵਾਦੀਆਂ ਨੂੰ ਤਿਆਰ ਕਰਕੇ, ਭਾਰਤੀ ਕਸ਼ਮੀਰ ਵਿੱਚ ਭੇਜਦਾ ਸੀ, ਪਰ ਹੁਣ ਜਦੋਂ ਤੋਂ ਭਾਰਤ ਨੇ ਪੀ.ਓ.ਕੇ ਵਾਪਸ ਲੈਣ ਦਾ ਐਲਾਨ ਕੀਤਾ ਹੈ, ਪਾਕਿਸਤਾਨ ਅਤੇ ਚੀਨ ਨੇ ਅੱਤਵਾਦੀਆਂ ਨੂੰ ਪਹਾੜੀ ਯੁੱਧ ਕਲਾ ਦੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ ਪੀ.ਓ.ਕੇ ਵਿੱਚ ਭਾਰਤੀ ਸੈਨਾਂ ਦਾ ਮੁਕਾਬਲਾ ਕਰਨ ਲਈ ਕਹਿ ਦਿੱਤਾ ਹੈ। ਕਿਸੇ ਵੀ ਯੁੱਧ ਵਿੱਚ ਇਹ ਜ਼ਰੂਰੀ ਹੁੰਦਾ ਹੈ ਕਿ ਘੱਟੋ-ਘੱਟ ਉਸ ਦੇਸ਼ ਦੇ ਨਾਗਰਿਕ ਉਸ ਦੇਸ਼ ਨਾਲ਼ ਯੁੱਧ ਵਿੱਚ ਮੋਢੇ ਨਾਲ਼ ਮੋਢਾ ਲਾ ਕੇ ਖੜੇ ਹੋਣ। ਪਾਕਿਸਤਾਨੀ ਪੰਜਾਬ ਨੂੰ ਛੱਡ ਕੇ ਬਾਕੀ ਦੀਆਂ ਚਾਰ ਇਕਾਈਆਂ ਦੇ ਲੋਕ ਭਾਰਤ ਨੂੰ ਉਡੀਕ ਰਹੇ ਹਨ, ਤਾਂਕਿ ਭਾਰਤ ਉਨ੍ਹਾਂ ਨੂੰ ਪਾਕਿਸਤਾਨ ਅਤੇ ਚੀਨ ਤੋਂ ਅਜ਼ਾਦੀ ਦਿਵਾਵੇ।

ਪਾਕਿਸਤਾਨ ਦੇ ਲੋਕਾਂ ਨੂੰ ਸਮਝ ਆ ਚੁੱਕਾ ਹੈ, ਕਿ ਪਾਕਿਸਤਾਨ ਆਰਥਿਕ ਤੌਰ ’ਤੇ ਪੂਰੀ ਤਰ੍ਹਾਂ ਦੀਵਾਲੀਆ ਹੋ ਚੁੱਕਾ ਹੈ, ਹੁਣ ਉਹ ਉਨ੍ਹਾਂ ਦੀ ਆਪਣੀ ਹੀ ਧਰਤੀ ਨੂੰ ਚੀਨ ਕੋਲ ਗਹਿਣੇ ਰੱਖਦਾ ਜਾ ਰਿਹਾ ਹੈ। ਇੱਕ ਦਿਨ ਚੀਨ ਉਸਨੂੰ ਸ਼ਿਨ ਜਿਆਂਗ ਵਾਂਗ ਗੁਲਾਮ ਬਣਾ ਲਵੇਗਾ।

ਦੇਖੋ ਸੱਚ ਅਤੇ ਕੁਦਰਤ ਭਾਰਤ ਨਾਲ ਹੈ। ਭਾਰਤ ਨੇ ਪੀ.ਓ.ਕੇ ਵਾਪਸ ਲੈਣ ਦੀ ਠਾਨ ਲਈ ਹੈ, ਜੋ ਕਿ ਇਸਦਾ ਬੁਨਿਆਦੀ ਹੱਕ ਹੈ। ਗਿਲਗਿਟ ਅਤੇ ਬਾਲਟੀਸਤਾਨ ਵੀ ਪੀ.ਓ.ਕੇ ਦਾ ਹਿੱਸਾ ਹਨ। ਅੱਜ ਦੇ ਹਾਲਾਤ ਵਿੱਚ ਚੀਨ ਕੋਵਿਡ-19 ਵਾਇਰਸ ਫੈਲਾਉਣ ਲਈ ਪੂਰੀ ਤਰਾਂ ਜ਼ਿੰਮੇਵਾਰ ਬਣ ਚੁੱਕਾ ਹੈ ਅਤੇ ਸੰਸਾਰ ਵਿੱਚੋਂ ਨਿੱਖੜ ਚੁੱਕਾ ਹੈ। ਚੀਨ ਦਾ ਅਰਥਚਾਰਾ ਵੀ ਪੂਰੀ ਤਰ੍ਹਾਂ ਨਸ਼ਟ ਹੋਣ ਜਾ ਰਿਹਾ ਹੈ। ਚੀਨ ਵਿੱਚ ਅੱਧ ਤੋਂ ਜ਼ਿਆਦਾ ਦੱਬੇ ਹੋਏ ਵੱਖਰੇ ਸੰਸਕ੍ਰਿਤਕ ਇਲਾਕੇ ਹਨ। ਚੀਨ ਹੁਣ ਟੁੱਟਣ ਦੇ ਕੰਢੇ ਉੱਪਰ ਆ ਚੁੱਕਾ ਹੈ। ਦੋ ਜਾਂ ਤਿੰਨ ਦੇਸ਼ਾਂ ਨੂੰ ਛੱਡ ਕੇ ਬਾਕੀ ਵਿਸ਼ਵ ਦੇ ਦੇਸ਼ ਭਾਰਤ ਨਾਲ ਖੜੇ ਹਨ। ਭਾਰਤ ਲਈ ਹੁਣ ਪੀ.ਓ.ਕੇ ਖਾਲੀ ਕਰਵਾਉਣਾ ਇੱਕ ਸੁਨਿਹਰੀ ਮੌਕਾ ਹੈ।

ਚੀਨ, ਦੱਖਣੀ ਚੀਨ ਸਾਗਰ ਵਿੱਚ ਵੀ ਬੁਰੀ ਤਰ੍ਹਾਂ ਘਿਰਿਆ ਹੈ। ਚੀਨ, ਤਾਇਵਾਨ ਨੂੰ ਹੜੱਪਣ ਲਈ ਕਾਹਲਾ ਹੈ। ਪਰ ਤਾਇਵਾਨ ਨੂੰ ਅਮਰੀਕਾ, ਭਾਰਤ ਅਤੇ ਆਸਟ੍ਰੇਲੀਆ ਦਾ ਸਾਥ ਮਿਲ ਚੁੱਕਾ ਹੈ। ਤਾਇਵਾਨ ਇੱਕ ਅਗਾਂਹਵਧੂ, ਆਰਥਿਕ ਤੌਰ ’ਤੇ ਸੰਪੰਨ ਦੇਸ਼ ਹੈ, ਹੁਣ ਵੇਲਾ ਆ ਗਿਆ ਹੈ, ਸੱਚ ਅਤੇ ਇਤਿਹਾਸ ਨੂੰ ਸਾਹਮਣੇ ਰੱਖਦੇ ਹੋਏ ਤਾਇਵਾਨ ਨੂੰ ਪੂਰੇ ਦੇਸ਼ ਦੇ ਤੌਰ ’ਤੇ ਮਾਨਤਾ ਦੇਣੀ ਬਣਦੀ ਹੈ। ਕਿੰਨੀ ਅਨੈਤਿਕ ਗੱਲ ਹੈ ਕਿ ਤਿੱਬਤ ਦੀ ਅੱਧ ਤੋਂ ਜ਼ਿਆਦਾ ਵਸੋਂ ਚੀਨ ਦੇ ਜ਼ੁਲਮਾਂ ਤੋਂ ਬਚ ਕੇ ਭਾਰਤ, ਨੇਪਾਲ ਅਤੇ ਪੱਛਮੀ ਦੇਸ਼ਾਂ ਵਿੱਚ ਸ਼ਰਨ ਲੈ ਕੇ ਬੈਠੀ ਹੈ। ਉਹ ਆਪਣਾ ਪਹਿਲਾਂ ਵਾਲਾ ਆਜ਼ਾਦ ਦੇਸ਼ ਤਿੱਬਤ ਮੰਗ ਰਹੇ ਹਨ। ਸੱਚ ਨੂੰ ਇਤਿਹਾਸ ਦੀ ਕਸਵੱਟੀ ’ਤੇ ਹੀ ਪਰਖਿਆ ਜਾ ਸਕਦਾ ਹੈ, ਜਿਹੜਾ ਤਿੱਬਤੀ ਸ਼ਰਨਾਰਥੀਆਂ ਦੇ ਹੱਕ ਵਿੱਚ ਹੈ। ਤਿੱਬਤੀ ਸ਼ਰਨਾਰਥੀਆਂ ਨੇ ਆਪਣੀ ਜਲਾਵਤਨ ਸਰਕਾਰ ਬਣਾਈ ਹੋਈ ਹੈ, ਜਿਸਨੂੰ ਨੈਤਿਕ ਤੌਰ ’ਤੇ ਸਾਰਾ ਵਿਸ਼ਵ ਸਮਰਥਨ ਦਿੰਦਾ ਹੈ, ਪਰ ਅਧਿਕਾਰਿਕ ਤੌਰ ’ਤੇ ਮਾਨਤਾ ਦੇਣੀ ਬਾਕੀ ਹੈ।

ਜਦੋਂ ਭਾਰਤ ਪੀ.ਓ.ਕੇ ਖਾਲੀ ਕਰਵਾਵੇਗਾ ਤਾਂ ਪਾਕਿਸਤਾਨ ਵਿੱਚ ਇੱਕ ਵੱਡਾ ਘਮਸਾਨ ਪੈ ਜਾਵੇਗਾ। ਉਸਦੀਆਂ ਤਿੰਨ ਸੰਸਕ੍ਰਿਤਕ ਇਕਾਈਆਂ ਅੱਡ ਹੋਣ ਲਈ ਪਾਕਿਸਤਾਨ ਦੇ ਖਿਲਾਫ ਇੱਕ ਵੱਡਾ ਯੁੱਧ ਛੇੜ ਦੇਣਗੀਆਂ। ਪਾਕਿਸਤਾਨ ਦੇ ਟੋਟੇ-ਟੋਟੇ ਹੋ ਜਾਣਗੇ। ਕਿਸੇ ਦੂਜੇ ਦੇ ਮੋਢੇ ’ਤੇ ਬੰਦੂਕ ਰੱਖ ਕੇ ਯੁੱਧ ਨਹੀਂ ਲੜੇ ਜਾਂਦੇ। ਹੁਣ ਪੰਜਾਬ ਲਈ ਵੱਡਾ ਮੌਕਾ ਹੈ ਕਿ ਉਹ ਰਾਵੀ ਤੋਂ ਉਰਲੇ ਪਾਸੇ ਵਾਲੇ ਸਾਰੇ ਇਲਾਕੇ ਉੱਪਰ ਆਪਣਾ ਹੱਕ ਜਿਤਾਵੇ, ਜਿਸ ਵਿੱਚ ਲਾਹੌਰ ਅਤੇ ਮੁਲਤਾਨ ਆਉਂਦੇ ਹਨ।

ਤੁਸੀਂ ਦੱਸੋ ਲਾਹੌਰ ਪੰਜਾਬ ਦੀ ਰਾਜਧਾਨੀ ਹੋਵੇ ਅਤੇ ਲੋਕ ਪੰਜਾਬੀ ਬੋਲਦੇ ਹੋਣ ਤੇ ਉੱਥੇ ਓ-ਅ-ੲ ਨਾ ਪੜਾਇਆ ਜਾਂਦਾ ਹੋਵੇ। ਜਦੋਂ ਪਾਕਿਸਤਾਨ ਨੇ ਲਾਹੌਰ ਵਿੱਚ ਪੰਜਾਬੀ ਭਾਸ਼ਾ ਮਾਰ ਦਿੱਤੀ ਹੋਵੇ, ਤਾਂ ਉਸ ਦਾ ਲਾਹੌਰ ਉੱਪਰ ਕੋਈ ਅਧਿਕਾਰ ਨਹੀਂ ਹੈ। ਲਾਹੌਰ ਦੇ ਵਸਨੀਕ ਸਾਰੇ ਭਾਰਤੀ ਹਨ, ਉਹ ਧਰਮ ਤਬਦੀਲ ਕਰਕੇ ਪਾਕਿਸਤਾਨੀ ਬਣੇ ਹਨ। ਉਨ੍ਹਾਂ ਵਿੱਚੋਂ 40 ਪ੍ਰਤੀਸ਼ਤ ਤਾਂ ਆਜ਼ਾਦੀ ਤੋਂ ਬਾਅਦ ਬਣੇ ਹਨ।

ਪੰਜਾਬੀ ਦੀ ਇੱਕੋ-ਇੱਕ ਲਿਪੀ ਓ-ਅ-ੲ ਹੈ। ਸ਼ਾਹਮੁਖੀ ਇੱਕ ਚੋਰ ਲਿਪੀ ਹੈ। ਪੰਜਾਬੀ ਨੂੰ ਸ਼ਾਹਮੁਖੀ ਵਿੱਚ ਲਿਖਣਾ, ਪੰਜਾਬੀ ਨਾਲ਼ ਵੱਡਾ ਧੋਖਾ ਹੈ। ਆਓ ਮਹਾਰਾਜਾ ਰਣਜੀਤ ਸਿੰਘ ਦੇ ਸੁਪਨੇ ਨੂੰ ਸਾਕਾਰ ਕਰੀਏ, ਲਾਹੌਰ ਅਤੇ ਮੁਲਤਾਨ ਨੂੰ ਓ-ਅ-ੲ ਵਾਲੇ ਪੰਜਾਬ ਵਿੱਚ ਮਿਲਾ ਦੇਈਏ।

ਗੁਰੂ ਬਾਲਮੀਕ ਦਾ ਪਿਤਾ ਵਰੁਣ ਪ੍ਰਚੇਤਾ ਮੁਲਤਾਨ ਦਾ ਰਾਜਾ ਹੋਇਆ ਹੈ। ਪਾਕਿਸਤਾਨ ਖਿਲਾਫ਼, ਭਾਰਤ ਦੀ ਕਾਰਵਾਈ ਬਿਲਕੁਲ ਨੈਤਿਕ ਹੋਵੇਗੀ। ਕਿਉਂਕਿ ਪਾਕਿਸਤਾਨ ਨੇ ਤਾਂ 40 ਸਾਲਾਂ ਤੋਂ ਭਾਰਤ ਦੇ ਖਿਲਾਫ ਪਰਾਕਸੀ ਯੁੱਧ ਛੇੜਿਆ ਹੋਇਆ ਹੈ। ਪਾਕਿਸਤਾਨ ਵਿੱਚ 40 ਸਾਲਾਂ ਤੋਂ ਅੱਤਵਾਦੀ ਤਿਆਰ ਕੀਤੇ ਜਾ ਰਹੇ ਹਨ, ਉਹ ਅੱਤਵਾਦੀ ਭਾਰਤ ਅਤੇ ਅਫਗਾਨਿਸਤਾਨ ਵਿੱਚ ਅੱਤਵਾਦੀ ਕਾਰਵਾਈਆਂ ਕਰਨ ਲਈ ਭੇਜੇ ਜਾਂਦੇ ਹਨ। ਹੁਣ ਭਾਰਤ ਨੂੰ ਪਾਕਿਸਤਾਨ ਵੱਲੋਂ 40 ਸਾਲਾਂ ਤੋਂ ਦਿੱਤੇ ਜਾ ਰਹੇ ਜ਼ਖਮਾਂ ਦਾ ਬਦਲਾ ਲੈਣ ਦਾ ਅਤੇ ਜ਼ਖ਼ਮ ਦੇਣ ਵਾਲੀ ਤਾਕਤ ਨੂੰ ਸਦਾ ਲਈ ਖ਼ਤਮ ਕਰਨ ਦਾ ਨੈਤਿਕ ਅਧਿਕਾਰ ਹੈ।

ਅੱਤਵਾਦ ਦੋ ਤਰ੍ਹਾਂ ਦਾ ਹੁੰਦਾ ਹੈ: ਇੱਕ ਅੱਤਵਾਦ ਉਹ ਹੁੰਦਾ ਹੈ ਜਿਸ ਵਿੱਚ ਲੋਕਾਂ ਨੂੰ ਮਾਰਨ ਲਈ ਬਾਰੂਦ ਦੀ ਵਰਤੋਂ ਕੀਤਾ ਜਾਂਦਾ ਹੈ। ਦੂਜਾ ਅੱਤਵਾਦ ਉਹ ਹੈ, ਜਿਹੜਾ ਪਹਿਲੇ ਨਾਲੋਂ ਵੀ ਖਤਰਨਾਕ ਹੁੰਦਾ ਹੈ, ਉਹ ਹੈ ਲੋਕਾਂ ਨੂੰ ਨਸ਼ੇ ਨਾਲ ਮਾਰਨਾ। ਪਾਕਿਸਤਾਨ, ਭਾਰਤ ਵਿੱਚ ਪਿਛਲੇ 40 ਸਾਲਾਂ ਤੋਂ ਦੋਵੇਂ ਕਿਸਮ ਦੇ ਅੱਤਵਾਦ ਭਾਰਤ ਵਿੱਚ ਚਲਾ ਰਿਹਾ ਹੈ। ਹਰ ਵੇਲੇ, ਹੈਰੋਇਨ ਦੀ ਖੇਪ ਪਾਕਿਸਤਾਨੀ ਸਰਹੱਦ ’ਤੇ ਕਿਉਂ ਫੜੀ ਜਾਂਦੀ ਹੈ ? ਹੈਰੋਇਨ ਦਾ ਧੰਦਾ, ਪਾਕਿਸਤਾਨ ਫੌਜ, ਸਰਕਾਰ ਅਤੇ ਅੱਤਵਾਦੀਆਂ ਦੀ ਮਿਲੀਭੁਗਤ ਨਾਲ਼ ਹੁੰਦਾ ਹੈ। ਹੈਰੋਇਨ ਦੀ ਤਸਕਰੀ ਵਿੱਚੋਂ ਕਮਾਏ ਧਨ ਨੂੰ ਉਹ ਅੱਤਵਾਦੀਆਂ ਦੀ ਟ੍ਰੇਨਿੰਗ ਉੱਪਰ ਖਰਚ ਕਰਦਾ ਹੈ। ਆਓ ਵੇਲਾ ਹੈ, ਇਸ ਮੌਤ ਦੇ ਸੌਦਾਗਰ ਪਾਕਿਸਤਾਨ ਅਤੇ ਚੀਨ ਦੇ ਗੱਠਜੋੜ ਨੂੰ ਸਦਾ ਲਈ ਹਰਾ ਦੇਈਏ। ਇਸਦੇ ਦੋਨੋਂ ਤਰ੍ਹਾਂ ਦੇ ਅੱਤਵਾਦ ਨੂੰ ਹਰਾ ਦੇਈਏ, ਦੇਸ਼ ਅਤੇ ਜਵਾਨੀ ਨੂੰ ਬਚਾਈਏ।

**ਅਮਰ ਗਰਗ ਕਲਮਦਾਨ**
**ਮੋਬਾਇਲ - 98143-41746**
**ਧੰਨਵਾਦ।**
**E-mail : amargargp@gmail.com**

## ਬਰਕਤ

ਤਾਈ ਬੰਸੋ ਦੇ ਬੋਲ ਉੱਸਦੇ ਕੰਨਾਂ ਚ ਵਾਰ-ਵਾਰ ਗੂੰਜ ਰਹੇ ਸਨ , “ ਔਰਤ ਦੀ ਕਮਾਈ ਨਾਲ ਘਰ ਨਹੀਂ ਤੁਰਦੇ, “ ਬਰਕਤ “ ਤਾਂ ਬੰਦੇ ਦੀ ਕਮਾਈ ਚ ਹੁੰਦੀ ਐ ਧੀਏ“ “ ਮਨਜੀਤ ਸਾਰਾ ਮਹੀਨਾ ਪ੍ਰਾਈਵੇਟ ਨੌਕਰੀ ਚ ਹੱਡ ਭੰਨਵੀਂ ਮਿਹਨਤ ਤੋਂ ਬਾਅਦ ਘਰ ਆਉਂਦਿਆਂ ਹੀ ਨਸ਼ਈ ਪਤੀ ਵਲੋਂ ਖੋਹੇ ਗਏ ਪੈਸਿਆਂ ਤੋਂ ਬਾਅਦ ਭਰੀਆਂ ਅੱਖਾਂ ਨਾਲ਼ ਆਪਣੇ ਹੱਥਾਂ ਵਿੱਚੋਂ “ ਬਰਕਤ“ ਵਾਲੀ ਲਕੀਰ ਲੱਭ ਰਹੀ ਸੀ।

**ਪਰਮਜੀਤ ਕੌਰ 8360815955**

## ਸੰਪਾਦਕ ਦੇ ਨਾਮ ਚਿੱਠੀ

ਸਤਿ ਸ੍ਰੀ ਅਕਾਲ ਸ੍ਰ. ਇਕਵਾਕ ਸਿੰਘ ਪੱਟੀ (ਸਿੱਖ ਲੇਖਕ ਅਤੇ ਚਿੰਤਕ) ਜੀ ਦੀ ਹੱਲਾਸ਼ੇਰੀ ਨਾਲ ਮੈਂ ਲਿਖਣਾ ਸ਼ੁਰੂ ਕੀਤਾ ਹੈ, ਅਤੇ ਇਸ ਖੇਤਰ ਵਿੱਚ ਨਵਾਂ ਹਾਂ,ਸ੍ਰ. ਪੱਟੀ ਜੀ ਨੇ ਹੀ ਪ੍ਰੀਤਨਾਮਾ ਅਖ਼ਬਾਰ ਬਾਰੇ ਦੱਸਿਆ ਸੀ ਅਤੇ ਆਪ ਜੀ ਵੱਲੋਂ ਮੇਰੀ ਭੇਜੀ ਗਈ ਰਚਨਾ ‘ਪੂਜਨ ਦੇਵੀਆਂ ਮਰਵਾਉਣ ਧੀਆਂ’ ਪ੍ਰੀਤਨਾਮਾ ਅਖਬਾਰ ਵਿੱਚ ਛਾਪੀ ਗਈ, ਜਿਸ ਦੀ ਕਿ ਮੈਨੂੰ ਅਤੇ ਮੇਰੇ ਪਰਵਾਰ ਨੂੰ ਬਹੁਤ ਖੁਸ਼ੀ ਹੋਈ। ਆਪ ਜੀ ਦਾ ਬਹੁਤ ਬਹੁਤ ਧੰਨਵਾਦ।

**ਹੋਰ ਰਚਨਾਵਾਂ ਵੀ ਭੇਜਦਾ ਰਹਾਂਗਾ।**
**ਧੰਨਵਾਦ ਜੀ।**

# ਸ ਢੀਂਡਸਾ ਵਿਰੁੱਧ ਬਿਆਨ ਬਾਜ਼ੀ ਕਰਨ ਵਾਲੇ ਬੈਂਸ ਕਾਂਗਰਸ ਤੇ ਬਾਦਲਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ : ਭੋਮਾ ਜੰਮੂ

ਚੰਡੀਗੜ੍ਹ : ਬਾਦਲਾਂ ਨੂੰ ਦਿਨ ਪ੍ਰਤੀ ਦਿਨ ਧੂੜ ਚਟਾਉਣ ਵਾਲੇ ਤੇ ਬਾਦਲਾਂ ਦੇ ਕੈਂਪ ਵਿੱਚ ਭੱਗਦੜ ਮਚਾਉੱਣ ਵਾਲੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਦੇਵ ਸਿੰਘ ਢੀਂਡਸਾ ਦੀ ਵਿਰੋਧਤਾ ਕਰਨ ਵਾਲੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸ ਸਿਮਰਜੀਤ ਸਿੰਘ ਬੈਂਸ ਲੁਕਵੇਂ ਤੌਰ ਤੇ ਕਾਂਗਰਸ ਤੇ ਬਾਦਲਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ , ਪੰਜਾਬ ਦੀ ਜਨਤਾ ਨੂੰ ਇਹਨਾਂ ਲੋਕਾਂ ਦੀਆਂ ਚਾਲਾਂ ਤੋਂ ਸੁਚੇਤ ਤੇ ਖ਼ਬਰਦਾਰ ਰਹਿਣਾ ਚਾਹੀਦਾ ਹੈ। ਅੱਜ ਇਹਨਾਂ ਵੀਚਾਰਾਂ ਦਾ ਪ੍ਰਗਟਾਵਾ ਕਰਦਿਆਂ ਸ ਢੀਂਡਸਾ ਦੇ ਨਜ਼ਦੀਕੀ ਸਾਥੀਆਂ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ ਮਨਜੀਤ ਸਿੰਘ ਭੋਮਾ ਅਕਾਲੀ ਆਗੂ ਸਰਬਜੀਤ ਸਿੰਘ ਜੰਮੂ , ਬਲਵਿੰਦਰ ਸਿੰਘ ਖੋਜਕੀਪੁਰ ਕੁਲਦੀਪ ਸਿੰਘ ਪ੍ਰਧਾਨ ਮਜੀਠੀਆਂ ਹਰਸ਼ਰਨ ਸਿੰਘ ਭਾਤਪੁਰ ਜੱਟਾਂ ਤੇ ਲਖਬੀਰ ਸਿੰਘ ਖਾਲਸਾ ਟਾਂਡਾ ਨੇ ਇੱਕ ਸਾਂਝੇ ਬਿਆਨ ਵਿੱਚ ਸ ਸਿਮਰਜੀਤ ਸਿੰਘ ਬੈਂਸ ਵਲੋਂ



सद्कार्यों का अनुसरण करना प्रथा कहलाती है जबकि हम अंधविश्वास का अनुसरण करते हैं तो वह कुप्रथा कहलाती है। समाज में अनेक कुप्रथाएं चल रही है जिनके जाल में फंसकर आम.आदमी अमूल्य समय एवं धन की बर्बादी करने मजबूर होता है ऐसी ही एक कुप्रथा है मृत्युभोज। इस कुप्रथा ने विकराल रूप धारण कर लिया है। विश्व व्यापी कोरोना महामारी के चलते सरकार ने मृत्युभोज के आयोजन पर कठोर प्रतिबंध लगाये है। इन प्रतिबंधों के कारण मृत्युभोज का स्वरूप छोटा हो गया है। मगर यह कुप्रथा पूरी तरह से समाप्त हो इस हेतु जागरूकता आवश्यक है। परिवार के सदस्य के स्वर्गवास पर तेरहवें ;13वें दिन गृह शुद्धि के लिये होने बाले भोज को मृत्युभोज कहते हैं। जिस परिवार में प्रियजन का स्वर्गवास या विछोह ;बिछुड़ना हुआ है उसकी आत्मशांति या सद्गति की कामना के नाम पर होने बाले भोज में हम पकवान खाकर उनकी आत्मशांति की कामना करते है यह भी विचारणीय प्रश्न है परिवार में हुई मृत्यु पर क्या दुखी परिजन मृत्युभोज का आयोजन मन से करते हैं। इस शदी के महान जैन संत आचार्य विद्यासागर जी महाराज की परम विदुषी शिष्या आर्यिका रत्न पूर्णमती माताजी का चातुर्मास सन 2002 में मेरे गृह नगर ऐतिहासिक एवं धार्मिक नगर राघौगढ़ में हुआ था। आर्यिका माता जी ने दिनांक 17 अगस्त 2002 को चातुर्मास के दौरान राघौगढ़ में मृत्युभोज पर प्रवचन करते हुए कहा था कि परिवार में किसी की मृत्यु उपरांत सूतक पातक का विधि विधान धर्म ग्रंथों में है। मृत्यु उपरांत तीन दिन का सूतक रहता है उस समय मंदिर भगवान के दर्शन करने नहीं जाते कारोबार बंद रहता है यहाँ तक कि परिवार में तीन दिन चूल्हा नहीं जलता है। तीन दिन तक पड़ोसी मित्र या रिश्तेदारों के यहाँ से भोजन का इंतजाम किया जाता है।। तीसरे दिन उठावना होता है उठावने में भगवान के दर्शन करने हेतु समाज जन के साथ पीड़ित



परिवार जाता है। मंदिर में चंदन का तिलक लगाया जाता है तथा गंधोदक या चरणामृत दिया जाता है। इसी दिन सामान्य कार्य जैसे कारोबार चालू कराया जाता है। तेरह दिन तक सूतक रहने एवं परिवारजनों को मृतक की याद ने आये इसलिये परिजन तेरह दिन तक साथ रहते हैं। आर्यिका पूर्णमती माताजी ने अपने प्रवचन में कहा एक ओर परिवार में शोक रहने के कारण चूल्हा नहीं जलता दूसरी ओर तेरहवें दिन गृहशुद्धि के नाम पर होने बाले मृत्युभोज में पकवान बनने लगे। इतने लोगों को रोटी बनाना कठिन कार्य था इसलिये यह व्यवस्था समाज ने दी कि पूड़ी.सब्जी बनाकर गृहशुद्धि की जाने लगी। धीरे. धीरे इस कुप्रथा ने विकराल रूप धारण कर लिया पकवान बनने लगे वह भी एक नहीं अनेक। मृत्युभोज में पूरे नगर और आसपास के गाँव बालों को सपरिवार बुलाया जाने लगा। राजस्थान के एक नगर में प्रतिष्ठित परिवार में मृत्युभोज का आयोजन जोर.शोर से किया गया पाँच मिठाई बनवायी गई। भोजन उपरांत दाँतों से अन्न कण निकालने हेतु पत्तल एक सींक भी परोसी गई। उसी नगर में उनके ही समकक्ष परिवार में शोक उपरांत मृत्युभोज का आयोजन किया उन्होंने सात मिठाई बनवायी पत्तल में सींक के स्थान पर एक डण्डा परोसा गया। एक और घटना मृत्युभोज संबंधित है कि भोज के लिये मिठाई जिस कमरे में रखी गई थी उस कमरे में कुत्ता घुस गया। भोज चल रहा था परिवार के सबसे बड़े सदस्य ने कमरे में पहुंचकर कुत्ते पर बांस की डलिया डालकर बंद कर दिया और उस डलिया पर बैठा रहा जब तक भोज पूरा नहीं हुआ। उस परिवार में मृत्युभोज के साथ एक और कुप्रथा जुड़ कि जब भी उस परिवार में मृत्युभोज होता परिवारजन कुत्ता पकड़कर लाते और परिवार का वरिष्ठ सदस्य डलिया कुत्ते पर डालकर बैठता है जब तक भोज समाप्त नहीं हो जाता वह उस पर बैठा रहता है। मृत्युभोज तो एक कुप्रथा है ही उसके साथ अनेक और कुप्रथाएं जुड़ गयी हैं। जिनको सुनकर हमारा सिर शर्म से झुक जाता है।जिसकी आर्थिक स्थिति ठीक नहीं है उसे कर्ज लेकर मृत्युभोज जोर.शोर से आयोजित करने मजबूर किया जाता है उससे कहा जाता है जब तक मृत्युभोज नहीं होगा मृत आत्मा को शांति नहीं मिलेगी अथवा सद्गति नहीं मिलेगी। जिसके परिवार में प्रियजन का स्वर्गवास हुआ है उसी से भोज का आयोजन कराया जाता है। यह कहाँ का सामाजिक न्याय है जहाँ तक मेरी जानकारी है किसी धर्म ग्रंथ में मृत्युभोज का उल्लेख नहीं है। कुछ ग्रंथों में कन्या भोज या ब्राह्मण भोज का उल्लेख मिलता है। मुझे गुना जिले के एक नगर में गृहशुद्धि अथवा मृत्युभोज के कार्यक्रम में विनम्र श्रद्धांजली देने सम्मिलित होने का अवसर मिला। मैंने देखा पूरी समाज को परिवार आमंत्रित किया है। मैंने कुछ प्रबुद्धजनों से चर्चा कर अनुरोध किया आप मृत्युभोज बंद करने समाज में निर्णय लीजिये। इस कुप्रथा पर लगाम लगाने का आग्रह किया।उनका तर्क था समाज में लड़कों विवाह नहीं हो रहे है लड़की का विवाह करने बाहर जाने का प्रचलन हो गया है। अब समाज को सामुहिक भोजन कराने एक मात्र मृत्युभोज ही बचा है आप उसे भी बंद करा रहे हो। उनका तर्क सुनकर में अवाक रह गया। कोरोना वैश्विक महामारी के चलते सरकार ने पहले मृत्युभोज में मात्र 20 लोगों के ही सम्मिलित होने का आदेश जारी किया था। हाल ही मध्यप्रदेश सरकार ने नया आदेश जारी किया है उसमें उल्लेख किया है मृत्युभोज में मात्र 10 व्यक्ति ही सम्मिलित होंगे। मगर देखने में आ रहा है आयोजक सरकार के इस आदेश की अनदेखी कर आयोजन कर रहे है। मृत्युभोज पर रोक लगाने सामाजिक जागृति आवश्यक है।

# व्यायाम करने से सारा दिन रहती है स्फूर्ति



व्यायाम सभी को करना चाहिये। इससे हम फिट रहते हैं। अगर आप हर दिन 30 से 40 मिनट व्यायाम करते हैं तो आप बहुत सी बीमारियों से दूर रहते हैं एक सर्वेक्षण में कहा गया है अगर कोई आदमी 70 साल का है और वह हर रोज व्यायाम करता है तो उसकी उम्र बढ़ जाती है और बीमारियों से भी दूर रहता है। स्वस्थ रहने के लिए यह सबसे बड़ा उपाय है।

**पौष्टिक भोजन**

स्वस्थ रहने के लिए संतुलित आहार की बहुत जरूरत होती है क्योंकि आप जानते हैं ज्यादातर बीमारी गलत आहार से होती है। इसलिए संतुलित आहार को अपनाएं। इसके साथ ही 3 से 5 लीटर पानी पिए। फल और सब्जी भी खाएं खाने को चबाकर खाएं रात में कम खाना कम खाएं किसी भी एक चीज का ज्यादा मात्रा में सेवन ना करें।

**सकारात्मक रहें**

यह आपके जिंदगी का यह एक बहुत ही महत्वपूर्ण पहलू है। लोग इस पर ध्यान कम देते हैं। निराशाजनक माहौल से दूर रहें सोते समय ना सोचे कमाई से अधिक खर्च ना करें किसी से झूठा वादा ना करें जिसको आप पूरा ना कर सके बिना मतलब का कुछ ना सोचें हैं। अच्छे लोगों से मिले हैं और उसे दोस्त करें खूब हंसे और दूसरे को हंसाने की कोशिश करें। दिमाग का सीधा रिश्ता दिल से होता है अगर आप तनाव में रहते हैं तो आपका ब्लड प्रेशर बढ़ता है जिस से बहुत सारी बीमारियां होती हैं जैसे हार्ट अटैक आदि। अपने लाइफस्टाइल को ठीक करें जल्दी सोएं और जल्दी जगे! चिंता, क्रोध, शोक शक और दूसरों से अधिक उम्मीद न करें।

**अच्छी नींद**

वैज्ञानिक मानते हैं कि नींद सबसे बड़ी दवा है आप गौर कीजिए जब आप काम करके बहुत ज्यादा थक जाते हैं। अगर आप गहरी नींद से सोते हैं तो सुबह अपने आप को तरोताजा पाते हैं। इसीलिए कहा जाता है अच्छी नींद का होना बहुत जरुरी है! कम नींद होना या ज्यादा नींद का होना इसका सीधा प्रभाव स्वास्थ्य पड़ता है। वैज्ञानिक अध्ययन से पाया गया है कि 8 घंटा से ज्यादा और 6 घंटे से कम नहीं सोना चाहिए। सोते समय सोचना नहीं चाहिए जिससे आपका नींद खराब होता है और आप सही सोच भी नहीं पाते हैं क्योंकि आप थके हुए होते हैं।

**इलाज करवाने में देरी ना करें**

लोग अपनी बीमारियों को टालने की कोशिश करता है या फिर अपनी बीमारियों को झूठलाता है कि मुझे यह बीमारी नहीं है इसका चयन स्वयं करें। डॉक्टरी सलाह अवश्य लें समय रहते अगर आप डॉक्टर से मिलते हैं तो आप का इलाज कम खर्च में जल्दी हो जाता है।विश्व स्वास्थ संगठन के अनुसार आप हर रोज पांच अलग रंग का फल खाएं। संडे हो या मंडे हर दिन एक अंडा कम से कम खाएं। साफ पानी तीन से 5 मीटर हर दिन पीने की कोशिश करें। दूध का इस्तेमाल करें चाय पीने में दूध का इस्तेमाल होना इसे दूध का सेवन नहीं माना जाता है दूध पिए हैं या दूध से बना हुआ खाना खाएं।

सिर्फ अपने आपको कामनां वयस्त रखना स्वास्थ्य के लिए हानिकारक है। आप काम भी करें साथ ही साथ खुश रहने के लिए अलग.अलग तरीकों को अपनाएं जैसे खेल कूद में भाग लेना फिल्म देखना अपने मनपसंद दोस्त से मिलना घूमने जाना मजाकिया आदत रखना और मनपसंद खाना खाना आदि।

**अपनाएं साफसफाई**

स्वस्थ रहने के लिए हाइजीन का होना बहुत जरूरी है सिर्फ अपने आप को साफ करना बहुत बड़ी बात नहीं है। आप जो समान इस्तेमाल करते हैं उसका भी साफ होना उतना ही जरुरी है और जहां पर आपका खाना पकता है उसका भी साफ होना जरूरी है।

# ब्लैक राइस करता है गंभीर रोगों से बचाव, स्वाद भी

ब्राउन राइस से होने वाले फ़ायदों के बारे में तो हम सभी जानते हैंए लेकिन क्या आप ब्लैक राइस के बारें में जानते है। क्योकि इसके बारें में बहुत कम लोग ही जानते है। लेकिन हम आपको बताते है कि ब्लैक राइस हमारे शरीर के लिए ब्राउन राइस से भी ज्यादा फायदेमंद वाला होता है। ब्लैक राइस में मिलने वाले पौष्टिक तत्व प्रोटीन और एंटी.ऑक्सीडेंट्स काफी मात्रा में पाये जाते है। जो हमारे शरीर में ना जाने कितनी गंभीर बीमारियों से लड़ने में मदद करते है।

**ब्लैक राइस से होने वाले लाभ**

ब्लैक राइस में एंटी.ऑक्सीडेंट्स की भरपूर मात्रा पाई जाती है। जो शरीर के विषाक्त पदार्थों को बाहर निकालनें में सहायक होती है यह शरी को डिटॉक्स कर कई तरह की गंभीर बीमारियों से बचाती है।

**दिल के लिए है लाभदायक**

दिल की बिमारियों से ग्रस्त लोगों के लिये ब्लैक राइस बेहद अच्छा है। शोधों के अनुसार ब्लैक राइस में एंथोसाइनिन पाया जाता हैए जो धमनियों में रक्त प्रवाह को संचारित करने में सहायक होता है। जिससे हार्ट अटैक के ख़तरों को कम करने में मदद मिलती है।

**अल्ज़ाइमर, डायबिटीज़ और कैंसर में फ़ायदेमंद**

मधुमेह, अल्ज़ाइमर के अलावा शारीरिक रूप से कमज़ोर लोगों के लिये ब्लैक राइस काफी फायदेमंद वाला होता है। इसके अलावा यह कैंसर से बचाव के लिए भी काफी फ़ायदेमंद वाला होता है।

**प्रोटीन और आयरन की भरपूर मात्रा**

ब्लैक राइस दूसरे चावल की अपेक्षा सबसे अधिक प्रोटीन वाला होता है। इसमें आयरन की भरपूर मात्रा पाई जाती है जो शरीर को ताकत प्रदान करती है।

**स्तन कैंसर से बचाता है**

ब्लैक राइस में फ़ाइबर भी काफी मात्रा पाया जाता है। जिससे पाचनक्रिया को मजबूत बनाये रखने में मदद करता है। इसके साथ ही यह शरीर में होने वाले पोषक तत्वों की कमी को पूरा करके ब्रेस्ट कैंसर जैसे खतरों से बचाता है।

शरीर में सूजन–ब्लैक राइस का सेवन करने से पाचन क्रिया सही रहती है जिससे लीवर में होने वाली सूजन और दर्द की समस्या से राहत मिलती।

वज़न कम होता है

ब्लैक राइस फाइबर की मात्रा होने से यह शरीर के वजन को कम करने में सहायक होता है।

इस तरह से मिलने वाले फायदों को देखकर आप जल्द ही इसे अपनी डाइट में शामिल करे। ये सेहत के लिए काफ़ी फायदेमंद है।

# आजकल कम उम्र में हो रही घुटनों की समस्या

आजकल कम उम्र में भी घुटनों में दर्द की समस्या यह समस्या सामने आ रही है पर घुटनों का यह दर्द कोई सामान्य दर्द नहीं है बल्कि इसके कई गंभीर कारण हो सकते हैं। पहले के जमाने में घुटनों में दर्द को बढ़ती उम्र की निशानी समझा जाता था। कई गंभीर कारण हो सकते हैं जिससे उम्र से पहले ही घुटने खराब हो रहे हैं।

मोटापा–समय से पहले घुटनों में दर्द होने का एक कारण मोटापा भी है। शरीर का वजन बढ़ने का सबसे ज्यादा असर घुटनों पर ही पड़ता है। जब जरूरत से ज्याजा वजन घुटनों पर पड़ने लगता है तो जोड़ों में दर्द होने लगता है। इस दर्द से छुटकारा पाने के लिए जरूरी है कि अपनी उम्र के हिसाब से वजन रखा जाए।

**मांसपेशियों में बदलाव**

मांसपेशियों में बदलाव होने के कारण भी उम्र से पहले ही जोड़ों में दर्द होने की समस्या बढ़ सकती है। 20 से 60 साल की आयु के बीच में मांसपेशियां तकरीबन 40 फीसदी तक सिकुड जाती है। उनमें शक्ति कम होने लगती हैं। जब हम चलते है या फिर शारीरिक क्रियाएं करते हैं तो कुल्हों और टांगों की मांसपेशियां शरीर का भार उठाती हैं। मगर उम्र के साथ मांसपेशियों में बदलाव होने लगता है। उनकी क्षमता कम होती जाती है। इसके कारण टांगों पर अधिक दबाव पड़ता है। यही वजह है कि हमारे घुटनों में दर्द होने लगता है।

**ऑस्टियोपोरोसिस**

ये बीमारी आजकल 20 से 30 वर्ष की आयु के करीब 14 प्रतिशत लोगों में आम देखने को मिल रही है। इसमें बीमारी में शरीर की हड्डियों की रक्षा करने वाले कार्टिलेज टूट जाते हैं। जब हड्डियों को मजबूत करने वाले तत्व टूट जाते हैं तो उनमें दर्द होना शुरू हो जाता है और हड्डियां टूटने लगती हैं।

**अर्थराइटिस**

पुराने जमाने में अर्थराइटिस की समस्या केवल बड़े लोगों में ही देखने को मिलती थी। मगर आजकल छोटे बच्चे भी इस बीमारी के शिकार है। अर्थराइटिस होने का खतरा सबसे ज्यादा महिलाओं को होता है। अर्थराइटिस होने पर भी उम्र से पहले ही शरीर में दर्द होने लगता है।

**ज्यादा सोडा वाली ड्रिंक पीना पड़ सकता है भारी**

अच्छी सेहत के लिए हड्डियों की सेहत का बेहतर होना जरूरी है पर आपकी कुछ गलतियां आपकी हड्डियों की दुश्मन हो सकती हैं। आधुनिक जीवनशैली हमारे स्वास्थ्य के साथ.साथ हमारी हड्डियों पर भी भारी पड़ रही हैं। जाने.अनाजने हमें उन चीजों की आदत पड़ जाती है जो हमारी सेहत के लिए बिल्कुल भी ठीक नहीं हैं। इन्हीं में शामिल है अत्यधिक सोडा वाले पेय पदार्थों का सेवन। ये पेय हड्डियों की सेहत को खतरे में डाल रहे हैं।

जरूरत से ज्यादा सोडा वाली ड्रिंक्स हड्डियों के लिए खतरनाक साबित हो सकती हैं। अध्यान में सामने आया है कि हड्डियों को कैफीन और सोडा ड्रिंक में मौजूद फास्फोरस से नुकसान पहुंचता है। टीवी या कंप्यूटर के आगे देर तक बैठना. लंबे समय तक टीवी या कंप्यूटर के आगे बैठे रहने से आपकी हड्डियों को नुकसान पहुंच सकता है। जब आप लंबे समय तक एक ही जगह बैठे रहते हैं तो आपके शरीर में ज्यादा मूवमेंट नहीं होती जिससे हड्डियों पर विपरीत प्रभाव पड़ता है। वहीं व्यायाम करने से हड्डियां मजबूत होती हैं। साइकिल चलाना. यह सही है कि साइकिल चलाने से दिल और फेफड़े मजबूत होते हैं लेकिन इससे हड्डियों का फायदा नहीं होता है। दरअसल साइकिल चलाने से हड्डियों की डेंसिटी पर फर्क नहीं पड़ता। अगर आप साइकिल चलाने के शौकीन हैं तो आपको साइकिल चलाने के साथ.साथ भाग.दौड़ डांसिंग स्विमिंग जैसी गतिविधियों पर भी ध्यान देना चाहिए।

# अधिक मोटापा भी आपके लिए अत्याधिक नुक्सानदेह



अधिक मोटापा भी शरीर के लिए नुकसानदेह हो जाता है। इससे मस्तिष्क पर असर कर सकती है। शोधकर्ताओं के अनुसार मोटापे से जीवन में आगे चलकर आपकी मस्तिष्क की क्षमता में गिरावट आने की आशंका रहती है। शोधकर्ताओं ने 250 लोगों पर शोध किया जिनकी उम्र 60 से 70 के बीच थी। इस शोध में उन लोगों को लेकर पहचान परीक्षण किया गया जिनके शरीर के वजन और लंबाई का अनुपात यानी बीएमआई ज्यादा था और कमर औसत से बहुत चौड़ी थी। इस परीक्षण में पाया गया कि मोटे लोगों की चीजें पहचानने की क्षमता पर असर ज्यादा पड़ता है। वहीं शरीर पर चढ़ी अधिक चर्बी मस्तिष्क की कार्य क्षमता को भी खराब कर सकती है।

**पहचानने की क्षमता पर विपरीत प्रभाव**

अगर जीवन जीने के तौर तरीकों को बदला जाए तो इसमें मदद मिल सकती है। इस शोध में 60 और उससे अधिक उम्र के लोगों में चर्बी के स्तर और चीजों को पहचानने की क्षमता के बीच संबंध होने पर अध्ययन किया गया। इस शोध में शामिल होने वाले लोगों का बीएमआई टेस्ट किया गया और जिनका बीएमआई ज्यादा होने के साथ.साथ पेट पर अधिक चर्बी थी उनकी चीजें पहचानने की क्षमता पर विपरीत प्रभाव देखा गया।

मोटापा और उसमें भी खासतौर पर शरीर के मध्य भाग पर जमे मोटापे की रोकथाम लोगों के चीजों को पहचानने की क्षमता या मतिभ्रम को रोकने के लिए अहम हो सकती है।

65 से ज्यादा उम्र के हर तीन में से एक व्यक्ति की मौत मतिभ्रम से होगी लेकिन इस खतरे को कम करने के लिए कई उपाय किए जा सकते है।इन उपायों में संतुलित आहार अपने वजन का ध्यान रखना नियमित रुप से कसरतए रक्तचाप और कोलेस्ट्रोल की जांच शामिल है जिससे इस बीमारी से बचा जा सकता है।

# ਇਸ ਪੱਤਰਕਾਰ ਦੀ ਜਾਨ ਇੱਕ ਦਰਸ਼ਕ ਨੇ ਇੰਝ ਬਚਾਈ

ਵਾਸ਼ਿੰਗਟਨ : ਕਹਿੰਦੇ ਹਨ ਕਿ ਨਜ਼ਰ-ਨਜ਼ਰ ਦਾ ਖੇਡ ਹੁੰਦਾ ਹੈ, ਕਿਸੇ ਨੂੰ ਬਹੁਤ ਕੁਝ ਦਿਖ ਜਾਂਦਾ ਹੈ ਤੇ ਕਿਸੇ ਨੂੰ ਕੁਝ ਨਹੀਂ ਦਿਖਦਾ। ਪਰ ਜੇ ਕਿਸੇ ਦੀ ਨਿਗਾਹ ਇਸ ਕਦਰ ਪੈਨੀ ਹੋਵੇ ਕਿ ਉਹ ਸਰੀਰ ਦੇ ਅੰਦਰ ਪੈਦਾ ਹੋ ਰਹੀ ਬਿਮਾਰੀ ਨੂੰ ਪਛਾਣ ਲਏ, ਉਹ ਵੀ ਟੀਵੀ ਵਿੱਚ ਦਿਖ ਰਹੇ ਸ਼ਖ਼ਸ ਦੀ...ਤਾਂ ਤੁਸੀਂ ਇਸ ਨੂੰ ਇੱਕ ਅਜੂਬਾ ਹੀ ਕਹੋਗੇ। ਅਮਰੀਕਾ ਦੇ ਟੀਵੀ ਚੈਨਲ 'ਚ ਕੰਮ ਕਰਨ ਵਾਲੀ ਵਿਕਟੋਰੀਆ ਪ੍ਰਾਈਸ ਨੇ ਆਪਣੀ ਇੱਕ ਦਰਸ਼ਕ ਦਾ ਧੰਨਵਾਦ ਕੀਤਾ ਹੈ ਕਿ ਕਿਉਂਕਿ ਉਨ੍ਹਾਂ ਦੀ ਦਰਸ਼ਕ ਨੇ ਉਨ੍ਹਾਂ ਨੂੰ ਡਾਕਟਰੀ ਜਾਂਚ ਕਰਵਾਉਣ ਦੀ ਗੁਜ਼ਾਰਿਸ਼ ਕੀਤੀ ਸੀ। ਵਿਕਟੋਰੀਆ ਨੇ ਸੋਸ਼ਲ ਮੀਡੀਆ 'ਤੇ ਦੱਸਿਆ, "ਇੱਕ ਦਰਸ਼ਕ ਨੇ ਮੈਨੂੰ ਪਿਛਲੇ ਮਹੀਨੇ ਈ-ਮੇਲ ਕੀਤਾ। ਉਨ੍ਹਾਂ ਨੇ ਮੇਰੀ ਗਰਦਨ ਉੱਤੇ ਇੱਕ ਗੰਢ ਦੇਖੀ ਤੇ ਕਿਹਾ ਕਿ ਇਹ ਗੰਢ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਉਨ੍ਹਾਂ ਦੇ ਸੀ।" "ਉਨ੍ਹਾਂ ਦੀ ਗੰਢ ਕੈਂਸਰ ਦੀ ਸੀ ਤੇ ਪਤਾ ਚੱਲਿਆ ਹੈ ਕਿ ਮੇਰੀ ਗੰਢ ਵੀ ਕੈਂਸਰ ਦੀ ਹੀ ਹੈ।" ਇਹ ਲਿਖਦੇ ਹੋਏ ਵਿਕਟੋਰੀਆ ਪ੍ਰਾਈਸ ਨੇ ਦੱਸਿਆ ਕਿ ਉਹ ਆਪਣੇ ਇਲਾਜ ਲਈ ਮੈਡੀਕਲ ਲੀਵ ਉੱਤੇ ਜਾ ਰਹੇ ਹਨ। ਦਰਅਸਲ ਦਰਸ਼ਕ ਨੇ ਈ-ਮੇਲ ਵਿੱਚ ਲਿਖਿਆ ਸੀ, "ਹੈਲੋ, ਮੈਂ ਹੁਣੇ-ਹੁਣੇ ਤੁਹਾਡੀ ਨਿਊਜ਼ ਰਿਪੋਰਟ ਦੇਖੀ। ਮੈਨੂੰ ਤੁਹਾਡੀ ਗਰਦਨ ਉੱਤੇ ਦਿਖ ਰਹੀ ਗੰਢ ਨੂੰ ਦੇਖ ਕੇ ਫ਼ਿਕਰ ਹੋ ਰਹੀ ਹੈ। ਕਿਰਪਾ ਕਰਕੇ ਆਪਣਾ ਥਾਇਰਡ ਚੈੱਕ ਕਰਵਾਓ। ਇਹ ਦੇਖ ਕੇ ਮੈਨੂੰ ਆਪਣੀ ਗਰਦਨ ਦੀ ਗੰਢ ਚੇਤੇ ਆ ਗਈ। ਮੇਰੀ ਗੰਢ ਕੈਂਸਰ ਵਾਲੀ


INSTA/VICTORIA PRICE

ਨਿਕਲੀ ਸੀ। ਸਾਵਧਾਨ ਰਹੋ।" ਵਿਕਟੋਰੀਆ ਨੇ ਆਪਣੇ ਟਵੀਟ ਦੇ ਨਾਲ ਜਿਹੜੀ ਤਸਵੀਰ ਸ਼ੇਅਰ ਕੀਤੀ ਸੀ। ਇੱਕ ਸ਼ਖ਼ਸ ਨੇ ਉਸ ਉੱਤੇ ਕੁਮੈਂਟ ਕੀਤਾ ਕਿ ਉਨ੍ਹਾਂ ਨੂੰ ਤਾਂ ਤਸਵੀਰ ਵਿੱਚ ਕੋਈ ਗੰਢ ਨਹੀਂ ਦਿਖ ਰਹੀ ਅਤੇ ਉਹ ਇਸ ਬਾਰੇ ਥੋੜ੍ਹੀ ਹੋਰ ਜਾਣਕਾਰੀ ਦੇਣ। ਇਸ 'ਤੇ ਵਿਕਟੋਰੀਆ ਨੇ ਲਿਖਿਆ, "ਮੈਂ ਸਹਿਮਤ ਹਾਂ। ਇਹ ਇੰਨੀ ਆਸਾਨੀ ਨਾਲ ਨਹੀਂ ਦਿਖ ਰਹੀ ਅਤੇ ਜਦੋਂ ਤੱਕ ਕੋਈ ਧਿਆਨ ਨਾਲ ਨਹੀਂ ਦੇਖਦਾ ਉਦੋਂ ਤੱਕ ਇਹ ਦਿਖਦੀ ਵੀ ਨਹੀਂ। ਇਸ ਸਕਰੀਨਸ਼ੌਟ ਵਿੱਚ ਤੁਸੀਂ ਹੋਰ ਚੰਗੀ ਤਰ੍ਹਾਂ ਦੇਖ ਸਕਦੇ ਹੋ। ਇਸ ਬਾਰੇ ਅਜੇ ਹੋਰ ਪਤਾ ਕਰ ਰਹੀ ਹਾਂ, ਪਰ ਡਾਕਟਰ ਨੇ ਕਿਹਾ ਹੈ ਕਿ ਟਿਊਮਰ ਮੇਰੇ ਥਾਇਰਡ ਦੇ ਵਿਚਾਲੇ ਹੈ। ਇਹ ਗਲੈਂਡਸ ਨੂੰ ਅੱਗੇ ਅਤੇ ਉੱਤੇ ਵੱਲ ਧੱਕ ਰਿਹਾ ਹੈ, ਇਸ ਲਈ ਥੋੜ੍ਹਾ ਬਾਹਰ ਨਿਕਲਿਆ ਹੋਇਆ ਦਿਖ ਰਿਹਾ ਹੈ।" ਵਿਕਟੋਰੀਆ ਨੇ ਦੱਸਿਆ ਕਿ ਟਿਊਮਰ ਕੱਢਣ ਲਈ ਸੋਮਵਾਰ ਨੂੰ ਉਨ੍ਹਾਂ ਦਾ ਇੱਕ ਆਪਰੇਸ਼ਨ ਹੋਵੇਗਾ।

**ਦਰਸ਼ਕ ਦਾ ਧੰਨਵਾਦ ਕੀਤਾ**

ਵਿਕਟੋਰੀਆ ਨੇ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਵੀ ਉਸ ਦਰਸ਼ਕ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ 8 ਵਜੇ ਅਸੀਂ ਤੁਹਾਡੇ ਸਾਹਮਣੇ ਹੁੰਦੇ ਹਾਂ, ਦਰਸ਼ਕਾਂ ਨੂੰ ਜਾਣਕਾਰੀ ਦੇਣ ਲਈ। ਪਰ ਇਹ ਰੋਲ ਉਸ ਸਮੇਂ ਬਦਲ ਗਿਆ ਜਦੋਂ ਇੱਕ ਦਰਸ਼ਕ ਨੇ ਮੈਨੂੰ ਇਹ ਸਭ ਦੱਸਿਆ। ਉਨ੍ਹਾਂ ਨੇ ਕਿਹਾ ਕਿ ਉਹ ਇਸ ਲਈ ਬਹੁਤ ਜ਼ਿਆਦਾ ਸ਼ੁਕਰਗੁਜ਼ਾਰ ਹਨ। ਰਿਪੋਰਟਰ ਨੇ ਦੱਸਿਆ ਕਿ ਕੋਰੋਨਾਵਾਇਰਸ ਮਹਾਂਮਾਰੀ ਨੂੰ ਕਵਰ ਕਰਨ 'ਚ ਉਹ ਕਿੰਨੀ ਮਸਰੂਫ਼ ਹੋ ਗਈ ਕਿ ਉਨ੍ਹਾਂ ਨੇ ਆਪਣੀ ਹੀ ਸਿਹਤ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਨ੍ਹਾਂ ਨੇ ਕਿਹਾ, "ਇੱਕ ਪੱਤਰਕਾਰ ਦੇ ਤੌਰ 'ਤੇ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਤੋਂ ਮੈਂ ਬਿਨਾਂ ਰੁਕੇ ਕੰਮ ਕੀਤਾ। ਲਗਾਤਾਰ ਆ ਰਹੀ ਜਾਣਕਾਰੀ ਦੇ ਲਈ ਲਗਾਤਾਰ ਸ਼ਿਫ਼ਟ ਕੀਤੀ।" ਵਿਕਟੋਰੀਆ ਨੇ ਇੱਕ ਆਰਟੀਕਲ ਵਿੱਚ ਲਿਖਿਆ, "ਡਾਕਟਰਾਂ ਨੇ ਦੱਸਿਆ ਕਿ ਟਿਊਮਰ ਉਨ੍ਹਾਂ ਦੀ ਗਰਦਨ ਦੇ ਵਿਚਾਲੇ ਦੇ ਹਿੱਸੇ ਤੋਂ ਦੂਜੇ ਵੱਲ ਫ਼ੈਲ ਰਿਹਾ ਹੈ ਅਤੇ ਥਾਇਰਡ ਦੇ ਕੋਲੋਂ ਇਸ ਨੂੰ ਸਰਜਰੀ ਰਾਹੀਂ ਕੱਢਣ ਦੀ ਲੋੜ ਹੈ।" ਉਨ੍ਹਾਂ ਇੱਕ ਪੋਸਟ ਪਾਈ, "ਜੇ ਮੈਨੂੰ ਕਦੇ ਉਹ ਈ-ਮੇਲ ਨਾ ਮਿਲਦਾ, ਤਾਂ ਮੈਂ ਡਾਕਟਰ ਕੋਲ ਨਾ ਜਾਂਦੀ। ਕੈਂਸਰ ਸ਼ਾਇਦ ਫ਼ੈਲਦਾ ਰਹਿੰਦਾ। ਇਹ ਹਿਲਾ ਦੇਣ ਵਾਲਾ ਖ਼ਿਆਲ ਹੈ।" "ਮੈਂ ਹਮੇਸ਼ਾ ਉਸ ਔਰਤ ਦੀ ਸ਼ੁਕਰਗੁਜ਼ਾਰ ਰਹਾਂਗੀ, ਜਿਨ੍ਹਾਂ ਨੇ ਮੈਨੂੰ ਲਿਖਣ ਦਾ ਜ਼ਹਿਮਤ ਚੁੱਕੀ। ਉਹ ਮੈਨੂੰ ਨਿੱਜੀ ਤੌਰ ਉੱਤੇ ਬਿਲਕੁਲ ਨਹੀਂ ਜਾਣਦੇ ਸੀ। ਉਨ੍ਹਾਂ ਨੇ ਇਹ ਸਭ ਦੱਸਣ ਦੀ ਲੋੜ ਨਹੀਂ ਸੀ, ਪਰ ਫ਼ਿਰ ਵੀ ਉਨ੍ਹਾਂ ਨੇ ਦੱਸਿਆ। ਇਸ ਦਾ ਮਤਲਬ ਹੈ ਕਿਸੇ ਦਾ ਤੁਹਾਡੇ ਨਾਲ ਹੋਣਾ...ਹੈ ਨਾ?" ਥਾਇਰਡ ਕੈਂਸਰ ਮਰਦਾਂ ਦੇ ਮੁਕਾਬਲੇ ਔਰਤਾਂ ਵਿੱਚ ਵੱਧ ਹੁੰਦਾ ਹੈ। ਵਿਕਟੋਰੀਆ ਨੇ ਦੱਸਿਆ ਕਿ ਅਮਰੀਕਾ ਵਿੱਚ ਇਸ ਸਾਲ ਇਸ ਤਰ੍ਹਾਂ ਦੇ ਕੈਂਸਰ ਦੇ ਕਰੀਬ 75% ਮਾਮਲੇ ਔਰਤਾਂ ਵਿੱਚ ਦਰਜ ਕੀਤੇ ਗਏ। ਉਨ੍ਹਾਂ ਨੇ ਔਰਤਾਂ ਨੂੰ ਇਸ ਦਾ ਧਿਆਨ ਰੱਖਣ ਦੀ ਸਲਾਹ ਦਿੱਤੀ ਅਤੇ ਉਮੀਦ ਜਤਾਈ ਕਿ ਉਹ ਇੱਕ ਹਫ਼ਤੇ ਅੰਦਰ ਕੰਮ 'ਤੇ ਪਰਤ ਆਉਣਗੇ।

**ਸਟਾਰ ਜਿਨ੍ਹਾਂ ਨੂੰ ਦਰਸ਼ਕਾਂ ਨੇ ਬਚਾਇਆ**

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਿਸੇ ਪੈਨੀ ਨਜ਼ਰ ਵਾਲੇ ਦਰਸ਼ਕ ਨੇ ਇੱਕ ਟੀਵੀ ਪ੍ਰਜ਼ੈਂਟਰ ਨੂੰ ਮਦਦਗਾਰ ਮੈਡੀਕਲ ਸਲਾਹ ਦਿੱਤੀ ਹੋਵੇ। 2018 ਵਿੱਚ ਸਾਬਕਾ ਲਿਵਰਪੂਲ ਡਿਫ਼ੈਂਡਰ ਅਤੇ ਫ਼ੁੱਟਬਾਲ ਕੁਮੈਂਟੇਟਰ ਮਾਰਕ ਲਾਰੇਂਸਨ ਨੇ ਇੱਕ ਡਾਕਟਰ ਦਾ ਸ਼ੁਕਰੀਆ ਅਦਾ ਕੀਤਾ ਸੀ। ਜਿਨ੍ਹਾਂ ਨੇ ਉਨ੍ਹਾਂ ਨੂੰ ਬੀਬੀਸੀ ਵਨ ਦੇ ਫੁੱਟਬਾਲ ਫੋਕਸ ਸ਼ੋਅ ਉੱਤੇ ਦੇਖਣ ਤੋਂ ਬਾਅਦ ਉਨ੍ਹਾਂ ਦਾ ਕੈਂਸਰ ਡਾਇਗਨੋਸ ਕੀਤਾ। 2013 ਵਿੱਚ ਅਮਰੀਕੀ ਕੇਬਲ ਟੀਵੀ ਨੈੱਟਵਰਕ ਦੇ ਇੱਕ ਹੋਸਟ ਤਾਰੇਕ ਅਲ ਮੂਸਾ ਨੂੰ ਇੱਕ ਨਰਸ ਨੇ ਫਲਿਪ ਓਰ ਫਲੌਪ ਹੋਮ ਰਿਕੰਸਟ੍ਰਕਸ਼ਨ ਪ੍ਰੋਗ੍ਰਾਮ ਵਿੱਚ ਦੇਖਿਆ ਸੀ ਅਤੇ ਉਨ੍ਹਾਂ ਦੀ ਗਰਦਨ ਦੀ ਇੱਕ ਗੰਢ ਨੂੰ ਲੈ ਕੇ ਉਨ੍ਹਾਂ ਨੂੰ ਸਾਵਧਾਨ ਕੀਤਾ ਸੀ। ਨਰਸ ਰਿਆਨ ਰੀਡ ਨੇ ਐੱਨਬੀਸੀ ਨੂੰ ਕਿਹਾ ਸੀ, "ਮੈਨੂੰ ਲੱਗਿਆ ਕਿ ਮੈਨੂੰ ਇਸ ਬਾਰੇ ਤੁਹਾਨੂੰ ਦੱਸਣਾ ਚਾਹੀਦਾ ਹੈ।" ਤਾਰੇਕ ਨੂੰ ਸਟੇਜ 2 ਦਾ ਥਾਇਰਡ ਕੈਂਸਰ ਸੀ ਅਤੇ ਇਲਾਜ ਤੋਂ ਬਾਅਦ ਉਹ ਠੀਕ ਹੋ ਗਏ ਸਨ।

# ਕਾਰਗਿਲ ਜੰਗ ਦੀ ਕਹਾਣੀ, ਪਾਕਿਸਤਾਨੀ ਫ਼ੌਜ ਨੂੰ ਰੋਟੀ ਖਵਾਉਣ ਵਾਲੇ ਇੱਕ ਬੰਦੇ ਦੀ ਜ਼ੁਬਾਨੀ

ਨਵੀਂ ਦਿੱਲੀ : (ਸ਼ੁਮਾਇਲਾ ਜਾਫ਼ਰੀ): "ਮਈ 1999 ਵਿੱਚ ਇੱਕ ਦਿਨ ਮੈਂ ਗਿਲਗਿਟ ਦੇ ਪਿੰਡ ਜਗਲੋਟ ਨੇੜਿਓਂ ਲੰਘ ਰਿਹਾ ਸੀ। ਮੈਂ ਦੇਖਿਆ ਕਿ ਕੁਝ ਲੋਕ ਕਾਰਾਕੋਰਮ ਹਾਈਵੇਅ ਕਿਨਾਰੇ ਖੜ੍ਹੇ ਹੋ ਕੇ ਪਾਕਿਸਤਾਨੀ ਫ਼ੌਜ ਦੇ ਹੱਕ 'ਚ ਨਾਅਰੇ ਲਗਾ ਰਹੇ ਸਨ। ਇੱਕ ਹਸਪਤਾਲ ਵਿੱਚ ਅਜਿਹੇ ਲੋਕਾਂ ਨੂੰ ਵੀ ਦੇਖਿਆ ਜੋ ਜ਼ਖਮੀ ਸੈਨਿਕਾਂ ਨੂੰ ਖ਼ੂਨ ਦੇਣ ਆਏ ਸਨ।"

ਇਹ ਨਜ਼ਾਰਾ ਪਾਕਿਸਤਾਨੀ ਇਲਾਕੇ ਦੇ ਗੁਲ ਸ਼ੇਰ (ਬਦਲਿਆ ਹੋਇਆ ਨਾਂ) ਨੇ ਬੀਬੀਸੀ ਨਾਲ ਸਾਂਝਾ ਕੀਤਾ, ਹਾਲਾਂਕਿ ਇਸ ਦੀ ਪੁਸ਼ਟੀ ਬੀਬੀਸੀ ਖੁਦ ਨਹੀਂ ਕਰ ਸਕਦਾ।

ਗੁਲ ਸ਼ੇਰ ਦੀ ਉਮਰ 50 ਦੇ ਨੇੜੇ ਹੈ ਪਰ ਅੱਜ ਵੀ, 20 ਸਾਲ ਪਹਿਲਾਂ ਪਾਕਿਸਤਾਨ ਤੇ ਭਾਰਤ ਵਿਚਾਲੇ ਹੋਈ ਕਾਰਗਿਲ ਜੰਗ ਦੇ ਉਹ ਦਿਨ ਉਸ ਨੂੰ ਸਾਫ਼ ਯਾਦ ਹਨ। ਜੰਗ ਦੀ ਹਵਾ ਉਦੋਂ ਬਣੀ ਜਦੋਂ ਅਪ੍ਰੈਲ 1999 ਵਿੱਚ ਲਾਈਨ ਆਫ਼ ਕੰਟਰੋਲ ਨੇੜੇ ਗਸ਼ਤ ਲਗਾ ਰਹੇ ਭਾਰਤੀ ਫ਼ੌਜੀਆਂ ਉੱਪਰ ਗੋਲੀਬਾਰੀ ਹੋਈ।

ਕੁਝ ਦਿਨਾਂ ਬਾਅਦ ਭਾਰਤ ਨੂੰ ਪਤਾ ਲੱਗਿਆ ਕਿ ਜਿਨ੍ਹਾਂ ਚੌਕੀਆਂ ਨੂੰ ਫ਼ੌਜ ਨੇ ਖ਼ਰਾਬ ਮੌਸਮ ਕਰਕੇ ਖਾਲੀ ਕੀਤਾ ਸੀ, ਉਨ੍ਹਾਂ 'ਤੇ ਪਾਕਿਸਤਾਨ ਦੇ ਹਥਿਆਰਬੰਦ ਲੜਾਕਿਆਂ ਦਾ ਕਬਜ਼ਾ ਸੀ। ਭਾਰਤੀ ਫੌਜੀ ਅਧਿਕਾਰੀਆਂ ਨੂੰ ਬਾਅਦ ਵਿੱਚ ਇਹ ਵੀ ਅਹਿਸਾਸ ਹੋਇਆ ਕਿ ਕਬਜ਼ਾ ਕਰਨ ਵਾਲੇ ਜ਼ਿਆਦਾਤਰ ਪਾਕਿਸਤਾਨੀ ਫ਼ੌਜ ਦੀ ਨੌਰਦਰਨ ਲਾਈਟ ਇਨਫੈਂਟਰੀ ਦੇ ਸੈਨਿਕ ਸਨ।

**ਜਵਾਬੀ ਕਾਰਵਾਈ 'ਚ ਭਾਰਤੀ ਫ਼ੌਜ ਨੇ ਅਭਿਆਨ ਛੇੜਿਆ ਜੋ ਤਿੰਨ ਮਹੀਨੇ ਚੱਲਿਆ।**

ਇਸ ਦੌਰਾਨ ਗੁਲ ਸ਼ੇਰ ਪਾਕਿਸਤਾਨੀ ਫ਼ੌਜ ਨਾਲ ਇੱਕ ਕਾਰਜਕਰਤਾ ਵਜੋਂ ਵੱਧ-ਚੜ੍ਹ ਕੇ ਕੰਮ ਕਰਦਾ ਰਿਹਾ। ਉਸ ਦੇ ਪੁਰਖੇ ਸਦੀਆਂ ਪਹਿਲਾਂ ਸ਼੍ਰੀਨਗਰ ਤੋਂ ਗਿਲਗਿਟ ਆ ਗਏ ਸਨ ਪਰ ਉਸ ਦਾ ਜਜ਼ਬਾਤੀ ਨਾਤਾ ਅਜੇ ਵੀ ਕਸ਼ਮੀਰ ਵਾਦੀ ਨਾਲ ਜੁੜੇ ਹੋਇਆ ਸੀ।

ਗੁਲ ਸ਼ੇਰ ਨੇ ਦੱਸਿਆ, "ਮੈਂ ਉਸ ਦਿਨ ਜੋ ਦੇਖਿਆ, ਉਸ ਤੋਂ ਬਾਅਦ ਤੁਰੰਤ ਫ਼ੈਸਲਾ ਲੈ ਲਿਆ ਕਿ ਭਾਰਤੀ ਫ਼ੌਜ ਖ਼ਿਲਾਫ਼ ਪਾਕਿਸਤਾਨੀ ਫ਼ੌਜ ਦੀ ਮਦਦ ਕਰਾਂਗਾ।" ਗੁਲ ਸ਼ੇਰ ਨੇ 1987-88 ਵਿੱਚ ਪਾਕਿਸਤਾਨੀ ਫ਼ੌਜ ਤੋਂ ਫ਼ੌਜੀ ਸਿਖਲਾਈ ਲਈ ਸੀ। ਉਹ ਮੁਜਾਹਿਦ ਰੈਜੀਮੈਂਟ ਵਿੱਚ ਰਿਹਾ ਸੀ ਜਿਸ ਨੂੰ ਪਾਕਿਸਤਾਨੀ ਫ਼ੌਜ ਦੀ ਸੈਕਿੰਡ ਲਾਈਨ ਆਫ਼ ਡਿਫੈਂਸ ਆਖਿਆ ਜਾਂਦਾ ਸੀ। ਇਸ ਰੈਜੀਮੈਂਟ ਨੂੰ ਯੁੱਧ 'ਚ ਫ਼ੌਜ ਦੀ ਮਦਦ ਲਈ ਤਿਆਰ ਕੀਤਾ ਗਿਆ ਸੀ।

ਗੁਲ ਸ਼ੇਰ ਨੂੰ ਸਿਹਤ ਸਮੱਸਿਆਵਾਂ ਕਰਕੇ ਪੰਜ ਸਾਲ ਬਾਅਦ ਇਸ ਰੈਜੀਮੈਂਟ ਤੋਂ ਸੇਵਾਮੁਕਤੀ ਲੈਣੀ ਪਈ ਸੀ। 1999 'ਚ ਮੁੜ ਫ਼ੌਜ ਦੀ ਮਦਦ







ਪਿੱਛੇ ਮਕਸਦ ਸੀ, ਉਮੀਦ ਸੀ ਕਿ ਸ਼੍ਰੀਨਗਰ ਨੂੰ "ਭਾਰਤ ਦੇ ਕਬਜ਼ੇ ਤੋਂ ਆਜ਼ਾਦ ਕਰਾਇਆ ਜਾ ਸਕੇਗਾ"।

ਉਸ ਨੇ ਦੱਸਿਆ, "ਯੁੱਧ ਦੌਰਾਨ ਮੈਂ ਸਕਰਦੂ ਤੋਂ 100 ਕਿਲੋਮੀਟਰ ਦੂਰ ਖਪਲੂ ਦੇ ਇੱਕ ਆਰਮੀ ਕੈਂਪ ਵਿੱਚ ਜਾਂਦਾ ਸੀ। ਕਈ ਅਜਿਹੇ ਲੋਕ ਫ਼ੌਜ ਦਾ ਸਾਥ ਦੇ ਰਹੇ ਸਨ ਜਿਨ੍ਹਾਂ ਨੇ ਆਰਮੀ ਟ੍ਰੇਨਿੰਗ ਲਈ ਹੋਈ ਸੀ। ਆਮ ਲੋਕ ਵੀ ਰਲ ਰਹੇ ਸਨ। ਜ਼ਿਆਦਾਤਰ ਕਸ਼ਮੀਰੀ ਸਨ, ਕੁਝ ਪਾਕਿਸਤਾਨੀ ਵੀ ਸਨ।"

ਗੁਲ ਸ਼ੇਰ ਮੁਤਾਬਕ ਗਿਲਗਿਟ-ਬਾਲਟੀਸਤਾਨ ਦੇ ਕਈ ਲੋਕਾਂ ਨੇ ਇਸ ਜੰਗ ਵਿੱਚ ਬਲੀਦਾਨ ਵੀ ਦਿੱਤਾ।

"ਲੋਕ ਆਪਣੀਆਂ ਜੀਪਾਂ-ਕਾਰਨ-ਟਰੱਕਾਂ ਦਾ ਇਸਤੇਮਾਲ ਪਾਕਿਸਤਾਨੀ ਫ਼ੌਜ ਨੂੰ ਖਾਣਾ ਤੇ ਫਿਊਲ ਪਹੁੰਚਾਉਣ ਲਈ ਕਰ ਰਹੇ ਸਨ।"

ਖਪਲੂ ਇਲਾਕੇ ਵਿੱਚ ਗੁਲ ਸ਼ੇਰ ਕਾਰਜਕਰਤਾਵਾਂ ਦੀ ਅਗਵਾਈ ਕਰ ਰਿਹਾ ਸੀ। ਉਨ੍ਹਾਂ ਨੇ ਕਈ ਹਫ਼ਤੇ ਪਾਕਿਸਤਾਨੀ ਫ਼ੌਜ ਨਾਲ ਸਰਹੱਦ 'ਤੇ ਰਸ਼ੀਦ ਪੋਸਟ ਉੱਪਰ ਬਿਤਾਏ।

"ਮੇਰੇ ਕੋਲ ਵਧੀਆ ਲੈਂਡ ਕਰੂਜ਼ਰ ਸੀ। ਪੂਰੇ ਇਲਾਕੇ ਦੇ ਲੋਕ ਫ਼ੌਜ ਲਈ ਭੋਜਨ ਦੇ ਰਹੇ ਸਨ। ਘੱਟੋ-ਘੱਟ ਦਸ ਵਾਰ ਮੈਂ ਗੱਡੀ ਭਰ ਕੇ ਖਾਣਾ ਲੈ ਕੇ ਗਿਆ ਤੇ ਤਾਇਨਾਤ ਸੈਨਿਕਾਂ ਵਿੱਚ ਵੰਡਿਆ।"

ਗੁਲ ਸ਼ੇਰ ਦਾ ਦਾਅਵਾ ਹੈ ਕਿ ਭਾਰਤੀ ਫ਼ੌਜ ਕੋਲ ਸੰਸਾਧਨਾਂ ਦੀ ਕਮੀ ਨਹੀਂ ਸੀ। "ਉਨ੍ਹਾਂ ਵੱਲ ਸੜਕਾਂ ਬਿਹਤਰ ਸਨ, ਉਨ੍ਹਾਂ ਦੇ ਬਖ਼ਤਰਬੰਦ ਟਰੱਕ ਆ-ਜਾ ਰਹੇ ਸਨ। ਭਾਰਤੀ ਫ਼ੌਜ ਲਗਾਤਾਰ ਹਵਾਈ ਤੇ ਜ਼ਮੀਨੀ ਫਾਇਰਿੰਗ ਕਰ ਰਹੀ ਸੀ।"

"ਇਸੇ ਗੋਲੀਬਾਰੀ ਕਾਰਨ ਮੈਂ ਸਰਹੱਦ ਤੋਂ ਪਾਰ ਨਹੀਂ ਜਾ ਸਕਿਆ। ਭਾਰਤੀ ਫ਼ੌਜ ਤੋਪਾਂ ਵਰਤ ਰਹੀ ਸੀ ਪਰ ਪਾਕਿਸਤਾਨ ਵਾਲੇ ਪਾਸੇ ਬੁਨਿਆਦੀ ਢਾਂਚਾ ਜ਼ਰਜ਼ਰ ਸੀ, ਸੜਕਾਂ ਖਤਮ ਹੋ ਗਈਆਂ ਸਨ।"

"ਕਈ ਵਾਰੀ ਮੈਂ ਸ਼ੈਲਿੰਗ ਤੋਂ ਮਸਾਂ ਬਚਿਆ ਪਰ ਮੇਰੀ ਕਾਰ ਸ਼ਿਕਾਰ ਹੋ ਗਈ ਤੇ ਮੈਂ ਪੰਜ ਦਿਨ ਕਿਤੇ ਨਹੀਂ ਜਾ ਸਕਿਆ।"

ਗੁਲ ਸ਼ੇਰ ਕਹਿੰਦੇ ਹਨ ਕਿ ਭਾਰਤ ਵੱਲੋਂ ਨਾਕੇਬੰਦੀ ਕਰਕੇ ਵੀ ਰਸਦ ਭੇਜਣ ਦੀ ਕਵਾਇਦ ਕਈ ਵਾਰ ਨਾਕਾਮ ਹੋਈ। "ਉਂਝ ਗਿਲਗਿਟ ਦੇ ਲੋਕ ਠੰਢ ਦੇ ਆਦੀ ਹਨ ਪਰ ਕੰਮ ਬਹੁਤ ਔਖਾ ਹੋ ਗਿਆ ਸੀ। ਦੋ ਦਿਨ ਤਾਂ ਸਾਨੂੰ ਵੀ ਖਾਣ ਨੂੰ ਨਹੀਂ ਮਿਲਿਆ।"

**ਕਿਵੇਂ ਲਿਜਾਉਂਦੇ ਸੀ ਰਸਦ**

"ਅਸੀਂ ਰਸ਼ੀਦ ਪੋਸਟ ਤੋਂ 100 ਫੁੱਟ ਉੱਪਰ ਇੱਕ ਥਾਂ 'ਤੇ ਕਬਜ਼ਾ ਕੀਤਾ ਤੇ ਰਾਤੀਂ, ਜਦੋਂ ਗੋਲੀਬਾਰੀ ਬੰਦ ਹੁੰਦੀ ਸੀ, ਅਸੀਂ ਉੱਥੇ ਰਾਸ਼ਨ ਲੈ ਕੇ ਜਾਂਦੇ ਸੀ। ਆਪਣੇ ਸ਼ਰੀਰ ਨਾਲ 30-30 ਕਿਲੋ ਖਾਣਾ ਬੰਨ੍ਹ ਕੇ, ਬਰਫ਼ ਨਾਲ ਢਕੇ ਪਹਾੜਾਂ 'ਤੇ ਰੰਗਦੇ ਸੀ ਤੇ ਖਾਣਾ ਪਹੁੰਚਾਉਂਦੇ ਸੀ।" ਇਸ ਤੋਂ ਬਾਅਦ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ 4 ਜੁਲਾਈ ਨੂੰ ਕੌਮਾਂਤਰੀ ਦਬਾਅ ਹੇਠ ਭਾਰਤ-ਸ਼ਾਸਤ ਕਸ਼ਮੀਰ ਤੋਂ ਫ਼ੌਜ ਵਾਪਿਸ ਬੁਲਾਉਣ ਲਈ ਹਾਮੀ ਭਰੀ। ਗੁਲ ਸ਼ੇਰ ਨੂੰ ਇਸ ਗੱਲ ਦਾ ਅੱਜ ਵੀ ਪਛਤਾਵਾ ਹੈ ਕਿ ਫ਼ੌਜ ਵਾਪਿਸ ਬੁਲਾ ਲਈ ਗਈ। ਉਸ ਦਾ ਮੰਨਣਾ ਹੈ ਕਿ ਇਸ ਨਾਲ ਪਾਕਿਸਤਾਨ ਨੂੰ ਭਾਰੀ ਨੁਕਸਾਨ ਹੋਇਆ। "ਸਾਡੇ ਇਰਾਦੇ ਨੇਕ ਸਨ ਅਤੇ ਸਾਨੂੰ ਭਰੋਸਾ ਸੀ ਕਿ ਅਸੀਂ ਸ਼੍ਰੀਨਗਰ ਪਹੁੰਚਾਂਗੇ। ਪਾਕਿਸਤਾਨ ਕੋਲ ਸੰਸਾਧਨਾਂ ਦੀ ਕਮੀ ਸੀ ਅਤੇ ਅਰਥਚਾਰਾ ਮਜ਼ਬੂਤ ਨਹੀਂ ਸੀ। ਅੰਤਰਰਾਸ਼ਟਰੀ ਦਬਾਅ ਕਰਕੇ ਫ਼ੌਜ ਵਾਪਿਸ ਬੁਲਾਉਣੀ ਪਈ।"

ਉਹ ਇਸ ਗੱਲ ਨੂੰ ਨਕਾਰਦਾ ਹੈ ਕਿ ਪਾਕਿਸਤਾਨ ਨੇ ਆਪਣੇ ਸੈਨਿਕਾਂ ਦੀਆਂ ਲਾਸ਼ਾਂ ਵੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ। "ਲਾਸ਼ਾਂ ਨੂੰ ਲਿਆਉਣ ਵਿੱਚ ਬਹੁਤ ਪੈਸੇ ਤੇ ਸੰਸਾਧਨ ਲੱਗੇ ਪਰ ਫ਼ੌਜ ਨੇ ਸਾਰੀਆਂ ਲਾਸ਼ਾਂ ਬਰਾਮਦ ਕਰ ਕੇ ਪਰਿਵਾਰਾਂ ਦੇ ਹਵਾਲੇ ਕੀਤੀਆਂ, ਪੂਰੇ ਸਤਿਕਾਰ ਨਾਲ।" ਜੰਗ ਅਪ੍ਰੈਲ ਵਿੱਚ ਸ਼ੁਰੂ ਹੋਈ ਤੇ 26 ਜੁਲਾਈ 1999 ਨੂੰ ਭਾਰਤ ਨੇ ਐਲਾਨ ਕੀਤਾ ਕਿ ਉਸ ਨੇ ਪਾਕਿਸਤਾਨੀਆਂ ਨੂੰ ਆਪਣੇ ਖੇਤਰ ਤੋਂ ਖਦੇੜ ਦਿੱਤਾ ਸੀ। ਗੁਲ ਸ਼ੇਰ ਮੁਤਾਬਕ ਪਾਕਿਸਤਾਨੀ ਅਧਿਕਾਰੀਆਂ ਨੂੰ ਬਿਹਤਰ ਯੋਜਨਾ ਬਣਾਉਣ ਦੀ ਲੋੜ ਸੀ, ਸੰਸਾਧਨਾਂ ਦਾ ਹਿਸਾਬ-ਕਿਤਾਬ ਲਗਾਉਣ ਦੋ ਲੋੜ ਸੀ। "ਮੈਂ ਤਾਂ ਸਿਰਫ਼ ਇੱਕ ਕਾਰਜਕਰਤਾ ਸੀ। ਮੈਨੂੰ ਨਹੀਂ ਪਤਾ ਕਿ ਇਹ ਜੰਗ ਕਿਉਂ ਲੜੀ ਗਈ ਪਰ ਮੈਂ ਅਜਿਹੀ ਕਿਸੇ ਸਥਿਤੀ ਲਈ ਅੱਜ ਵੀ ਤਿਆਰ ਹਾਂ।'

# ਸਾਰੀਆਂ ਨਵੀਆਂ ਡੀਏਸੀਏ ਅਰਜ਼ੀਆਂ ਨੂੰ ਲੰਬਿਤ ਸੂਚੀ 'ਚ ਰੱਖਿਆ ਜਾਵੇਗਾ : ਅਮਰੀਕਾ

ਫੀਨਿਕਸ (ਅਮਰੀਕਾ) : ਅਮਰੀਕਾ ਸਰਕਾਰ ਨੇ ਕਿਹਾ ਕਿ ਉਹ ਨਾਬਾਲਿਗ ਅਸਵਥਾ 'ਚ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਲੰਬਿਤ ਕਰਨ ਦੀ ਯੋਜਨਾ (ਡੀਏਸੀਏ) ਤਹਿਤ ਸਾਰੀਆਂ ਨਵੀਂਆਂ ਅਰਜ਼ੀਆਂ ਨੂੰ ਲੰਬਿਤ ਸੂਚੀ 'ਚ ਰੱਖੇਗੀ। ਅਧਿਕਾਰੀ ਇਕ ਵਾਰ ਫਿਰ ਇਸ 'ਤੇ ਵਿਚਾਰ ਕਰਨਗੇ ਕਿ ਕੀ ਪ੍ਰੋਗਰਾਮ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ । ਇਸ ਦਾ ਮਤਲਬ ਹੈ ਕਿ ਕਿਸੇ ਵੀ ਯੁਵਾ ਪ੍ਰਵਾਸੀ ਦੀ ਅਰਜ਼ੀ ਨੂੰ ਇਸ ਪ੍ਰੋਗਰਾਮ ਤਹਿਤ ਪ੍ਰਵਾਨ ਨਹੀਂ ਕੀਤਾ ਗਿਆ ਹੈ ਜਦਕਿ ਅਮਰੀਕਾ ਦੀ ਹਾਈ ਕੋਰਟ ਨੇ ਪਿਛਲੇ ਮਹੀਨੇ ਦੇ ਆਪਣੇ ਫ਼ੈਸਲੇ 'ਚ ਸਪੱਸ਼ਟ ਕੀਤਾ ਸੀ ਕਿ ਇਸ ਨੂੰ ਗਲਤ ਤਰੀਕੇ ਨਾਲ ਬੰਦ ਕੀਤਾ ਗਿਆ ਹੈ । ਤਾਜ਼ਾ ਆਦੇਸ਼ ਮੈਰੀਲੈਂਡ ਸਥਿਤ ਸੰਘੀ ਅਦਾਲਤ 'ਚ ਅਮਰੀਕੀ ਜ਼ਿਲ੍ਹਾ ਜੱਜ ਪਾੱਲ ਡਬਲਿਊ ਗ੍ਰੀਮ ਦੁਆਰਾ ਟੈਲੀਫੋਨ ਰਾਹੀਂ ਸੁਣਵਾਈ ਦੌਰਾਨ ਆਇਆ ਹੈ, ਜਿਨ੍ਹਾਂ ਨੇ ਪਿਛਲੇ ਹਫ਼ਤੇ ਫ਼ੈਸਲਾ ਦਿੱਤਾ ਸੀ ਕਿ ਨਾਬਾਲਿਗ ਅਵਸਥਾ 'ਚ ਆਏ ਪ੍ਰਵਾਸੀਆਂ ਖ਼ਿਲਾਫ਼ ਕਾਰਵਾਈ ਮੁਅੱਤਲ ਕਰਨ ਦੀ ਯੋਜਨਾ (ਡੀਏਸੀਏ) ਨੂੰ ਉਸ ਦੇ ਮੂਲ ਰੂਪ 'ਚ ਲਾਗੂ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਸਤੰਬਰ 2017 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਇਸ ਨੂੰ ਬੰਦ ਕਰਨ ਦੀ ਕੋਸ਼ਿਸ਼ ਤੋਂ ਪਹਿਲਾਂ ਇਹ ਲਾਗੂ ਸੀ । ਡੀਏਸੀਏ ਉਨ੍ਹਾਂ ਯੁਵਾ ਪ੍ਰਵਾਸੀਆਂ ਨੂੰ ਆਗਿਆ ਦਿੰਦਾ ਹੈ, ਜਿਨਾਂ ਨੂੰ ਦੇਸ਼ 'ਚ ਕਾਨੂੰਨੀ ਰੂਪ ਨਾਲ ਕੰਮ ਕਰਨ ਲਈ ਬੱਚਿਆਂ ਦੇ ਰੂਪ 'ਚ ਲਿਆਂਦਾ ਗਿਆ ਸੀ ਅਤੇ ਉਨ੍ਹਾਂ ਨੂੰ ਦੇਸ਼ 'ਚੋਂ ਬਾਹਰ ਕਰ ਦਿੱਤਾ ਗਿਆ ਸੀ । ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਅਨੁਸਾਰ ਲਗਪਗ 6,50,000 ਲੋਕਾਂ ਦਾ ਇਸ ਲਈ ਨਾਮਕਰਨ ਕੀਤਾ ਗਿਆ ਹੈ । ਇਸ ਦੇ ਨਾਲ ਹੀ 66,000 ਲੋਕ ਇਸ 'ਚ ਸ਼ਾਮਿਲ ਹੋਣ ਲਈ ਉਮਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਚੁੱਕੇ ਹਨ

# ਵਿਗਿਆਨੀਆਂ ਨੇ ਮਨੁੱਖੀ ਸਰੀਰ 'ਚ ਜੈਨੇਟਿਕ ਤਬਦੀਲੀਆਂ ਦੀ ਕੀਤੀ ਪਛਾਣ

ਲੰਡਨ : ਵਿਗਿਆਨੀਆਂ ਨੇ ਮਨੁੱਖੀ ਸਰੀਰ ਵਿਚ ਇਕ ਅਜਿਹੇ ਜੀਨ ਦੀ ਪਛਾਣ ਕੀਤੀ ਹੈ ਜੋ ਨੋਵਲ ਕੋਰੋਨਾ ਵਾਇਰਸ ਨਾਲ ਲੜਨ ਵਿਚ ਮਹੱਤਵਪਰਨ ਭੂਮਿਕਾ ਨਿਭਾਅ ਸਕਦਾ ਹੈ। ਇਹ ਕੋਵਿਡ-19 ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਇਸ ਦੇ ਇਲਾਜ ਵਿਚ ਮਦਦਗਾਰ ਸਾਬਤ ਹੋ ਸਕਦਾ ਹੈ। ਅਮਰੀਕਨ ਮੈਡੀਕਲ ਐਸੋਸੀਏਸ਼ਨ ਦੀ ਪਤੱਰਿਕਾ ਵਿਚ ਪ੍ਰਕਾਸ਼ਿਤ ਅਧਿਐਨ ਵਿਚ ਚਾਰ ਨੌਜਵਾਨ ਪੁਰਸ਼ ਰੋਗੀਆਂ ਅਤੇ ਦੋ ਪਰਿਵਾਰਾਂ ਦੇ ਕੋਵਿਡ-19 ਨਾਲ ਗੰਭੀਰ ਰੂਪ ਨਾਲ ਬੀਮਾਰ ਰੋਗੀਆਂ ਵਿਚ ਜੈਨੇਟਿਕ ਦੇ ਨਿਰਮਾਣ ਦੇ ਵਿਭਿੰਨ ਰੂਪਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਹਨਾਂ ਦੇ ਇਸ ਮਹਾਂਮਾਰੀ ਦੇ ਸ਼ਿਕਾਰ ਬਣਨ ਦੀਆਂ ਕੋਈ ਡਾਕਟਰੀ ਸੰਭਾਵਨਾਵਾਂ ਨਹੀਂ ਸਨ। ਨੀਦਰਲੈਂਡ ਦੀ ਰੈਡਬਾਊਟ ਯੂਨੀਵਰਸਿਟੀ ਮੈਡੀਕਲ ਕਾਲਜ ਦੇ ਵਿਗਿਆਨੀਆਂ ਦੇ ਮੁਤਾਬਕ ਰੋਗੀਆਂ ਵਿਚ ਟੀ.ਐੱਲ.ਆਰ7 ਜੀਨ ਦੇ ਵਿਭਿੰਨ ਪ੍ਰਕਾਰ ਸਨ। ਨਾਲ ਹੀ ਉਹਨਾਂ ਵਿਚ ਟਾਈਪ ਇਕ ਅਤੇ ਦੋ ਦੇ ਇੰਟਰਫੇਰੋਨ ਦੇ ਪ੍ਰਤੀਰੱਖਿਆ ਪ੍ਰਣਾਲੀ ਦੇ ਅਣੂਆਂ ਦੇ ਉਤਪਾਦਨ ਵਿਚ ਦੋਸ਼ ਪਾਇਆ ਗਿਆ। ਵਿਗਿਆਨੀਆਂ ਨੇ ਕਿਹਾ ਕਿ ਕੋਵਿਡ-19 ਦੇ ਕਾਰਨ ਸਾਹ ਲੈਣ ਵਿਚ ਮੁਸ਼ਕਲ ਹੋਣ ਤੋਂ ਪਹਿਲਾਂ ਠੀਕ ਹਾਲਤ ਵਿਚ ਰਹੇ ਰੋਗੀਆਂ ਨੂੰ ਆਈ.ਸੀ.ਯੂ. ਵਿਚ ਵੈਂਟੀਲੇਟਰ ਦੀ ਲੋੜ ਪਈ।

## ਅਮਰੀਕਾ ਨੇ ਆਨਲਾਈਨ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਲਈ ਦਰ ਭੇੜੇ

ਵਾਸ਼ਿੰਗਟਨ : ਅਮਰੀਕਾ ਦੇ ਇਮੀਗਰੇਸ਼ਨ ਤੇ ਕਸਟਮ ਐਨਫੋਰਸਮੈਂਟ (ਆਈਸੀਈ) ਨੇ ਕਿਹਾ ਕਿ ਨਵੇਂ ਤੇ ਮੌਜੂਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਆਉਂਦੇ ਸਮੈਸਟਰ ਦੌਰਾਨ ਇੱਥੇ ਨਹੀਂ ਆਉਣ ਦਿੱਤਾ ਜਾਵੇਗਾ ਜੇਕਰ ਉਨ੍ਹਾਂ ਦੇ ਕੋਰਸ ਪੂਰੀ ਤਰ੍ਹਾਂ ਆਨਲਾਈਨ ਹੋਏ । ਏਜੰਸੀ ਦੀਆਂ ਰਿਪੋਰਟਾਂ ਅਨੁਸਾਰ ਆਈ ਸੀ ਈ ਨੇ ਬਿਆਨ ਜਾਰੀ ਕਰਦਿਆਂ ਕਿਹਾ, '9 ਮਾਰਚ 2020 ਤੋਂ ਬਾਅਦ ਉਹ ਨਵੇਂ ਤੇ ਮੌਜੂਦਾ ਐੱਫ ਤੇ ਐੱਮ ਵਿਦਿਆਰਥੀ ਆਉਂਦੇ ਸਮੈਸਟਰ ਦੌਰਾਨ ਅਮਰੀਕੀ ਸਕੂਲਾਂ 'ਚ ਗ਼ੈਰ-ਪਰਵਾਸੀ ਵਿਦਿਆਰਥੀਆਂ ਵਜੋਂ ਦਾਖਲ ਨਹੀਂ ਹੋ ਸਕਣਗੇ, ਜਿਨ੍ਹਾਂ ਦੇ ਪੜ੍ਹਾਈ ਦੇ ਕੋਰਸ ਸੌ ਫੀਸਦੀ ਆਨਲਾਈਨ ਹੋਣਗੇ । ਉਨ੍ਹਾਂ ਨਾਲ ਹੀ ਸਕੂਲਾਂ ਨੂੰ ਹਦਾਇਤ ਕੀਤੀ ਕਿ ਉਹ ਉਨ੍ਹਾਂ ਨਵੇਂ ਜਾਂ ਮੌਜੂਦਾ ਵਿਦਿਆਰਥੀਆਂ ਨੂੰ ਆਈ-20 (ਗ਼ੈਰ-ਪਰਵਾਸੀ ਵਿਦਿਆਰਥੀ ਸਥਿਤੀ ਲਈ ਯੋਗਤਾ ਫਾਰਮ) ਫਾਰਮ ਜਾਰੀ ਨਾ ਕਰਨ ਜੋ ਇਸ ਸਮੇਂ ਅਮਰੀਕਾ ਤੋਂ ਬਾਹਰ ਹਨ ਅਤੇ ਇੱਥੋਂ ਦੀਆਂ ਵਿਦਿਅਕ ਸੰਸਥਾਵਾਂ 'ਚ ਪੂਰੀ ਤਰ੍ਹਾਂ ਆਨਲਾਈਨ ਪੜ੍ਹਾਈ ਦੀ ਯੋਜਨਾ ਬਣਾ ਰਹੇ ਹਨ ।

# ਅ.ਫਗਾਨ ਸਿੱਖ ਨਿਦਾਨ ਸਿੰਘ ਪੁੱਜੇ ਭਾਰਤ, ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਕੁਆਰੰਟਾਈਨ ਹੋਣਗੇ



ਨਵੀਂ ਦਿੱਲੀ, 26 ਜੁਲਾਈ (ਚ.ਨ.ਸ.): ਅ.ਫਗਾਨ ਸਿੱਖ ਨਿਦਾਨ ਸਿੰਘ ਸਚਦੇਵਾ ਜਿਨ੍ਹਾਂ ਨੂੰ ਕੁਝ ਸਮੇਂ ਪਹਿਲਾਂ ਤਾਲਿਬਾਨ ਨੇ ਅਗਵਾ ਕੀਤਾ ਸੀ ਅਤੇ ਹਾਲ ਹੀ 'ਚ ਰਿਹਾਅ ਕਰ ਦਿੱਤਾ ਗਿਆ। ਉਹ ਅੱਜ ਯਾਨੀ ਕਿ ਆਪਣੇ ਪਰਿਵਾਰ ਨਾਲ ਦਿੱਲੀ ਪੁੱਜੇ। ਭਾਰਤ ਪਹੁੰਚਦੇ ਹੀ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਰਿਵਾਰ ਦੇ ਚਿਹਰੇ 'ਤੇ ਇਕ ਸਕੂਨ ਨਜ਼ਰ ਆ ਰਿਹਾ ਸੀ। ਅਫ਼ਗਾਨਿਸਤਾਨ ਵਿਚ ਸਿੱਖ ਨੇਤਾ ਨਿਦਾਨ ਸਿੰਘ ਸਚਦੇਵਾ ਰਿਹਾਅ ਹੋਣ ਤੋਂ ਬਾਅਦ ਭਾਰਤ ਪਰਤ ਆਏ ਹਨ। ਨਿਦਾਨ ਸਿੰਘ ਨਾਲ ਉਨ੍ਹਾਂ ਦਾ ਪਰਿਵਾਰ ਅਤੇ 11 ਹੋਰ ਸਿੱਖਾਂ ਨੂੰ ਸਪੈਸ਼ਲ ਫਲਾਈਟ ਜ਼ਰੀਏ ਕਾਬੁਲ ਤੋਂ ਨਵੀਂ ਦਿੱਲੀ ਲਿਆਂਦਾ ਗਿਆ ਹੈ। ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਇਨ੍ਹਾਂ ਸਾਰਿਆਂ ਦਾ ਸਵਾਗਤ ਕੀਤਾ ਗਿਆ। ਦਿੱਲੀ ਹਵਾਈ ਅੱਡੇ 'ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਮਨਜੀਤ ਸਿੰਘ ਜੀ.ਕੇ. ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਹ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਕੁਆਰੰਟਾਈਨ ਹੋਣਗੇ। ਪੱਕੇ ਹੋਣ 'ਤੇ ਰਹਿਣ ਦਾ ਇੰਤਜ਼ਾਮ ਹੋਣ ਤੱਕ ਦਿੱਲੀ ਕਮੇਟੀ ਉਨ੍ਹਾਂ ਨੂੰ ਸੰਭਾਲੇਗੀ। ਦੱਸ ਦੇਈਏ ਇਕ ਨਿਦਾਨ ਸਿੰਘ ਨੂੰ ਤਾਲਿਬਾਨੀਆਂ ਨੇ ਅਗਵਾ ਕਰ ਲਿਆ ਸੀ, ਹਾਲਾਂਕਿ ਬਾਅਦ 'ਚ ਕੁਝ ਸਮੇਂ ਬਾਅਦ ਰਿਹਾਅ ਕਰ ਦਿੱਤਾ ਸੀ। ਪਿਛਲੇ ਮਹੀਨੇ ਅਫ਼ਗਾਨਿਸਤਾਨ ਦੇ ਪਕਟੀਆ ਸੂਬੇ 'ਚ ਤਾਲਿਬਾਨੀ ਅੱਤਵਾਦੀਆਂ ਨੇ ਗੁਰਦੁਆਰੇ ਤੋਂ ਉਨ੍ਹਾਂ ਨੂੰ ਅਗਵਾ ਕਰ ਲਿਆ ਸੀ। ਅ.ਫਗਾਨ ਨਾਗਰਿਕ ਨਿਦਾਨ ਸਿੰਘ ਦਾ ਪਰਿਵਾਰ ਦਿੱਲੀ ਵਿਚ ਹੈ ਅਤੇ ਉਹ ਤਿੰਨ ਮਹੀਨੇ ਪਹਿਲਾਂ ਹੀ ਅ.ਫਗਾਨਿਸਤਾਨ ਗਏ ਸਨ। ਭਾਰਤ ਪਰਤੇ ਨਿਦਾਨ ਸਿੰਘ ਨੇ ਦੱਸਿਆ ਕਿ ਮੈਨੂੰ ਭਾਰਤ ਦਾ ਏਜੰਟ ਸਮਝ ਕੇ ਅਗਵਾ ਕੀਤਾ ਗਿਆ ਸੀ। ਮੇਰੇ 'ਤੇ ਬਹੁਤ ਜ਼ੁਲਮ ਕੀਤੇ ਗਏ। ਨਿਦਾਨ ਸਿੰਘ ਨਾਲ ਵਾਪਸ ਪਰਤੇ ਅਫ਼ਗਾਨੀ ਸਿੱਖ ਪਿਆਰਾ ਸਿੰਘ ਨੇ ਦੱਸਿਆ ਕਿ ਅਫ਼ਗਾਨਿਸਤਾਨ 'ਚ ਦਹਿਸ਼ਤ ਦੇ ਸਾਏ ਹੇਠ ਜ਼ਿੰਦਗੀ ਬਿਤਾ ਰਹੇ ਸਨ। ਨਿਦਾਨ ਸਿੰਘ ਇਕ ਅ.ਫਗਾਨੀ ਸਿੱਖ ਹੈ, ਜਿਨ੍ਹਾਂ ਨੂੰ ਭਾਰਤ ਸਰਕਾਰ ਨਾਗਰਿਕਤਾ ਸੋਧ ਕਾਨੂੰਨ ਤਹਿਤ ਭਾਰਤ ਦੇਸ਼ ਦੀ ਨਾਗਰਿਕਤਾ ਦਿੱਤੀ ਜਾਵੇਗੀ। ਨਿਦਾਨ ਵਰਗੇ ਕਈ ਲੋਕ ਅਫ਼ਗਾਨਿਸਤਾਨ 'ਚ ਤਾਲਿਬਾਨੀਆਂ ਦੇ ਅੱਤਿਆਚਾਰ ਸਹਿ ਰਹੇ ਹਨ। ਅਜਿਹੇ ਲੋਕਾਂ ਦੀ ਮਦਦ ਲਈ ਹੀ ਭਾਰਤ ਸਰਕਾਰ ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਲੈ ਕੇ ਆਈ ਹੈ ਓਧਰ ਵਿਦੇਸ਼ ਮੰਤਰਾਲਾ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ ਕਿ ਭਾਰਤ ਵਿਚ ਜੋ ਆਉਣਾ ਚਾਹੁੰਦੇ ਹਨ ਅਤੇ ਵੱਸਣਾ ਚਾਹੁੰਦੇ ਹਨ, ਇੱਥੇ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀਆਂ ਬੇਨਤੀਆਂ ਦੀ ਜਾਂਚ ਕੀਤੀ ਜਾਵੇਗੀ ਅਤੇ ਮੌਜੂਦਾ ਨਿਯਮਾਂ ਅਤੇ ਨੀਤੀਆਂ ਮੁਤਾਬਕ ਕਦਮ ਚੁੱਕੇ ਜਾਣਗੇ। ਦੱਸ ਦੇਈਏ ਕਿ ਦਹਿਸ਼ਤ 'ਚ ਰਹਿ ਰਹੇ ਅਫ਼ਗਾਨੀ ਸਿੱਖਾਂ ਨੇ ਭਾਰਤ ਤੋਂ ਪਨਾਹ ਮੰਗੀ ਸੀ।

## ਵਰਕ ਪਰਮਿਟ 'ਚ ਦੇਰੀ ਖ਼ਿਲਾਫ਼ ਇਕ ਭਾਰਤੀ ਔਰਤ ਨੇ ਕੀਤਾ ਕੇਸ



ਵਾਸ਼ਿੰਗਟਨ : ਇਕ ਭਾਰਤੀ ਔਰਤ ਨੇ ਵਰਕ ਪਰਮਿਟ ਜਾਰੀ ਕਰਨ 'ਚ ਕਥਿਤ ਦੇਰੀ ਲਈ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂਐੱਸ ਸੀ ਆਈਐੱਸ) ਖ਼ਿਲਾਫ਼ ਮਾਮਲਾ ਦਰਜ ਕਰਵਾਇਆ ਹੈ। ਔਰਤ ਨੇ ਦੋਸ਼ ਲਗਾਇਆ ਹੈ ਕਿ ਉਹ ਘੱਟ ਤੋਂ ਘੱਟ 75 ਹਜ਼ਾਰ ਲਟਕ ਰਹੀਆਂ ਅਪ੍ਰਕਾਸ਼ਿਤ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ (ਈਏਡੀ) ਨੂੰ ਦਬਾਈ ਬੈਠੇ ਹਨ। ਰੰਜੀਤਾ ਸੁਬਰਾਮਣੀਅਮ ਐੱਚ-4 ਵੀਜ਼ੇ 'ਤੇ ਅਮਰੀਕਾ ਵਿਚ ਰਹਿ ਰਹੀ ਹੈ ਜਦਕਿ ਉਸ ਦੇ ਪਤੀ ਵਿਨੋਦ ਸਿਨਹਾ ਐੱਚ-1ਬੀ ਵਰਕ ਵੀਜ਼ੇ 'ਤੇ ਉੱਥੇ ਰਹਿ ਰਹੇ ਹਨ। ਰੰਜੀਤਾ ਨੇ ਓਹੀਓ ਦੀ ਇਕ ਸੰਘੀ ਅਦਾਲਤ ਵਿਚ ਮਾਮਲਾ ਦਰਜ ਕਰਵਾਇਆ ਕਿ ਉਸ ਦੇ ਐੱਚ-4 ਦਰਜੇ ਦੀ ਹੱਦ ਵਧਾਉਣ ਅਤੇ ਰੁਜ਼ਗਾਰ ਅਧਿਕਾਰ ਦਸਤਾਵੇਜ਼ ਦੀ ਅਰਜ਼ੀ ਨੂੰ ਸੱਤ ਅਪ੍ਰੈਲ ਨੂੰ ਮਨਜ਼ੂਰੀ ਦਿੱਤੀ ਗਈ ਸੀ ਪ੍ਰੰਤੂ ਉਨ੍ਹਾਂ ਨੂੰ ਅਜੇ ਤਕ ਕੰਮ ਕਰਨ ਦੀ ਇਜਾਜ਼ਤ ਸਬੰਧੀ ਕੋਈ ਦਸਤਾਵੇਜ਼ ਨਹੀਂ ਮਿਲਿਆ ਹੈ। ਉਨ੍ਹਾਂ ਦੇ ਈਏਡੀ ਕਾਰਡ ਦੀ ਮਿਆਦ ਸੱਤ ਜੂਨ, 2020 ਨੂੰ ਖ਼ਤਮ ਹੋ ਗਈ ਸੀ ਜਿਸ ਪਿੱਛੋਂ ਉਨ੍ਹਾਂ ਨੂੰ ਕੰਮ ਕਰਨਾ ਬੰਦ ਕਰਨਾ ਪਿਆ। ਰੰਜੀਤਾ ਦੇ ਵਕੀਲ ਨੇ ਕਿਹਾ ਕਿ ਰੰਜੀਤਾ ਨੂੰ ਹੁਣ ਤਕ ਈਏਡੀ ਕਾਰਡ ਨਹੀਂ ਮਿਲਿਆ ਹੈ ਅਤੇ ਉਹ ਕੰਮ ਨਹੀਂ ਕਰ ਸਕਦੀ ਹੈ। ਇਸ ਪੂਰੇ ਮਾਮਲੇ ਦਾ ਸਭ ਤੋਂ ਖ਼ਰਾਬ ਪਹਿਲੂ ਇਹ ਹੈ ਕਿ ਉਸ ਦੇ ਮਾਲਕ ਨੇ ਉਸ ਨੂੰ ਸੂਚਿਤ ਕੀਤਾ ਹੈ ਕਿ ਜੇਕਰ ਉਹ 9 ਅਗਸਤ, 2020 ਤਕ ਰੁਜ਼ਗਾਰ ਦੀ ਇਜਾਜ਼ਤ ਸਬੰਧੀ ਸਬੂਤ ਮੁਹੱਈਆ ਨਹੀਂ ਕਰਵਾਉਂਦੀ ਹੈ ਤਾਂ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਐੱਚ-4 ਵੀਜ਼ਾ, ਐੱਚ-1ਬੀ ਵੀਜ਼ਾ ਧਾਰਕਾਂ ਦੇ ਪਰਿਵਾਰ ਦੇ ਨੇੜਲੇ ਸਬੰਧੀਆਂ ਨੂੰ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਈਏਡੀ ਨੂੰ 48 ਘੰਟੇ ਵਿਚ ਬਿਨੈਕਰਤਾ ਨੂੰ ਭੇਜ ਦਿੱਤਾ ਜਾਂਦਾ ਹੈ ਪ੍ਰੰਤੂ ਰੰਜੀਤਾ ਦੇ ਮਾਮਲੇ ਵਿਚ ਯੂਐੱਸਸੀਆਈਐੱਸਵੱਲੋਂ ਬਿਨੈਕਰਤਾ ਨੂੰ ਮਨਜ਼ੂਰੀ ਦਿੱਤੇ ਜਾਣ ਦੇ 105 ਦਿਨ ਬਾਅਦ ਵੀ ਉਨ੍ਹਾਂ ਨੂੰ ਈਏਡੀ ਨਹੀਂ ਮਿਲਿਆ।

# ਐਸ.ਐਫ.ਜੇ. ਵੱਲੋਂ ਜੰਮੂ-ਕਸ਼ਮੀਰ 'ਚ ਕੈਨੇਡੀਅਨ ਪੋਰਟਲ ਰਾਹੀਂ ਰੈਫਰੈਂਡਮ-2020 ਲਾਂਚ

ਨਵੀਂ ਦਿੱਲੀ ਭਾਰਤ ਵੱਲੋਂ 'ਰੈਫਰੈਂਡਮ 2020' ਨੂੰ ਰੱਦ ਕਰਨ ਦੇ ਕੈਨੇਡਾ ਦੇ ਫੈਸਲੇ ਦਾ ਸਵਾਗਤ ਕਰਨ ਤੋਂ ਇਕ ਦਿਨ ਬਾਅਦ ਜੰਮੂ ਕਸ਼ਮੀਰ ਵਿਚ ਖਾਲਿਸਤਾਨ ਰੈਫਰੈਂਡਮ ਲਈ ਵੋਟਰ ਰਜਿਸਟ੍ਰੇਸ਼ਨ ਸ਼ੁਰੂ ਕਰਨ ਲਈ ਪਾਬੰਦੀਸ਼ੁਦਾ ਵੱਖਵਾਦੀ ਸਮੂਹ ਸਿੱਖਸ ਫਾਰ ਜਸਟਿਸ (ਐੱਸਐੱਫਜੇ) ਨੇ ਐਤਵਾਰ ਨੂੰ ਕੈਨੇਡੀਅਨ ਸਾਈਬਰਸਪੇਸ ਤੋਂ ਪੋਰਟਲ ਲਾਂਚ ਕੀਤਾ ਹੈ। ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਐੱਸਐੱਫਜੇ ਦੁਆਰਾ ਚਲਾਈ ਗਈ ਇਸ ਖਤਰਨਾਕ ਮੁਹਿੰਮ ਦੀ ਹਮਾਇਤ ਕਰ ਰਹੀ ਹੈ ਕਿਉਂਕਿ ਵੱਡੀ ਗਿਣਤੀ ਵਿਚ ਪਾਕਿਸਤਾਨੀ ਟਵਿੱਟਰ ਹੈਂਡਲ ਨੇ ਅਖੌਤੀ 'ਰੈਫਰੈਂਡਮ' ਦੇ ਹੱਕ ਵਿਚ ਟਵੀਟ ਕਰਨਾ ਸ਼ੁਰੂ ਕਰ ਦਿੱਤਾ ਹੈ। ਕਸ਼ਮੀਰ ਦੇ ਸਿੱਖਾਂ ਨੂੰ ਆਜ਼ਾਦੀ ਘੁਲਾਟੀਆਂ ਅਤੇ ਸਿੱਖ ਸੈਨਿਕਾਂ ਵਜੋਂ ਹੱਲਾਸ਼ੇਰੀ ਦਿੰਦਿਆਂ ਅਮਰੀਕਾ ਅਧਾਰਤ ਖਾਲਿਸਤਾਨੀ ਕੱਟੜਪੰਥੀ ਜਥੇਬੰਦੀ ਨੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਰੈਫਰੈਂਡਮ 2020' ਦਾ ਸਮਰਥਨ ਕਰਨ। ਖੁਫੀਆ ਏਜੰਸੀਆਂ ਨੇ ਮੁੜ ਸੁਚੇਤ ਕੀਤਾ ਹੈ ਕਿ ਵੱਖਵਾਦੀ ਸਮੂਹ 26 ਜੁਲਾਈ ਨੂੰ ਵਾਦੀ ਵਿੱਚ 'ਰੈਫਰੈਂਡਮ 2020' ਵੋਟਰ ਰਜਿਸਟ੍ਰੇਸ਼ਨ ਸ਼ੁਰੂ ਕਰੇਗਾ, ਜਿਸ ਨਾਲ ਜੰਮੂ-ਕਸ਼ਮੀਰ ਵਿੱਚ ਵਸਦੇ ਲਗਭਗ ਤਿੰਨ ਲੱਖ ਸਿੱਖ ਆਬਾਦੀ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐੱਸਐੱਫਜੇ ਦੇ ਗੁਰਪਤਵੰਤ ਸਿੰਘ ਪੰਨੂ ਨੇ ਫਿਰ ਦਾਅਵਾ ਕੀਤਾ ਹੈ ਕਿ ਇਹ ਸਮੂਹ ਸ੍ਰੀਨਗਰ ਦੇ ਗੁਰਦੁਆਰਾ ਛੱਠੀ ਪਾਤਸ਼ਾਹੀ ਅਤੇ ਜੰਮੂ ਦੇ ਗੁਰਦੁਆਰਾ ਸਿੰਬਲ ਕੈਂਪ ਤੋਂ 26 ਜੁਲਾਈ ਨੂੰ ਜੰਮੂ-ਕਸ਼ਮੀਰ ਵਿੱਚ ਪੰਜਾਬ ਸੁਤੰਤਰਤਾ ਰੈਫਰੈਂਡਮ ਲਈ ਵੋਟਰ ਰਜਿਸਟ੍ਰੇਸ਼ਨ ਸ਼ੁਰੂ ਕਰੇਗਾ। ਸਮੂਹ ਦਾ ਦਾਅਵਾ ਹੈ "ਸੁਤੰਤਰ ਖਾਲਿਸਤਾਨ ਕਸ਼ਮੀਰ ਦੀ ਆਜ਼ਾਦੀ ਦਾ ਰਾਹ ਪੱਧਰਾ ਕਰੇਗਾ।"

SIKHS FOR JUSTICE
A HUMAN RIGHTS ADVOCACY GROUP

# ਅਮਰੀਕੀ ਅਦਾਲਤ ਨੇ 26/11 ਦੇ ਮੁਲਜ਼ਮ ਤਹਿਵੁਰ ਰਾਣਾ ਦੀ ਜ਼ਮਾਨਤ ਪਟੀਸ਼ਨ ਕੀਤੀ ਖਾਰਜ



ਵਾਸ਼ਿੰਗਟਨ : ਅਮਰੀਕੀ ਅਦਾਲਤ ਨੇ ਪਾਕਿਸਤਾਨੀ ਮੂਲ ਦੇ ਕੈਨੇਡਅਨ ਕਾਰੋਬਾਰੀ ਤਹਿਵੁਰ ਰਾਣਾ ਦੀ ਡੇਢ ਮਿਲੀਅਨ ਡਾਲਰ ਦੀ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ ਹੈ। ਰਾਣਾ ਨੂੰ 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਮਾਮਲੇ 'ਚ ਉਸ ਦੀ ਸ਼ਮੂਲੀਅਤ ਲਈ ਭਾਰਤ ਵੱਲੋਂ ਭਗੌੜਾ ਐਲਾਨਿਆ ਹੋਇਆ ਹੈ। ਹੈਡਲੀ ਦੇ ਬਚਪਨ ਦੇ ਦੋਸਤ 59 ਸਾਲਾਂ ਰਾਣਾ ਨੂੰ ਭਾਰਤ ਦੀ ਅਪੀਲ 'ਤੇ 10 ਜੂਨ ਨੂੰ ਲਾਸ ਏਂਜਲਸ 'ਚ ਫਿਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਭਾਰਤ ਨੇ ਮੁੰਬਈ ਹਮਲਿਆਂ 'ਚ ਰਾਣਾ ਦੀ ਸ਼ਮੂਲੀਅਤ ਲਈ ਉਸ ਦੀ ਹਵਾਲਗੀ ਲਈ ਬੇਨਤੀ ਕੀਤੀ ਸੀ। ਸੰਘੀ ਵਕੀਲ ਮੁਤਾਬਕ 2006 ਤੋਂ ਨਵੰਬਰ, 2008 'ਚ ਰਾਣਾ ਨੇ 'ਦਾਊਦ ਗਿਲਾਨੀ' ਦੇ ਨਾਂਅ ਤੋਂ ਪਛਾਣੇ ਜਾਣ ਵਾਲੇ ਹੈਡਲੀ ਤੇ ਪਾਕਿਸਤਾਨ 'ਚ ਕੁਝ ਸੂਬਿਆਂ ਨਾਲ ਮਿਲ ਕੇ ਲਸ਼ਕਰ-ਏ-ਤਾਇਬਾ ਤੇ ਹਰਕਤ-ਉਲ-ਜਿਹਾਦ-ਏ ਇਸਲਾਮੀ ਨੂੰ ਮੁੰਬਈ 'ਚ ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਰਚਣ ਤੇ ਹਮਲਿਆਂ ਨੂੰ ਅੰਜ਼ਾਮ ਦੇਣ 'ਚ ਮਦਦ ਕੀਤੀ ਸੀ। ਪਾਕਿਸਤਾਨੀ ਮੂਲ ਦਾ ਅਮਰੀਕੀ ਹੈਡਲੀ ਲਸ਼ਕਰ ਦਾ ਅੱਤਵਾਦੀ ਹੈ। ਉਹ 2008 ਦੇ ਮੁੰਬਈ ਹਮਲਿਆਂ ਦੇ ਮਾਮਲੇ 'ਚ ਸਰਕਾਰੀ ਗਵਾਹ ਬਣ ਗਿਆ ਹੈ। ਉਹ ਹਮਲੇ 'ਚ ਭੂਮਿਕਾ ਲਈ ਅਮਰੀਕਾ 'ਚ 35 ਸਾਲ ਜੇਲ੍ਹ ਦੀ ਸਜ਼ਾ ਕੱਟ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਮੁੰਬਈ ਹਮਲੇ 'ਚ ਛੇ ਅਮਰੀਕੀਆਂ ਸਣੇ 166 ਲੋਕ ਮਾਰੇ ਗਏ ਸੀ। ਲਾਸ ਏਂਜਲਸ 'ਚ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਜੈਕਲਿਨ ਚੂਲਜਿਆਨ ਨੇ 21 ਜੁਲਾਈ ਨੂੰ ਦਿੱਤੇ ਗਏ 24 ਪੰਨਿਆਂ ਦੇ ਆਪਣੇ ਆਦੇਸ਼ 'ਚ ਰਾਣਾ ਨੂੰ ਜ਼ਮਾਨਤ ਦੇਣ ਤੋਂ ਮਨ੍ਹਾਂ ਕਰਦਿਆਂ ਕਿਹਾ ਕਿ ਉਸ ਦੇ ਫਰਾਰ ਹੋਣ ਦਾ ਖਤਰਾ ਹੈ। ਅਮਰੀਕਾ ਸਰਕਾਰ ਨੇ ਜ਼ਮਾਨਤ 'ਤੇ ਉਸਦੀ ਹਾਈ ਦਾ ਵਿਰੋਧ ਕੀਤਾ। ਇਹ ਤਰਕ ਦਿੱਤਾ ਗਿਆ ਕਿ ਜੇਕਰ ਉਹ ਕੈਨੇਡਾ ਭੱਜ ਗਿਆ ਤਾਂ ਉਹ ਭਾਰਤ 'ਚ ਮੌਤ ਦੀ ਸਜ਼ਾ ਦੀ ਸੰਭਾਵਨਾ ਤੋਂ ਬਚ ਸਕਦਾ ਹੈ।

# ਪੰਜਾਬ ਦੀ ਖੁਸ਼ਹਾਲੀ ਦੇ ਰਾਖੇ-ਜੀ.ਓ.ਜੀ.





ਇੰਸ.ਗੁਰਪ੍ਰੀਤ ਸਿੰਘ ਚੰਬਲ

ਪੰਜਾਬ ਸਰਕਾਰ ਵੱਲੋਂ ਮੂਲ-ਢਾਂਚੇ ਵਿੱਚ ਸੁਧਾਰ ਅਤੇ ਬਹੁ-ਪੱਖੀ ਮਨੁੱਖੀ ਵਿਕਾਸ ਤੇ ਲੋਕ ਕਲਿਆਣ ਲਈ ਬਹੁਤ ਸਾਰੇ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ। ਕੇਂਦਰ ਅਤੇ ਰਾਜ ਸਰਕਾਰਾਂ ਸਬੰਧਤ ਮੰਤਰਾਲਿਆਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਦੁਆਰਾ ਘੜ੍ਹੇ ਗਏ ਵਿਸਤ੍ਰਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੀਮਾਂ ਲਾਗੂ ਕਰਨ ਲਈ ਵਿਭਾਗਾਂ ਨੂੰ ਫੰਡ ਜਾਰੀ ਕਰਦੀਆਂ ਹਨ। ਪੰਜਾਬ ਸਰਕਾਰ ਕੋਲ ਆਪਣੇ ਵੱਖ-ਵੱਖ ਪ੍ਰੋਗਰਾਮਾਂ ਲਈ ਮਾਸਿਕ ਗਤੀਸ਼ੀਲਤਾ ਰਿਪੋਰਟਾਂ, ਪ੍ਰਬੰਧਨ ਸੂਚਨਾ ਪ੍ਰਣਾਲੀ, ਕਾਰਜ ਪ੍ਰਦਰਸ਼ਨ ਸਮੀਖਿਆ ਕਮੇਟੀ, ਵਿਜੀਲੈਂਸ ਅਤੇ ਨਿਰੀਖਣ ਕਮੇਟੀਆਂ ਆਦਿ ਦੇ ਰੂਪ ਵਿੱਚ ਵਿਆਪਕ ਨਿਰੀਖਣ ਅਤੇ ਮੁਲਾਂਕਣ ਪ੍ਰਣਾਲੀ ਉਪਲੱਬਧ ਹੈ। ਹਾਲਾਂਕਿ ਸਰਕਾਰ ਸੁਤੰਤਰ ਨਿਰੀਖਣ ਦੀ ਮਹੱਤਤਾ ਨੂੰ ਵੀ ਪੂਰੀ ਮਾਨਤਾ ਦਿੰਦੀ ਹੈ। ਪ੍ਰੰਤੂ ਵੱਖ-ਵੱਖ ਸਕੀਮਾਂ ਦੇ ਲਾਗੂ ਕਰਨ ਵਿੱਚ ਜੋ ਖਾਮੀਆਂ ਰਹਿ ਜਾਂਦੀਆਂ ਹਨ, ਉਹਨਾਂ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਮਾਜਿਕ ਲੇਖਾ-ਪੜਤਾਲ ਦੇ ਉਦੇਸ਼ ਨਾਲ ਇੱਕ ਨਵੀਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ ਜਿਸ ਨੂੰ ਖੁਸ਼ਹਾਲੀ ਦੇ ਰਾਖੇ (ਗਾਰਡੀਅੰਸ-ਆਫ-ਗਵਰਨੈਂਸ) ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਇਸ ਉਦੇਸ਼ ਦੀ ਪੂਰਤੀ ਲਈ ਸਾਬਕਾ ਫੌਜੀਆਂ ਨੂੰ ਦੇਸ਼ ਹਿੱਤ ਲਈ ਆਪਣੀ ਮਹੱਤਵਪੂਰਨ ਸੇਵਾ ਦੇਣ ਲਈ ਇੱਕ ਸੁਨਿਹਰੀ ਮੌਕਾ ਪ੍ਰਦਾਨ ਕੀਤਾ ਹੈ। ਸਰਕਾਰ ਨੇ ਮਹਿਸੂਸ ਕੀਤਾ ਕਿ ਇਸ ਮਕਸਦ ਲਈ ਸਾਬਕਾ ਫੌਜੀਆਂ ਦੀਆਂ ਸੇਵਾਵਾਂ ਦਾ ਪ੍ਰਭਾਵਸ਼ਾਲੀ ਉਪਯੋਗ ਕੀਤਾ ਜਾ ਸਕਦਾ ਹੈ ਅਤੇ ਇਸ ਵਾਸਤੇ ਜੇਕਰ ਉਨ੍ਹਾਂ ਨੂੰ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਵੇ ਤਾਂ ਉਹ ਨਿਰਧਾਰਤ ਉਦੇਸ਼ ਨੂੰ ਪੂਰਾ ਕਰਨ ਦੀ ਸਮਰੱਥਾ ਰੱਖਦੇ ਹਨ। ਇਸ ਲਈ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਪਿੰਡ, ਤਹਿਸੀਲ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਪ੍ਰਸ਼ਾਸਨ ਦੀ ਵਧੀਆ ਕਾਰਗੁਜ਼ਾਰੀ ਲਈ ਖੁਸ਼ਹਾਲੀ ਦੇ ਰਾਖੇ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ। ਇਸੇ ਉਦੇਸ਼ ਤਹਿਤ ਸਰਕਾਰ ਨੇ ਤਕਰੀਬਨ 4200 ਖੁਸ਼ਹਾਲੀ ਦੇ ਰਾਖਿਆਂ ਵਜੋਂ ਸਾਬਕਾ ਫੌਜੀਆਂ ਨੂੰ ਨਿਯੁਕਤ ਕੀਤਾ ਹੈ। ਖੁਸ਼ਹਾਲੀ ਦੇ ਰਾਖਿਆਂ ਨੂੰ ਹੋਰਨਾਂ ਕੰਮਾਂ ਤੋਂ ਇਲਾਵਾ ਨਿਯਮਿਤ ਸਮਾਜਿਕ ਲੇਖਾ-ਪੜਤਾਲ ਕਰਨ ਦਾ ਅਖ਼ਤਿਆਰ ਦਿੱਤਾ ਗਿਆ ਹੈ। ਸਮਾਜਿਕ ਲੇਖਾ-ਪੜਤਾਲ ਦਾ ਮੁੱਖ ਕਾਰਨ ਸਕੀਮਾਂ ਨੂੰ ਸਹੀ ਢੰਗ ਨਾਲ ਅਤੇ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਉਪ-ਬੰਧਾਂ ਅਨੁਸਾਰ ਹੀ ਲਾਗੂ ਕਰਨ ਦੀ ਇੱਛਾ ਰੱਖਣਾ ਹੈ।

ਪ੍ਰਬੰਧਕੀ ਢਾਂਚਾ-ਮਾਣਯੋਗ ਮੁੱਖ ਮੰਤਰੀ ਜੀ ਗਾਰਡੀਅੰਸ-ਆਫ-ਗਵਰਨੈਂਸ ਦੇ ਚੇਅਰਮੈਨ ਹਨ ਅਤੇ ਇਸ ਦੀ ਨਿਰੀਖਣ ਕਮੇਟੀ ਮਾਣਯੋਗ ਮੁੱਖ ਮੰਤਰੀ ਜੀ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। ਮਾਣਯੋਗ ਮੁੱਖ ਮੰਤਰੀ ਦੇ ਸੀਨੀਅਰ ਸਲਾਹਕਾਰ ਲੈਫਟੀਨੈਂਟ ਜਨਰਲ (ਰਿਟਾ.) ਟੀ.ਐਸ.ਸ਼ੇਰਗਿੱਲ (ਪੀ.ਵੀ.ਐਸ.ਐਮ.), ਸੀਨੀਅਰ-ਵਾਇਸ-ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਮੇਜਰ ਜਨਰਲ (ਰਿਟਾ.) ਐਸ.ਪੀ.ਐਸ.ਗਰੇਵਾਲ ਵਾਈਸ-ਚੇਅਰਮੈਨ ਵਜੋਂ ਕਾਰਜਰਤ ਹਨ। ਇਸ ਤੋਂ ਇਲਾਵਾ ਸਕੱਤਕ ਡਿਫੈਂਸ ਸਰਵਿਸਿਜ਼ ਵੈਲਫੇਅਰ, ਸਕੱਤਰ ਰੁਜ਼ਗਾਰ ਜਨਰੇਸ਼ਨ, ਡਾਇਰੈਕਟਰ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟ੍ਰੇਸ਼ਨ (MGSIPA), ਡਾਇਰੈਕਟਰ ਜਨਰਲ ਸੀ-ਪਾਇਟ, ਮੈਨੇਜਿੰਗ ਡਾਇਰੈਕਟਰ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (PESCO) ਆਦਿ ਸੰਸਥਾ ਦੇ ਮੈਂਬਰਾਂ ਵਜੋਂ ਅਤੇ ਗਾਰਡੀਅੰਸ-ਆਫ-ਗਵਰਨੈਂਸ ਦੇ ਸਕੱਤਰ ਵਜੋਂ ਡਾਇਰੈਕਟਰ ਡਿਫੈਂਸ ਸਰਵਿਸਿਜ਼ ਵੈਲਫੇਅਰ ਸੇਵਾਵਾਂ ਨਿਭਾਅ ਰਹੇ ਹਨ।

ਕੇਂਦਰੀ ਕੰਟਰੋਲ ਰੂਮ-ਸੁਖਾਵੀਂ ਕਾਰਜ ਪ੍ਰਣਾਲੀ ਚਲਾਉਣ ਲਈ ਇੱਕ ਉੱਚ-ਪੱਧਰੀ ਕੇਂਦਰੀ ਕੰਟਰੋਲ ਰੂਮ ਹੁੰਦਾ ਹੈ। ਇਸ ਵਿੱਚ ਇੰਚਾਰਜ ਬ੍ਰਿਗੇਡੀਅਰ ਜਾਂ ਉਸ ਤੋਂ ਉਪਰਲੇ ਰੈਂਕ ਦਾ ਸੇਵਾ-ਮੁਕਤ ਫੌਜੀ ਅਫਸਰ ਕੰਟਰੋਲ ਰੂਮ ਦਾ ਅਤੇ ਸਮੂਹ ਢਾਂਚੇ ਦਾ ਇੰਚਾਰਜ ਹੁੰਦਾ ਹੈ। ਦਫਤਰੀ ਕਾਰਜ ਪ੍ਰਬੰਧਨ ਨਿਯੰਤਰਣ ਲਈ ਤਿੰਨ ਅਧਿਕਾਰੀ ਜੋ ਸੇਵਾ ਮੁਕਤ ਕਰਨਲ-ਲੈਫਟੀਨੈਂਟ ਕਰਨਲ-ਮੇਜਰ ਰੈਂਕ ਦੇ ਫੌਜੀ ਅਧਿਕਾਰੀ ਹੁੰਦੇ ਹਨ। ਛੇ ਜੇ.ਸੀ.ਓ./ਐਨ.ਜੀ.ਓ. ਸੁਪਰਵਾਇਜ਼ਰੀ ਲਈ ਨਿਯੁਕਤ ਕੀਤੇ ਗਏ ਹਨ। ਰਿਪੋਰਟਾਂ ਅਤੇ ਰਿਟਰਨਜ਼ ਦੇ ਸੰਕਲਨ ਵਾਸਤੇ ਕੰਟਰੋਲ ਰੂਮ ਵਿੱਚ ਛੇ ਕੰਪਿਊਟਰ ਆਪ੍ਰੇਟਰ ਅਤੇ ਖਾਤਿਆਂ ਦੇ ਰੱਖ-ਰਖਾਅ ਲਈ ਇੱਕ ਅਕਾਊਂਟਸ ਕਲਰਕ ਦਫਤਰੀ ਕਾਰਜ ਨੂੰ ਸੁਹਿਰਦਤਾ ਨਾਲ ਨਿਭਾਅ ਰਹੇ ਹਨ। ਕੇਂਦਰੀ ਕੰਟਰੋਲ ਰੂਮ ਕਮੇਟੀ ਲੋੜੀਂਦਾ ਤਾਲਮੇਲ ਸਥਾਪਿਤ ਕਰਨ ਲਈ ਚੇਅਰਮੈਨ ਦੀ ਅਗਵਾਈ ਹੇਠ ਕੰਮ ਕਰਦੀ ਹੈ। ਤਾਲਮੇਲ ਕਮੇਟੀ ਦੋ ਮੁੱਖ ਕਾਰਜ ਜਿਵੇਂ ਕਿ ਰਿਟਰਨਾਂ ਦੀ ਪ੍ਰਾਪਤੀ ਹੋਣ ਉਪਰੰਤ ਉਨ੍ਹਾਂ ਦਾ ਨਿਰੀਖਣ ਅਤੇ ਵਿਸ਼ਲੇਸ਼ਣ ਕਰਕੇ ਯੋਗ ਕਾਰਵਾਈ ਲਈ ਸਬੰਧਤ ਵਿਭਾਗ ਨੂੰ ਭੇਜਣਾ ਤਾਂ ਕਿ ਪ੍ਰਸ਼ਾਸ਼ਕੀ ਢਾਂਚੇ ਰਾਹੀਂ ਕੁਸ਼ਲਤਾਪੂਰਵਕ ਢੰਗ ਨਾਲ ਕਾਰਜਾਂ ਦੀ ਸਮੀਖਿਆ ਹੋ ਸਕੇ। ਇਸ ਤੋਂ ਛੁੱਟ ਸਮੇਂ-ਸਮੇਂ ਤੇ ਰਾਜ ਅਤੇ ਜ਼ਿਲ੍ਹਾ ਪੱਧਰ ਤੇ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਕਰਾਉਣਾ ਅਤੇ ਸਰਕਾਰ ਦੁਆਰਾ ਲੋਕ ਭਲਾਈ ਲਈ ਚਲਾਈਆਂ ਸਕੀਮਾਂ ਨੂੰ ਸਫਲਤਾ ਪੂਰਵਕ ਲਾਗੂ ਕਰਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰਨਾ।

ਕਾਰਜ-ਸੰਚਾਲਨ ਪ੍ਰਣਾਲੀ-ਪਿੰਡ ਪੱਧਰ ਤੇ ਖੁਸ਼ਹਾਲੀ ਦੇ ਰਾਖੇ ਹੀ ਇਸ ਸਕੀਮ ਦਾ ਆਧਾਰ ਹਨ ਅਤੇ ਇਹਨਾਂ ਦੀ ਕਾਰਜ-ਕੁਸ਼ਲਤਾ ਦੇ ਆਧਾਰ ਤੇ ਹੀ ਇਸ ਸਕੀਮ ਦੀ ਸਫਲਤਾ ਨਿਰਭਰ ਕਰਦੀ ਹੈ। ਹਰ ਪਿੰਡ ਦਾ ਜੀ.ਓ.ਜੀ. ਪਿੰਡ ਪੱਧਰ ਤੇ ਵੱਖ-ਵੱਖ ਵਿਭਾਗਾਂ ਦੀਆਂ ਵੱਖ-ਵੱਖ ਸਕੀਮਾਂ ਤੇ ਨਜ਼ਰ ਰੱਖੇਗਾ ਅਤੇ ਜੇਕਰ ਕੋਈ ਤਰੁੱਟੀਆਂ ਪਾਈ ਜਾਂਦੀ ਹੈ ਤਾਂ ਆਪਣਾ ਪ੍ਰਤੀਕਰਮ ਦੇਵੇਗਾ। ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਸਰਕਾਰ ਦੀਆਂ ਸਕੀਮਾਂ ਦਾ ਲਾਭ ਸਮਾਜ ਦੇ ਸਭ ਤੋਂ ਪਛੜੇ ਵਰਗਾਂ ਤੱਕ ਪਹੁੰਚੇ। ਰਾਜ ਸਰਕਾਰ ਵੱਲੋਂ ਸਮੇਂ-ਸਿਰ ਪਿੰਡ ਦੇ ਜੀ.ਓ.ਜੀ. ਨੂੰ ਜ਼ਰੂਰਤ ਪੈਣ ਤੇ ਕੋਈ ਹੋਰ ਡਿਊਟੀ ਵੀ ਦਿੱਤੀ ਜਾ ਸਕਦੀ ਹੈ। ਹਰ ਇੱਕ ਖੁਸ਼ਹਾਲੀ ਦੇ ਰਾਖੇ ਕੋਲ ਸਕੀਮਾਂ ਦੀ ਚੈੱਕ-ਲਿਸਟ ਅਤੇ ਇੱਕ ਐਂਡਰਾਇਡ ਸੈੱਲਫੋਨ ਰਹੇਗਾ। ਪਿੰਡ ਪੱਧਰ ਦੇ ਖੁਸ਼ਹਾਲੀ ਦੇ ਰਾਖੇ ਮੂਲ ਰੂਪ ਵਿੱਚ ਪ੍ਰਸ਼ਾਸਨ ਦੀਆਂ ਅੱਖਾਂ ਅਤੇ ਕੰਨਾਂ ਦਾ ਕੰਮ ਕਰਨਗੇ। ਸਕੀਮਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਤੋਂ ਇਲਾਵਾ ਉਹ ਸਿਹਤ ਸੰਭਾਲ, ਵਿਦਿਆ, ਪੀਣ ਵਾਲਾ ਪਾਈ ਅਤੇ ਬਿਜਲੀ

**ਕੇਂਦਰੀ ਕੰਟਰੋਲ ਰੂਮ-ਸੁਖਾਵੀਂ ਕਾਰਜ ਪ੍ਰਣਾਲੀ ਚਲਾਉਣ ਲਈ ਇੱਕ ਉੱਚ-ਪੱਧਰੀ ਕੇਂਦਰੀ ਕੰਟਰੋਲ ਰੂਮ ਹੁੰਦਾ ਹੈ। ਇਸ ਵਿੱਚ ਇੰਚਾਰਜ ਬ੍ਰਿਗੇਡੀਅਰ ਜਾਂ ਉਸ ਤੋਂ ਉਪਰਲੇ ਰੈਂਕ ਦਾ ਸੇਵਾ-ਮੁਕਤ ਫੌਜੀ ਅਫਸਰ ਕੰਟਰੋਲ ਰੂਮ ਦਾ ਅਤੇ ਸਮੂਹ ਢਾਂਚੇ ਦਾ ਇੰਚਾਰਜ ਹੁੰਦਾ ਹੈ। ਦਫਤਰੀ ਕਾਰਜ ਪ੍ਰਬੰਧਨ ਨਿਯੰਤਰਣ ਲਈ ਤਿੰਨ ਅਧਿਕਾਰੀ ਜੋ ਸੇਵਾ ਮੁਕਤ ਕਰਨਲ-ਲੈਫਟੀਨੈਂਟ ਕਰਨਲ-ਮੇਜਰ ਰੈਂਕ ਦੇ ਫੌਜੀ ਅਧਿਕਾਰੀ ਹੁੰਦੇ ਹਨ। ਛੇ ਜੇ.ਸੀ.ਓ./ਐਨ.ਜੀ.ਓ. ਸੁਪਰਵਾਇਜ਼ਰੀ ਲਈ ਨਿਯੁਕਤ ਕੀਤੇ ਗਏ ਹਨ।**

ਆਦਿ ਸੇਵਾਵਾਂ ਦੀ ਵੀ ਰਿਪੋਰਟ ਕਰਨਗੇ। ਉਹ ਪਿੰਡਾਂ ਦੇ ਲੋਕਾਂ ਨੂੰ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦੇਣਗੇ ਅਤੇ ਇਹ ਵੀ ਦੇਖਣਗੇ ਕਿ ਕੀ ਸਕੀਮਾਂ ਉਹਨਾਂ ਤੱਕ ਪਹੁੰਚ ਰਹੀਆਂ ਹਨ । ਫਿਰ ਇਕੱਤਰ ਜਾਣਕਾਰੀ ਕੇਂਦਰੀ ਕੰਟਰੋਲ ਰੂਮ ਨੂੰ ਦੇਣਗੇ । ਇਹ ਪ੍ਰਸ਼ਾਸਨ ਦੀ ਸਹਾਇਤਾ ਲਈ ਇਕ ਸੂਚਨਾ-ਪ੍ਰਣਾਲੀ ਹੈ। ਇਹ ਨਾ ਤਾਂ ਪ੍ਰਸ਼ਾਸਨ ਦੀ ਜਗ੍ਹਾ ਤੇ ਕੰਮ ਕਰੇਗਾ। ਪਿੰਡ ਪੱਧਰ ਇਸ ਸਕੀਮ ਦਾ ਅਤਿ ਆਧੁਨਿਕ ਪੱਧਰ ਹੈ। ਇਸ ਪੱਧਰ ਤੇ ਹਰ ਜੀ.ਓ.ਜੀ. ਵਿੱਚ ਇੱਕ ਸਾਬਕਾ ਫੌਜੀ ਹੋਵੇਗਾ।

ਤਹਿਸੀਲ ਪੱਧਰ ਤੇ ਸਬ-ਡਵੀਜ਼ਨਲ ਮੈਜਿਸਟ੍ਰੇਟ ਦੀ ਅਗਵਾਈ ਹੇਠ ਤਹਿਸੀਲ ਪੱਧਰ ਦੀ ਕਮੇਟੀ ਜੋ ਤਹਿਸੀਲ ਵਿਚਲੇ ਜੀ.ਓ.ਜੀ. ਤੋਂ ਪ੍ਰਾਪਤ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੇਗੀ ਅਤੇ ਸਬੰਧਤ ਵਿਭਾਗਾਂ ਨੂੰ ਜ਼ਰੂਰੀ ਨਿਰਦੇਸ਼ ਦਿੰਦੀ ਹੈ ਕਿ ਉਹ ਆਈਆਂ ਰਿਪੋਰਟਾਂ ਤੇ ਲੋੜੀਂਦੀ ਕਾਰਵਾਈ ਕਰਨ। ਤਹਿਸੀਲ ਪੱਧਰੀ ਜੀ.ਓ.ਜੀ ਵਿੱਚ ਪਹਿਲ ਦੇ ਤੌਰ ਤੇ ਇੱਕ ਸੇਵਾ-ਮੁਕਤ ਆਨਰੇਰੀ ਕਮਿਸ਼ਨਡ ਅਫਸਰ ਅਤੇ ਉਸ ਦੀ ਸਹਾਇਤਾ ਲਈ ਦੋ ਜੇ.ਸੀ.ਓ./ਐਨ.ਸੀ.ਓ. ਹੋਣਗੇ। ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਅਧੀਨ ਇੱਕ ਜ਼ਿਲ੍ਹਾ ਪੱਧਰੀ ਕਮੇਟੀ ਹੋਵੇਗੀ ਜੋ ਜ਼ਿਲ੍ਹੇ ਵਿਚਲੇ ਜੀ.ਓ.ਜੀ. ਤੋਂ ਪ੍ਰਾਪਤ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੇਗੀ ਅਤੇ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦੇਵੇਗੀ ਕਿ ਉਹ ਇਹਨਾਂ ਰਿਪੋਰਟਾਂ ਤੇ ਲੋੜੀਂਦੀ ਕਾਰਵਾਈ ਕਰਨ। ਜ਼ਿਲ੍ਹਾ ਪੱਧਰੀ ਜੀ.ਓ.ਜੀ. ਵਿੱਚ ਹੇਠ ਲਿਖੇ ਮੈਂਬਰ ਹੋਣਗੇ:- ਲੈਫਟੀਨੈਂਟ ਕਰਨਲ ਜਾਂ ਇਸ ਤੋਂ ਉਪਰਲੇ ਰੈਂਕ ਦਾ ਇਕ ਅਫਸਰ ਉਸ ਦੇ ਨਾਲ ਸਹਾਇਤਾ ਲਈ ਇੱਕ ਮੇਜਰ ਅਤੇ ਦੋ ਜੇ.ਸੀ.ਓ./ਐਨ.ਸੀ.ਓ. ਅਤੇ ਇੱਕ ਬਿੱਲ ਕਲਰਕ ਜਾਂ ਡਾਟਾ ਐਂਟਰੀ ਓਪਰੇਟਰ ਤਾਇਨਾਤ ਕੀਤੇ ਗਏ ਹਨ।

ਉਦੇਸ਼-ਇਸ ਸਕੀਮ ਦਾ ਉਦੇਸ਼ ਪੰਜਾਬ ਸਰਕਾਰ ਵੱਲੋਂ ਸਮਾਜ ਨੂੰ ਜਨਤਕ ਤੌਰ ਤੇ ਪ੍ਰਦਾਨ ਕੀਤੀਆਂ ਜਾਂਦੀਆਂ ਵੱਖ-ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਦੇ ਲਾਗੂ ਹੋਣ ਦੀ ਨਿਗਰਾਨੀ ਕਰਨਾ ਹੈ ਤਾਂ ਕਿ ਸਮਾਜ ਦੇ ਹਰ ਵਰਗ ਤੱਕ ਲੋੜੀਂਦਾ ਮੁਆਵਜ਼ਾ ਅਤੇ ਸਹਾਇਤਾ ਲੋੜਵੰਦਾਂ ਤੱਕ ਪਹੁੰਚੇ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਦੀਆਂ ਨਲਾਇਕੀਆਂ ਤੇ ਪੰਚਾਇਤ ਪੱਧਰ ਤੇ ਹੁੰਦੀ ਘਪਲੇਬਾਜ਼ੀ ਦਾ ਪਰਦਾਫਾਸ਼ ਹੋ ਸਕੇ। ਮਨਜ਼ੂਰਸ਼ੁਦਾ ਵੱਖ-ਵੱਖ ਸਰਕਾਰੀ ਸਕੀਮਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਉੱਚ-ਪੱਧਰੀ ਸਰਕਾਰੀ ਤੰਤਰ ਤੋਂ ਲੈ ਕੇ ਪਿੰਡ ਪੱਧਰ ਤੱਕ ਲਾਗੂ ਹੋਣ ਨੂੰ ਯਕੀਨੀ ਬਣਾਉਣਾ ਤਾਂ ਕਿ ਸਕੀਮਾਂ ਦਾ ਲਾਭ ਲਾਈਨ ਵਿੱਚ ਖੜ੍ਹੇ ਆਖਰੀ ਵਿਅਕਤੀ ਤੱਕ ਪਹੁੰਚੇ। ਪਿੰਡ ਪੱਧਰ ਤੱਕ ਪ੍ਰਸ਼ਾਸਨ ਦੇ ਸਾਰੇ ਪੱਧਰਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਕੀਮਾਂ ਲਾਗੂ ਕਰਨ ਲਈ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣਾ। ਆਮ ਆਦਮੀ ਦਾ ਪ੍ਰਸ਼ਾਸਨ ਵਿੱਚ ਵਿਸ਼ਵਾਸ ਪੈਦਾ ਕਰਨ ਵਿੱਚ ਪੁਰਜ਼ੋਰ ਮਦਦ ਕਰਨਾ।

ਈ-ਮੇਲ:-
chambalgurpreetsingh@gmail.com





# ਚਿੱਟੇ ਨੇ ਘਰ ਹੀ ਤਬਾਹ ਕਰ ਦਿੱਤਾ

ਜਗਦੇਵ ਸਿੰਘ ਤੇ ਮੈ ਦੋਵੇ ਲਗਭੱਗ ਇਕੋ ਜਿੰਨੀ ਉਮਰ ਦੇ ਸੀ ।ਜਿਸ ਕਰਕੇ ਸਾਡੇ ਦੋਹਾਂ ਵਿੱਚ ਪਿਆਰ ਵੀ ਬਹੁਤ ਹੁੰਦਾ ਸੀ ਇਕੱਠੇ ਹੀ ਸਕੂਲ ਜਾਂਦੇ ਤੇ ਇਕੱਠੇ ਹੀ ਆ ਕੇ ਫਿਰ ਖੇਡਦੇ ਹੁੰਦੇ ਸੀ ।ਜਗਦੇਵ ਦਾ ਦਾਦਾ ਸੰਤਾਲੀ ਤੋਂ ਪਹਿਲਾਂ ਲਹੌਰ ਜਿਲ੍ਹੇ ਦੇ ਇਕ ਪਿੰਡ ਦਾ ਨੰਬਰਦਾਰ ਸੀ ।ਇਧਰ ਆ ਕੇ ਵੀ ਨੰਬਰਦਾਰੀ ਉਹਨਾਂ ਕੋਲ ਹੀ ਰਹੀ ।ਜਮੀਨ ਜਾਇਦਾਦ ਖੁਲੀ- ਡੁਲੀ ਹੋਣ ਕਰਕੇ ਪੈਸਾ ਧੇਲਾ ਵੀ ਬਹੁਤ ਸੀ ।ਇੱਧਰ ਆ ਕੇ ਵੀ ਕਾਫੀ ਜਮੀਨ ਇਹਨਾਂ ਨੇ ਖਰੀਦ ਲਈ ਸੀ ।ਜਗਦੇਵ ਦਾ ਪਿਉ ਤੇ ਦਾਦਾ ਇੱਕਲੇ ਇੱਕਲੇ ਸੀ ।ਪਰ ਅਗੋ ਜਗਦੇਵ ਹੋਰੀ ਪੰਜ ਭਰਾ ਸਨ ਤੇ ਸਾਰੇ ਹੀ ਭਰਾ ਜਗਦੇਵ ਤੋਂ ਵਡੇ ਸਨ। ਜਗਦੇਵ ਨਿੱਕਾ ਹੋਣ ਕਰਕੇ ਮਾਂ ਪਿਉ ਦਾ ਲਾਡਲਾ ਪੁੱਤਰ ਸੀ ।ਜਗਦੇਵ ਨੂੰ ਕਦੇ ਕੋਈ ਕੰਮ ਨਾ ਦੱਸਣਾ । ਜਗਦੇਵ ਨੇ ਵੀ ਖੇਤ ਵਿੱਚ ਕਿਸੇ ਨਾਲ ਕੋਈ ਕੰਮ ਨਾ ਕਰਾਉਣਾ ।ਸਾਰਿਆਂ ਨੇ ਪਿਆਰ ਨਾਲ ਇਸ ਨੂੰ ਨਿੱਕਾ ਨਿੱਕਾ ਕਹਿ ਕੇ ਛੱਡ ਦੇਣਾ ।ਵਡਿਆ ਭਰਾਵਾਂ ਦੇ ਵਿਆਹ ਹੋ ਗਏ ਉਹ ਹੋਲੀ ਹੋਲੀ ਚਾਰੇ ਵੱਖਰੇ ਹੋ ਗਏ ।ਜਗਦੇਵ ਸਕੂਲੋ ਵੀ ਹਟ ਗਿਆ ।ਹੁਣ ਇਸ ਕੋਲ ਦੋ ਹਿਸਿਆਂ ਦੀ ਜਮੀਨ ਆ ਗਈ ।ਕਿਉਂਕਿ ਨੰਬਰਦਾਰ ਤੇਜਾ ਸਿੰਘ ਨੇ ਆਪਣਾ ਹਿਸਾ ਪੂਰਾ ਕੱਢਿਆ ਸੀ ।ਹੁਣ ਮੁਸੀਬਤ ਇਹ ਆ ਗਈ ਕਿ ਨਾ ਸਾਰੀ ਉਮਰ ਕੰਮ ਨਾ ਪਿਉ ਨੇ ਕੀਤਾ ਸੀ ਤੇ ਨਾ ਪੁੱਤਰ ਨਿੱਕੇ ਨੇ ।ਵਾਹੀ ਕਰਨੀ ਦੋਹਾਂ ਵਾਸਤੇ ਪਹਾੜ ਨਜ਼ਰ ਆਉਣ ਲਗ ਪਿਆ ।ਸਾਰੀ ਜ਼ਮੀਨ ਇੱਕ ਜ਼ਿਮੀਦਾਰ ਨੂੰ ਠੇਕੇ ਤੇ ਦੇ ਦਿੱਤੀ ।ਉਹ ਜ਼ਿਮੀਦਾਰ ਬੜਾ ਤੇਜ਼ ਸੀ ਉਸ ਨੇ ਠੇਕੇ ਦੇ ਪੈਸੇ ਕਦੇ ਵੀ ਪੂਰੇ ਇਕ ਮੁੱਠ ਨਹੀਂ ਦਿੱਤੇ ਸਨ ।ਜਿਮੀਦਾਰ ਨੇ ਹੋਲੀ ਹੋਲੀ ਕਰਕੇ ਨਿੱਕੇ ਨੂੰ ਸ਼ਰਾਬ ਪੀਣ ਤੇ ਲਾ ਦਿੱਤਾ ।ਅੱਜ ਹੋਰ ਕਲ ਹੋਰ ਪਿਉ ਨੇ ਕਦੇ ਪੁੱਛਿਆ ਹੀ ਨਾ ਕਿ ਨਿੱਕਾ ਕਦੋ ਘਰ ਆਉਂਦਾ ਤੇ ਕਦੋ ਘਰੋਂ ਬਾਹਰ ਜਾਂਦਾ ਏ ।ਕਦੇ ਕਦੇ ਭਰਾਵਾਂ ਤੇ ਭਰਜਾਈਆਂ ਨੇ ਜ਼ਰੂਰ ਸ਼ਕਾਇਤ ਮਾਂ ਨੂੰ ਕਰ ਦੇਣੀ ਕਿ ਆਪਣਾ ਨਿੱਕਾ ਸ਼ਰਾਬ ਪੀਣ ਲਗ ਪਿਆ ਏ ।ਮਾਂ ਨੇ ਇਹੋ ਹੀ ਕਹਿਣਾ ਮੇਰਾ ਪੁੱਤਰ ਕਦੇ ਗਲਤ ਕੰਮ ਨਹੀਂ ਕਰਦਾ ।ਨਾਲ ਹੀ ਇਹ ਕਹਿ ਦੇਣਾ ਕਿ ਤੁਹਾਨੂੰ ਨਿੱਕਾ ਵੈਸੇ ਹੀ ਚੰਗਾ ਨਹੀਂ ਲਗਦਾ ।ਉਹਨਾਂ ਕਹਿਣਾ ਬੇਬੇ ਫਿਰ ਸਾਨੂੰ ਕੀ । ਇਕ ਦਿਨ ਤੂੰ ਜ਼ਰੂਰ ਪਛਤਾਏਗੀ ।

ਨਿੱਕੇ ਨੇ ਰੱਜ ਕੇ ਦਾਰੂ ਨਾਲ ਆਉਣਾ ਕਦੇ ਰੋਟੀ ਖਾਣੀ ਕਦੇ ਨਾ ਖਾਣੀ ।ਸਾਰਾ ਸਾਰਾ ਦਿਨ ਸੁਤੇ ਰਹਿਣਾ ਫਿਰ ਸਾਮਾਂ ਵੇਲੇ ਉਹਨਾਂ ਦੇ ਘਰ ਪਹੁੰਚ ਜਾਣਾ ।ਪਿਉ ਮੰਜੇ ਤੇ ਪੈ ਗਿਆ ਹੁਣ ਸਾਰਾ ਲੈਣ ਦੇਣ ਨਿੱਕਾ ਆਪ ਕਰਨ ਲਗ ਪਿਆ ।ਠੇਕਾ ਵੀ ਪੰਤਾਲੀਆਂ ਕਿਲਿਆਂ ਦੇ ਬਹੁਤ ਬਣ ਜਾਂਦਾ ਸੀ। ਪਰ ਅਗਲੇ ਠੇਕੇ ਤੋਂ ਪਹਿਲਾਂ ਸਾਰੇ ਪੈਸੇ ਖਤਮ ਕਰ ਲੈਂਦਾ ਸੀ ।ਜਮੀਨ ਜਾਇਦਾਦ ਚੋਖੀ ਹੋਣ ਕਰਕੇ ਨਿੱਕਾ ਵਿਆਹਿਆ ਗਿਆ ।ਸੁਖ ਨਾਲ ਦੋ ਮੁੰਡੇ ਤੇ ਇਕ ਕੁੜੀ ਵੀ ਹੋ ਗਈ ।ਵਾਹੀ ਕਰਨ ਦੀ ਬਜਾਏ ਨਸ਼ੇ ਵਲ ਰੁਝਾਨ ਵੱਧਦਾ ਗਿਆ ,ਸ਼ਰਾਬ ਦੇ ਨਾਲ ਅਫ਼ੀਮ ਵੀ ਖਾਣ ਲਗ ਪਿਆ ।ਇਕ ਦਿਨ ਨੰਬਰਦਾਰ ਤੇਜਾ ਸਿੰਘ ਵੀ ਮੂੰਹ ਲਪੇਟ ਗਿਆ ਤੇ ਥੋੜ੍ਹੇ ਦਿਨਾਂ ਬਾਹਦ ਬੇਬੇ ਵੀ ਚਲਦੀ ਬਣੀ । ਹੁਣ ਨਿੱਕੇ ਦੇ ਮੁੰਡੇ ਵੀ ਬਹੁਤਾ ਨਾ ਪੜ੍ਹ ਸਕੇ ।ਪਿਓ ਸ਼ਰਾਬੀ ਹੋਣ ਦਾ ਫਾਇਦਾ ਪੁੱਤਰ ਲੈਣ ਲਗੇ ।ਪਿਉ ਮੰਜੀ ਉਤੇ ਪੈ ਗਿਆ ਉਸ ਨੂੰ ਸ਼ਰਾਬ ਦੀ ਬੋਤਲ ਸਵੇਰੇ ਲਿਆ ਦੇਣੀ ।ਉਸ ਨੇ ਹੋਲੀ ਹੋਲੀ ਕਰਕੇ ਸਾਰੀ ਬੋਤਲ ਸ਼ਾਮ ਤਕ ਖਤਮ ਕਰ ਦੇਣੀ ਤੇ ਫਿਰ ਅਫੀਮ ਦੀ ਡਲੀ ਖਾ ਕੇ ਸੌਂ ਜਾਣਾ ।ਕਈਂ ਸਾਲ ਇਹ ਸਿਲਸਿਲਾ ਚਲਦਾ ਰਿਹਾ ਆਖਿਰ ਜਗਦੇਵ ਸਿੰਘ ਨਿੱਕਾ ਵੀ ਮੌਤ ਦੇ ਘੇਰੇ ਵਿਚ ਆ ਗਿਆ । ਦੋਹਾਂ ਮੁੰਡਿਆਂ ਨੇ ਚਿੱਟੇ ਦਾ ਨਸ਼ਾ ਲਾ ਲਿਆ ।ਨਸ਼ਾ ਵੀ ਇਨ੍ਹਾਂ ਕੁ ਕਿ ਕਹਿਣ ਦੀ ਕੋਈ ਹੱਦ ਹੀ ਨਾ ਰਹੀ ।ਦੋਵੇਂ ਭਰਾ ਇਕ ਦੂਜੇ ਤੋਂ ਚੋਰੀ ਨਸ਼ਾ ਕਰਦੇ ਰਹੇ ।ਜੇ ਕਿਸੇ ਨੇ ਸਮਝਾਉਣ ਦੀ ਕੋਸਿਸ ਵੀ ਕਰਨੀ ਤਾਂ ਅਗੋ ਉਹਨਾਂ ਨੂੰ ਪੈ ਜਾਣਾ ਖਾਣ ਨੂੰ ।ਸਾਰੇ ਭੈਣ ਭਰਾ ਰਿਸਤੇਦਾਰ ਮੂੰਹ ਮੋੜ ਗਏ ।ਹੁਣ ਮੁੰਡਿਆਂ ਦਾ ਰਿਸ਼ਤਾ ਤਾਂ ਕਿਥੋਂ ਹੋਣਾ ਸੀ ਕੋਈ ਕੁੜੀ ਦਾ ਰਿਸ਼ਤਾ ਲੈਣ ਵਾਸਤੇ ਤਿਆਰ ਨਹੀਂ ਸੀ ।ਅਚਾਨਕ ਇਕ ਦਿਨ ਮਾਂ ਵੀ ਅਧਰੰਗ ਨਾਲ ਮੰਜੇ ਤੇ ਪੈ ਗਈ ।ਘਰ ਕੁੜੀ ਜਵਾਨ ਹੋਣ ਕਰਕੇ ਨਾਨੀ ਬੁੱਢੀ ਠੇਰੀ ਇਹਨਾਂ ਕੋਲ ਆ ਗਈ ।ਮੁੰਡਿਆਂ ਨੇ ਕਦੇ ਕਿੱਥੇ ਡਿਗ ਪੈਣਾ ਤੇ ਕਦੇ ਕਿਥੇ ,ਜ਼ਮੀਨ ਵੇਚ ਵੇਚ ਕੇ ਖਾਣ ਲਗ ਪਏ ।ਇਕ ਦਿਨ ਵੱਡਾ ਮੁੰਡਾ ਸਰਿੰਜ ਦਾ ਸ਼ਿਕਾਰ ਹੋ ਗਿਆ ।ਚਿੱਟੇ ਦਾ ਟੀਕਾ ਲਾਉਣ ਲਗਿਆਂ ਸਰਿੰਜ ਵਿਚੇ ਹੀ ਰਹਿ ਗਈ । ਜਦੋ ਮਾਂ ਨੇ ਲਾਡਲੇ ਪੁੱਤ ਦੀ ਮੌਤ ਬਾਰੇ ਸੁਣਿਆ ਤੇ ਉਹ ਵੀ ਹੌਕੇ ਨਾਲ ਰੰਗਲੀ ਦੁਨੀਆ ਛੱਡ ਗਈ ।ਇਕੋ ਦਿਨ ਮਾਂ ਤੇ ਪੁੱਤਰ ਦੀ ਅਰਥੀ ਘਰ ਵਿੱਚੋ ਨਿਕਲ ਕੇ ਸਮਸ਼ਾਨ ਘਾਟ ਨੂੰ ਤੁਰ ਗਈ ।ਹੁਣ ਭੈਣ ਭਰਾ ਘਰ ਵਿਚ ਰਹਿ ਗਏ ,ਥੋੜ੍ਹੇ ਸਮੇ ਬਾਹਦ ਰਿਸ਼ਤੇਦਾਰਾਂ ਨੇ ਕੁੜੀ ਦਾ ਵਿਆਹ ਕਰ ਦਿਤਾ ।ਛੋਟੇ ਮੁੰਡੇ ਨੇ ਇਨਾਂ ਕੁਝ ਵੇਖ ਕੇ ਵੀ ਨਸ਼ਾ ਨਾ ਤਿਆਗਿਆ ।ਉਲਟਾ ਹੋਰ ਜਿਆਦਾ ਨਸ਼ਾ ਕਰਨ ਲਗ ਪਿਆ ਜੇ ਕਿਸੇ ਨੇ ਸਮਝਾਉਣਾ ਤਾਂ ਅਗੋ ਜਬਾਬ ਇਹ ਦੇਣਾ ਕਿ ਮੈ ਕਿਹੜਾ ਖੁਸ਼ੀ ਨਾਲ ਨਸ਼ਾ ਕਰਦਾ ਹਾਂ ।ਮੈ ਤਾਂ ਬਹੁਤ ਦੁਖੀ ਹੋ ਗਿਆ ਹਾਂ ਇਸ ਕਰਕੇ ਨਸ਼ਾ ਪੱਤਾ ਕਰਦਾ ਹਾਂ । ਹੁਣ ਥੋੜ੍ਹੇ ਜਿਹੇ ਦਿਨਾਂ ਦੀ ਗੱਲ ਹੈ ਕਿ ਛੋਟਾ ਮੁੰਡਾ ਵੀ ਨਸ਼ੇ ਦੀ ਓਵਰਡੋਜ਼ ਨਾਲ ਬੇਹੋਸ਼ ਹੋਇਆ ਮੋਟਰ ਦੀ ਕੋਠੀ ਤੇ ਡਿੱਗ ਗਿਆ ਸੀ ।ਸਹੀ ਵਕਤ ਤੇ ਚੁੱਕ ਕੇ ਉਸ ਨੂੰ ਹਸਪਤਾਲ ਵਿਚ ਲੈ ਗਏ ਜਿਸ ਕਰਕੇ ਉਸ ਦਿਨ ਉਹ ਬਚ ਗਿਆ ।ਹੁਣ ਜਿੱਥੇ ਉਸ ਦਾ ਇਲਾਜ਼ ਚਲ ਰਿਹਾ ਹੈ, ਉਥੇ ਵੀ ਮੁੰਡੇ ਦੇ ਦੋਸਤ ਉਸ ਨੂੰ ਨਸ਼ਾ ਦੇ ਕੇ ਆ ਜਾਂਦੇ ਹਨ ।ਹੁਣ ਉਹ ਸਰੀਰਕ ਤੋਰ ਤੇ ਬਹੁਤ ਕਮਜ਼ੋਰ ਹੋ ਚੁਕਾ ਹੈ ।ਹੁਣ ਦਿਨ ਵੀ ਜੇ ਕਿਸੇ ਦੋਸਤ ਨੇ ਉਸ ਨੂੰ ਜਿਆਦਾ ਡੋਜ਼ ਦੇ ਦਿੱਤੀ ਤਾਂ ਸਮਝੋ ਉਹ ਵੀ ਰੱਬ ਨੂੰ ਪਿਆਰਾ ਹੋ ਜਾਵੇਗਾ ।ਹੁਣ ਉਸ ਨੰਬਰਦਾਰ ਦੇ ਪੋਤਰੇ ਦਾ ਕੋਈ ਪਤਾ ਲੈਣ ਵੀ ਨਹੀਂ ਜਾਂਦਾ ।ਘਰ ਤਾਂ ਖੰਡਰ ਬਣ ਕੇ ਰਹਿ ਗਿਆ ਏ ,ਇਥੇ ਤਾਂ ਕਿਸੇ ਕੀ ਆਉਣਾ ਹੈ ।




ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
ਸੰਪਰਕ 7589155501

# ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਯੋਗ,ਪ੍ਰਾਣਾਯਾਮ ਅਤੇ ਧਿਆਨ ਨਾਲ ਵੀ ਜੋੜੋ

ਵਧੀਆ ਨਤੀਜੇ ਅਤੇ ਵਧੀਆ ਅੰਕ ਹਾਸਲ ਕਰਨ ਦੀ ਦੌੜ ਵਿਚ ਵਿਦਿਆਰਥੀ ਵਰਗ ਇਕ ਚਾਹੇ-ਅਣਚਾਹੇ ਬੋਝ ਹੇਠ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੈ। ਸਿੱਖਿਆ ਦੇ ਖੇਤਰ ਵਿਚ ਕੰਪੀਟੀਸ਼ਨ ਐਨਾ ਵਧ ਗਿਆ ਹੈ ਕਿ ਸਾਡੇ ਫੁੱਲਾਂ ਜਿਹੇ ਬੱਚੇ ਇਸ ਕਸੌਟੀ ਤੇ ਖਰਾ ਉਤਰਨ ਲਈ ਦਿਨ-ਰਾਤ ਇਕ ਕਰ ਰਹੇ ਹਨ।ਦੇਸ਼ ਦੀ ਜਨਸੰਖਿਆ ਵੱਧ ਹੋਣ ਕਾਰਣ ਵੀ ਆਪਣੀ ਹੋਂਦ ਬਣਾਉਣੀ ਅਤੇ ਉਸ ਨੂੰ ਕਾਇਮ ਰੱਖਣਾ ਇਕ ਵੱਡੀ ਚੁਣੌਤੀ ਬਣ ਚੁਕੀ ਹੈ।ਇਸ ਚੁਣੌਤੀ ਦਾ ਸਾਹਮਣਾ ਜਿੱਥੇ ਵਿਦਿਆਰਥੀ ਵਰਗ ਕਰ ਰਿਹਾ ਹੈ ਓਥੇ ਓਹਨਾਂ ਦੇ ਮਾਪੇ ਵੀ ਆਪਣੇ ਬੱਚਿਆਂ ਦੇ ਟੀਚਾ ਪ੍ਰਾਪਤੀ ਦੇ ਰਾਹ ਨੂੰ ਸੁਖਾਲਾ ਕਰਨ ਵਿਚ ਆਪ ਉਲਝੇ ਰਹਿੰਦੇ ਹਨ।ਗਹੁ ਨਾਲ ਵੇਖੀਏ ਤਾਂ ਜ਼ਿੰਦਗੀ ਇਕ ਦੌੜ ਤੋਂ ਵੱਧ ਕੁਝ ਨਹੀਂ ਜਾਪਦੀ। ਇਸ ਦੌੜ ਵਿਚ ਬੱਚੇ ਇਕ ਮਸ਼ੀਨ ਬਣ ਕੇ ਰਹਿ ਗਏ ਹਨ। ਕਿਉਂ ਨਾ ਅਸੀਂ ਆਪਣੇ ਬੱਚਿਆਂ ਨੂੰ ਉਹਨਾਂ ਲੀਹਾਂ ਤੇ ਤੋਰੀਏ ਜਿੱਥੇ ਉਹ ਸਫਲਤਾ ਲਈ ਹੋ ਰਹੀ ਦੌੜ ਵਿਚ ਹਿੱਸਾ ਵੀ ਲੈਣ ਤੇ ਉਸ ਦੌੜ ਦਾ ਆਨੰਦ ਵੀ ਮਾਨਣ। ਭਾਰਤ ਦੀ ਪਾਕ-ਪਵਿੱਤਰ ਧਰਤੀ ਨੂੰ ਅਨੇਕਾਂ ਰਿਸ਼ੀਆਂ-ਮੁਨੀਆਂ ਨੇ ਆਪਣੇ ਗਿਆਨ ਦੀ ਗੰਗਾ ਨਾਲ ਨਿਰਮਲ ਕੀਤਾ ਹੈ ਜਿਨ੍ਹਾਂ ਵਿਚੋਂ ਇਕ ਹੈ ਯੋਗ,ਪ੍ਰਾਣਾਯਾਮ ਅਤੇ ਧਿਆਨ।ਹੁਣ ਤਾਂ ਵਿਗਿਆਨ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਉਪਰੋਕਤ ਕਿਰਿਆਵਾਂ ਵਿਅਕਤੀ ਦੇ ਸਰੀਰਕ,ਮਾਨਸਿਕ,ਵਿਵਹਾਰਕ ,ਭਾਵਨਾਤਮਕ ਅਤੇ ਅਧਿਆਤਮਕ ਪੱਖ ਵਿਚ ਸਕਾਰਾਤਮਕ ਵਾਧਾ ਕਰਦੀਆਂ ਹਨ। ਯੋਗ ਬਾਰੇ ਘੋਖੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਰੋਜ਼ਾਨਾ ਯੋਗ ਕਰਨ ਨਾਲ ਵਿਦਿਆਰਥੀਆਂ ਦਾ ਸਰਵ-ਅੰਗੀ ਵਿਕਾਸ ਹੁੰਦਾ ਹੈ।ਸਰੀਰ ਦੀਆਂ ਮਾਸਪੇਸ਼ੀਆਂ ਤਾਕਤਵਰ ਹੁੰਦੀਆਂ ਹਨ,ਚੁਸਤੀ-ਫੁਰਤੀ ਆਉਂਦੀ ਹੈ ਅਤੇ ਰੋਗਾਂ ਨਾਲ ਲੜਨ ਦੀ ਤਾਕਤ ਵਧਦੀ ਹੈ।ਬੱਚੇ ਵਿਚ ਉਤਸ਼ਾਹ ਹੋਣ ਕਾਰਨ ਉਹ ਹਰ ਕੰਮ ਨੂੰ ਖਿੜੇ ਮੱਥੇ ਸਵੀਕਾਰਦੇ ਹਨ ਅਤੇ ਓਹਨਾਂ ਵਿਚ ਜ਼ਿਆਦਾ ਮਿਹਨਤ ਕਰਨ ਦੀ ਭਾਵਨਾ ਜਨਮ ਲੈਂਦੀ ਹੈ।

ਇਸ ਤੋਂ ਬਾਅਦ ਵਾਰੀ ਆਉਂਦੀ ਹੈ,ਪ੍ਰਾਣਾਯਾਮ ਦੀ।ਇਸ ਵਿਚ ਸਰੀਰ ਦੇ ਨਾਲ ਨਾਲ ਸਾਹ ਤੇ ਵੀ ਪਕੜ ਬਣਾਈ ਜਾ ਸਕਦੀ ਹੈ।ਪ੍ਰਾਣਾਯਾਮ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ,ਪ੍ਰਾਣ ਅਤੇ ਆਯਾਮ।ਪ੍ਰਾਣ ਤੋਂ ਭਾਵ ਹੈ ਊਰਜਾ ਜਾਂ ਜੀਵਨ ਨੂੰ ਚਲਾਉਣ ਵਾਲੀ ਸ਼ਕਤੀ।ਆਯਾਮ ਤੋਂ ਭਾਵ ਹੈ.. ਦਿਸ਼ਾ।ਸਾਫ ਜ਼ਾਹਿਰ ਹੈ ਕਿ ਪ੍ਰਾਣਾਯਾਮ ਜੀਵਨ ਸ਼ਕਤੀ ਨੂੰ ਸਹੀ ਸੇਧ ਦੇਣਾ ਹੈ। ਇਕ ਸਧਾਰਨ ਵਿਅਕਤੀ ਆਪਣੇ ਫੇਫੜਿਆਂ ਦੀ ਸਮਰੱਥਾ ਦਾ ਕੇਵਲ ਪੈਂਤੀ ਪ੍ਰਤੀਸ਼ਤ ਹੀ ਇਸਤੇਮਾਲ ਕਰਦਾ ਹੈ ਪਰ ਜੇਕਰ ਉਹ ਪ੍ਰਾਣਾਯਾਮ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਉਤਾਰਦਾ ਹੈ ਤਾਂ ਉਸਦੇ ਫੇਫੜੇ ਪਚਾਸੀ ਪ੍ਰਤੀਸ਼ਤ ਤਕ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ।ਨਤੀਜਾ ਇਹ ਹੁੰਦਾ ਹੈ ਕਿ ਸਰੀਰ ਅਤੇ ਦਿਮਾਗ ਆਪਣੇ ਆਪ ਬਿਮਾਰੀਆਂ ਅਤੇ ਤਨਾਵ ਮੁਕਤ ਹੋ ਜਾਂਦੇ ਹਨ।ਪ੍ਰਾਣਾਯਾਮ ਨਾਲ ਵਿਦਿਆਰਥੀਆਂ ਦੀ ਇਕਾਗਰ ਸ਼ਕਤੀ ਵਧਦੀ ਹੈ ਅਤੇ ਸਰੀਰ ਵਿਚ ਊਰਜਾ ਦਾ ਪ੍ਰਵਾਹ ਵਧਦਾ ਹੈ ਜਿਸ ਨਾਲ ਆਪ ਮੁਹਾਰੇ ਉਹ ਪੜ੍ਹਾਈ ਵਿਚ ਰੁਚੀ ਲੈਂਦੇ ਹਨ। ਪ੍ਰਾਣਾਯਾਮ ਤੋਂ ਬਾਅਦ ਜੇਕਰ ਕੁਝ ਧਿਆਨ(ਮੈਡੀਟੇਸ਼ਨ) ਕਰ ਲਿਆ ਜਾਵੇ ਫੇਰ ਤਾਂ ਸੋਨੇ ਤੇ ਸੁਹਾਗਾ। ਸਰੀਰ ,ਮਨ ਅਤੇ ਆਤਮਾ ਦਾ ਆਪਸੀ ਤਾਲਮੇਲ ਬਣਾਉਂਦਾ ਹੈ ਧਿਆਨ।ਧਿਆਨ ਇਕ ਡੂੰਘੀ ਅਰਾਮ ਦੀ ਅਵਸਥਾ ਨੂੰ ਕਿਹਾ ਜਾ ਸਕਦਾ ਹੈ ਜਿਸ ਵਿਚ ਚੌਂਕੜੀ ਮਾਰ ਕੇ ਪ੍ਰਯਤਨ ਰਹਿਤ ਬੈਠਣਾ ਹੁੰਦਾ ਹੈ। ਵਿਦਿਆਰਥੀ ਰੋਜ਼ ਦਸ ਤੋਂ ਪੰਦਰਾਂ ਮਿੰਟ ਦਾ ਧਿਆਨ ਜ਼ਰੂਰ ਕਰਨ।ਪ੍ਰਾਇਮਰੀ ਵਰਗ ਲਈ ਪੰਜ ਤੋਂ ਸਤ ਮਿੰਟ ਕਾਫੀ ਹੁੰਦੇ ਹਨ।ਅੱਤ ਦਾ ਥੱਕਿਆ ਆਦਮੀ ਵੀਹ ਮਿੰਟ ਦਾ ਧਿਆਨ ਕਰ ਕੇ ਤਰੋ-ਤਾਜ਼ਾ ਹੋ ਜਾਂਦਾ ਹੈ ਕਿਉਂ ਕਿ ਵੀਹ ਮਿੰਟ ਦਾ ਧਿਆਨ ਦੋ ਘੰਟੇ ਦੀ ਨੀਂਦ ਦੇ ਬਰਾਬਰ ਹੁੰਦਾ ਹੈ।ਅੱਜਕਲ ਤਾਂ ਬਹੁਤੇ ਸਕੂਲਾਂ ਅਤੇ ਯੂਨੀਵਰਸਿਟੀਆਂ 'ਚ ਪ੍ਰਾਣਾਯਾਮ ਅਤੇ ਧਿਆਨ ਜ਼ਰੂਰੀ ਕਰ ਦਿੱਤਾ ਗਿਆ ਹੈ।ਧਿਆਨ ਕਰਨ ਨਾਲ ਦਿਮਾਗ ਸ਼ਾਂਤ ਰਹਿੰਦਾ ਹੈ ਅਤੇ ਸਹੀ ਸਮੇਂ ਤੇ ਸਹੀ ਫ਼ੈਸਲੇ ਲੈਣ ਦੀ ਤਾਕਤ ਵਧਦੀ ਹੈ।ਯਾਦ ਸ਼ਕਤੀ ਅਤੇ ਇਕਾਗਰਤਾ ਦਾ ਵਿਕਾਸ ਹੁੰਦਾ ਹੈ।ਦਿਲ ਅਤੇ ਦਿਮਾਗ ਵਿਚ ਬੁਰਾਈਆਂ ਤੋਂ ਲਾਂਭੇ ਹੋਣ ਦੀ ਪ੍ਰਵ੍ਰਿਤੀ ਆਪ ਮੁਹਾਰੇ ਜਨਮ ਲੈਂਦੀ ਹੈ ਅਤੇ ਸਵੈ-ਜਾਗਰੂਕਤਾ ਵਧਦੀ ਹੈ।ਵਿਦਿਆਰਥੀ ਦਾ ਰਚਨਾਤਮਕ ਵਿਕਾਸ ਅਤੇ ਆਤਮ-ਵਿਸ਼ਵਾਸ ਵਿਚ ਵਾਧਾ ਹੁੰਦਾ ਹੈ। ਯੋਗ,ਪ੍ਰਾਣਾਯਾਮ ਅਤੇ ਧਿਆਨ ਨਾਲ



ਸਰੀਰਕ ਅਤੇ ਮਾਨਸਿਕ ਰੋਗ-ਪ੍ਰਤੀਰੋਧਕ ਸਮਰਥਾ ਦਾ ਹੈਰਾਨ ਕਰ ਦੇਣ ਵਾਲਾ ਵਿਕਾਸ ਹੁੰਦਾ ਹੈ।

ਇਸ ਲਈ ਦੋਸਤੋ !ਆਓ..ਅੱਜ ਤੋਂ ਹੀ ਆਪਣੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਉਹਨਾਂ ਨੂੰ ਯੋਗ ,ਪ੍ਰਾਣਾਯਾਮ ਅਤੇ ਧਿਆਨ ਨਾਲ ਜੋੜੀਏ ਤਾਂ ਜੋ ਉਹ ਚੰਗੇ ਇਨਸਾਨ ਬਣਨ ਨਾਲ ਭਵਿੱਖ ਵਿਚ ਦੇਸ਼ ਦੇ ਇਕ ਜਾਗਰੂਕ ਨਾਗਰਿਕ ਬਣ ਕੇ ਉਭਰਨ......ਹੰਭਲਾ ਮਾਰੋ,ਕੱਲ੍ਹ ਕਿਤੇ ਜ਼ਿਆਦਾ ਦੇਰ ਨਾ ਹੋ ਜਾਵੇ।

ਰੇਣੂ ਕੌਸ਼ਲ (ਸਟੇਟ ਅਵਾਰਡੀ)
ਮੋਬ:-9876877607

# ਮਮਤਾ ਦੀ ਮੂਰਤ ਮਾਂ



ਰਾਮੂ- ਬੀਬੀ ਜੀ ਆਜ ਆਪ ਕਾਮ ਪੈ ਕਿਉਂ ਨਹੀਂ ਆਏ, ਸਰਦਾਰਨੀ ਜੀ ਆਪਕੋ ਘਰ ਪੇ ਬੁਲਾ ਰਹੀ ਹੈਂ। ਮਿੰਦੋ- ਵੇ ਪੁੱਤ ਮੈਂ ਤਾਂ ਕੱਲ ਆਥਣ ਤੋਂ ਬਿਮਾਰ ਜਿਹੀ ਹੋਈ ਪਈ ਆਂ, ਪਤਾ ਨਹੀਂ ਟੁੱਟ ਪੈਣਾ ਕੀ ਹੋਇਆ ਪਿਆ। ਚੱਲ ਤੂੰ ਮੈਂ ਆਈ ਤੇਰੇ ਪਿੱਛੇ ਈ ਹੌਲੀ ਹੌਲੀ।

ਰਾਮੂ- ਠੀਕ ਹੈ ਬੀਬੀ ਜੀ, ਮੈਂ ਚਲਤਾ ਹੂੰ ਫਿਰ, ਆਪ ਆ ਜਾਨਾ ਜਲਦੀ ਸੇ।

(ਰਾਮੂ ਸਰਦਾਰਾਂ ਦੇ ਘਰ ਪਹੁੰਚਿਆ ਤਾਂ ਜਾਂਦੇ ਨੂੰ ਸਰਦਾਰਨੀ ਜੀ ਨੇ ਆਵਾਜ਼ ਮਾਰੀ)

ਸਰਦਾਰਨੀ ਜੀ- ਵੇ ਰਾਮੂ ਜਾ ਆਇਆ ਮਿੰਦੋ ਵੱਲ, ਕੀ ਕਹਿੰਦੀ ਉਹ ? ਅੱਜ ਗੋਹਾ ਕੂੜਾ ਕਰਨ ਕਿਉਂ ਨਹੀਂ ਆਈ ਭਲਾਂ।

ਰਾਮੂ- ਜੀ ਸਰਦਾਰਨੀ ਜੀ,, ਬੀਬੀ ਜੀ ਆ ਰਹੀ ਹੈਂ, ਬੋਲ ਰਹੀ ਥੀ ਕਿ ਤਬੀਅਤ ਕੁਛ ਠੀਕ ਨਹੀਂ ਹੈ ਆਜ।

(ਐਨੇ ਨੂੰ ਮਿੰਦੋ ਗੇਟ 'ਚ ਦਿਖਾਈ ਦਿੰਦੀ ਹੈ)

ਸਰਦਾਰਨੀ ਜੀ- ਲੈ ਆ ਗਈ ਮਿੰਦੋ ਵੀ।

ਮਿੰਦੋ- ਸਤਿ ਸ੍ਰੀ ਅਕਾਲ ਸਰਦਾਰਨੀ ਜੀ।

ਸਰਦਾਰਨੀ ਜੀ- ਸਤਿ ਸ੍ਰੀ ਅਕਾਲ ਮਿੰਦੋ ਭੈਣ, ਠੀਕ ਤਾਂ ਹੈ ਤੂੰ ? ਰਾਮੂ ਕਹਿੰਦਾ ਸੀ ਕਿ ਤੇਰੀ ਤਬੀਅਤ ਅੱਜ ਠੀਕ ਨਹੀਂ ਐ।

ਮਿੰਦੋ- ਹਾਂ ਸਰਦਾਰਨੀ ਜੀ, ਤੁਹਾਨੂੰ ਤਾਂ ਪਤਾ ਹੀ ਏ ਕਿ ਹੱਡਾਂ ਗੋਡਿਆਂ ਦਾ ਦਰਦ ਹੁੰਦੇ ਨੂੰ ਕਿੰਨੇ ਸਾਲ ਹੋ ਚੱਲੇ ਨੇ ਨਾਲੇ ਸਿਰ ਵੀ ਦਰਦ ਨਾਲ ਪਾਟਣ ਲੱਗ ਜਾਂਦਾ ਏ। ਦਵਾਈਆਂ ਤੇ ਬਥੇਰਾ ਪੈਸਾ ਖਰਚ ਲਿਆ, ਹੁਣ ਤਾਂ ਲੱਗਦਾ ਜੈਖਾਨਾ ਇਹੀ ਲੈ ਕਿ ਬੈਠੂ ਕਿਸੇ ਦਿਨ ਮੈਨੂੰ। ਕੱਲ ਦੀ ਜਾਨ ਕੱਢਣ ਵਾਲੀ ਕਰ ਰੱਖੀ ਐ।

ਸਰਦਾਰਨੀ ਜੀ- ਆਹੋ, ਇਹ ਪਹਿਲਾਂ ਵੀ ਕਈ ਵਾਰ ਦੱਸਿਆ ਤੂੰ। ਬਹੁਤੀ ਘੌਲ ਨਾ ਕਰ ਤੂੰ ਕਿਸੇ ਚੱਜ ਦੇ ਡਾਕਟਰ ਨੂੰ ਦਿਖਾ ਕੇ ਦਵਾਈ ਬੂਟੀ ਲੈ ਕੋਈ ਵਧੀਆ। ਨਾਲੇ ਹਾਂ ਕੁਝ ਦਿਨ ਘਰ ਬੈਠ ਕੇ ਆਰਾਮ ਵੀ ਕਰਨਾ ਜਰੂਰੀ ਐ ਤੇਰੇ ਲਈ।

ਮਿੰਦੋ- ਨਾ ਸਰਦਾਰਨੀ ਜੀ ਨਾ, ਮੈਂ ਘਰ ਬੈਠ ਗਈ ਤਾਂ ਮੇਰੇ ਬੱਚਿਆਂ (ਬੰਟੀ ਅਤੇ ਭੋਲੀ) ਦੀ ਪੜ੍ਹਾਈ ਦਾ ਕੀ ਬਣੂੰ, ਘਰ ਦਾ ਗੁਜ਼ਾਰਾ ਭਲਾਂ ਕਿਥੋਂ ਚੱਲੂ ਜੀ, ਤੁਹਾਨੂੰ ਪਤਾ ਈ ਐ ਕਿ ਇਨ੍ਹਾਂ ਦੇ ਪਿਓ ਦੇ ਤੁਰ ਜਾਣ ਬਾਅਦ ਸਾਰੀਆਂ ਜਿੰਮੇਵਾਰੀਆਂ ਮੇਰੇ ਉੱਤੇ ਹੀ ਨੇ ਜੀ ਹੁਣ ਤਾਂ।

ਸਰਦਾਰਨੀ ਜੀ- ਇਹ ਗੱਲ ਤਾਂ ਹੈ ਮਿੰਦੋ,, ਕਈ ਵਾਰ ਤਾਂ ਤੇਰੇ ਘਰ ਦੇ ਹਾਲਾਤ ਦੇਖ ਕੇ ਮੈਨੂੰ ਵੀ ਰੋਣਾ ਆ ਜਾਂਦਾ, ਬਹੁਤ ਕੁਝ ਝੱਲਿਆ ਤੂੰ, ਸਾਰਾ ਪਿੰਡ ਇਸ ਵਾਰੇ ਜਾਣਦਾ ਏ।

ਮਿੰਦੋ- ਹਾਜੀਂ ਇਹ ਤਾਂ ਹੈ, ਚੰਗਾ ਸਰਦਾਰਨੀ ਜੀ ਮੈਂ ਇੱਥੋਂ ਕੰਮ ਕਰਕੇ ਫ਼ੇਰ ਘਰ ਜਾਕੇ ਵੀ ਭੋਲੀ ਧੀ ਨਾਲ ਕੰਮ ਕਰਾਉਂਣਾ ਏ ਹਲੇ।

ਸਰਦਾਰਨੀ ਜੀ- ਲੈ ਦੱਸ,, ਮਿੰਦੋ ਉਹਦਾ ਦਾ ਤਾਂ ਚੇਤਾ ਈ ਭੁੱਲ ਗਈ ਸੀ ਮੈਂ ਲਾਡੋ ਜਿਹੀ ਦਾ। ਮੈਂ ਸੁਣਿਆ ਪੜਾਈ ਵਿੱਚ ਵੀ ਪਿਹਲੇ ਨੰਬਰ ਤੇ ਆਈ ਐ ਇਸ ਸਾਲ ਓਹ।

ਮਿੰਦੋ- ਹਾਂ ਸਰਦਾਰਨੀ ਜੀ,, ਬਹੁਤ ਹੁਸ਼ਿਆਰ ਐ ਪੜਾਈ ਚ ਤਾਂ,, ਪਹਿਲਾਂ ਅੱਠਵੀਂ ਅਤੇ ਨੌਵੀਂ 'ਚ ਵੀ ਉਹਦਾ ਪਹਿਲਾ ਹੀ ਨੰਬਰ ਸੀ ਤੇ ਹੁਣ ਦਸਵੀਂ ਚੋਂ ਵੀ। ਹੁਣ ਸੋਚਦੀ ਹਾਂ ਕਿ ਔਖੇ ਸੌਖੇ 12ਵੀਂ ਵੀ ਕਰਵਾ ਹੀ ਦੇਵਾਂ। ਕੋਈ ਚੱਜ ਦਾ ਘਰ ਬਾਰ ਮਿਲਜੂ ਝੱਲੀ ਨੂੰ।

ਸਰਦਾਰਨੀ ਜੀ- ਤੇ ਹੋਰ,, ਚੱਲ ਮਿੰਦੋ ਮੈਂ ਵੀ ਸਰਦਾਰ ਜੀ ਨੂੰ ਰੋਟੀ ਬਣਾ ਦੇਵਾਂ, ਤੂੰ ਕੰਮਧੰਦਾ ਨਬੇੜ ਕੇ ਜਾਂਦੀ ਹੋਈ ਲੱਛੀ ਲੈ ਜਾਵੀਂ ਜੁਆਕਾਂ ਲਈ।

ਮਿੰਦੋ- ਠੀਕ ਐ ਜੀ,, ਮੈਂ ਗੋਹਾ ਕੂੜਾ ਸੁੱਟ ਲਵਾਂ ਬਸ।

(ਕੰਮਕਾਜ ਕਰ ਮਿੰਦੋ ਲੱਛੀ ਲੈ ਕੇ ਘਰ ਆ ਪਹੁੰਚੀ)

ਭੋਲੀ- ਮੰਮੀ ਆ ਗਏ ਤੁਸੀਂ, ਦੱਸੋ ਮੈਂ ਅੱਜ ਕੀ ਕੰਮ ਕੀਤਾ।

ਮਿੰਦੋ- ਹਾਂ ਧੀਏ ਆ ਗਈ, ਹਾਏ ਮੈਂ ਮਰਜਾਂ ਮੇਰੀ ਧੀ ਰਾਣੀ ਨੇ ਸਾਰੇ ਵਿਹੜੇ ਚ ਝਾੜੂ ਲਾ ਦਿੱਤਾ।

ਭੋਲੀ- ਜੀ ਮੰਮੀ ਜੀ, ਭਾਂਡੇ ਵੀ ਮਾਂਜ ਦਿੱਤੇ ਨੇ ਚਾਹ ਵਾਲੇ ਮੈਂ ਤਾਂ। ਤੁਸੀਂ ਹੀ ਲੱਛੀ ਲੈਣ ਗਏ ਬਹੁਤ ਟਾਇਮ ਲਾ ਕੇ ਆਉਂਦੇ ਓ, ਉੱਥੇ ਸਰਦਾਰਨੀ ਜੀ ਨਾਲ ਗੱਲਾਂ ਕਰਨ ਜੋ ਬੈਠ ਜਾਂਦੇ ਓ ਹਰ ਰੋਜ਼।

ਮਿੰਦੋ- ਨੀ ਹੋਰ ਧੀਏ, ਸਰਦਾਰਨੀ ਜੀ ਵੀ ਬਸ, ਜਦੋਂ ਇੱਕ ਵਾਰ ਮੈਨੂੰ ਬੈਠਾ ਲਿਆ ਤਾਂ ਫ਼ੇਰ ਗੱਲਾਂ ਬਾਤਾਂ ਕਰਦੇ ਪਤਾ ਈ ਨਹੀਂ ਲੱਗਦਾ ਕਿ ਕਿੰਨਾ ਸਮਾਂ ਬੀਤ ਗਿਆ।

(ਬੰਟੀ ਅਤੇ ਭੋਲੀ ਅੱਜ ਤੱਕ ਹਕੀਕਤ ਤੋਂ ਅਨਜਾਣ ਸੀ, ਕਿ ਮਿੰਦੋ ਲੱਛੀ ਲਿਆਉਣ ਦੇ ਬਹਾਨੇ ਗੋਹਾ ਕੂੜਾ ਵੀ ਕਰਦੀ ਐ)

ਭੋਲੀ- ਮੰਮੀ ਜੀ,, ਆਹ ਬੰਟੀ ਵੀਰੇ ਨੂੰ ਕਿਉਂ ਨਹੀਂ ਕੁਝ ਕਹਿੰਦੇ ਤੁਸੀਂ।

ਮਿੰਦੋ- ਅੱਜ ਕੀ ਕਰਿਆ ਮੇਰੇ ਪੁੱਤ ਨੇ, ਉਈਂ ਨਾ ਲੜਦੀ ਰਿਹਾ ਕਰ ਤੂੰ।

ਬੰਟੀ- ਇਹ ਤਾਂ ਮੰਮੀ ਜੀ ਐਵੇਂ ਹੀ ਭਕਾਈ ਮਾਰ ਰਹੀ ਐ। ਮੈਂ ਕੁਝ ਨਹੀਂ ਕਿਹਾ ਇਹਨੂੰ ਬਾਂਦਰੀ ਜਿਹੀ ਨੂੰ।

ਭੋਲੀ- ਅੱਛਾ ਹੁਣ ਮੈਂ ਭਕਾਈ ਮਾਰਦੀ ਆਂ ਵੀਰੇ,, ਮੰਮੀ ਜਦੋਂ ਮੈਂ ਸੁੱਤੀ ਹੋਵਾਂ ਤਾਂ ਹਰ ਰੋਜ਼ ਵੀਰਾ ਮੇਰੇ ਮੂੰਹ ਤੇ ਪਾਣੀ ਦੇ ਸਿੱਟੇ ਮਾਰ ਕੇ ਜਗਾਉਂਦਾ ਐ,, ਭਲਾਂ ਅਵਾਜ਼ ਵੀ ਮਾਰ ਸਕਦਾ ਐ,, ਅਜੇ ਮੈਨੂੰ ਬਾਂਦਰੀ ਦੱਸ ਰਿਹਾ।

ਮਿੰਦੋ- ਨਾ ਪੁੱਤ ਨਾ,, ਸਾਡੀ ਭੋਲੀ ਤਾਂ ਗੁੱਡੀ ਆ ਨਿੱਕੀ ਜਿਹੀ ਸਾਡੀ, ਕੋਈ ਬਾਂਦਰੀ ਬੂੰਦਰੀ ਨੀ ਹੈਗੀ। ਨਾਲੇ ਦੇਖ ਲੈ ਜੇ ਮੇਰੀ ਧੀ ਤੇ ਹੁਣ ਕਦੇ ਪਾਣੀ ਦੇ ਸਿੱਟੇ ਮਾਰੇ ਤਾਂ (ਨਾਲ ਹੀ ਬੰਟੀ ਵੱਲ ਦੇਖਦੇ ਹੋਏ ਅੱਖਾਂ ਮੀਚ ਕੇ ਇਸ਼ਾਰਾ ਜਿਹਾ ਕਰ ਦਿੱਤਾ ਮਜਾਕ ਵਿੱਚ)

ਬੰਟੀ- ਠੀਕ ਐ ਮੰਮੀ ਜੀ, ਅੱਗੇ ਤੋਂ ਨਹੀਂ ਕਰਾਂਗਾ ਅਜਿਹਾ ਕੁਝ ਵੀ,,,,

(ਬੰਟੀ ਦੇ ਮੂੰਹੋਂ ਇਹ ਸੁਣ ਕੇ ਭੋਲੀ ਉਸ ਨੂੰ ਚਿੜਾਉਂਦੇ ਹੋਏ ਜੀਭ ਕੱਢ ਕੇ ਅੰਗੂਠੇ ਦਿਖਾਉਣ ਲੱਗੀ ਅਤੇ ਮਿੰਦੋ ਦੇ ਗਲ ਨੂੰ ਚਿੰਬੜ ਕੇ ਹੱਸਣ ਲੱਗ ਪਈ)

ਮਿੰਦੋ- ਲੈ ਹੁਣ ਛੱਡ ਵੀ ਦੇ ਕਮਲੀਏ, ਰੋਟੀ ਟੁੱਕ ਵੀ ਬਣਾਉਣਾ ਅਜੇ ਮੈਂ।

ਭੋਲੀ- ਮੈਂ ਬਣਾ ਲਵਾਂ ਮੰਮੀ ਜੀ ਅੱਜ ਰੋਟੀ..... ਤੁਸੀਂ ਰੋਜ਼ ਈ ਕਹਿ ਦਿੰਦੇ ਓ... ਕਿ ਫ਼ੇਰ ਕਦੇ

ਮਿੰਦੋ- ਨਾ ਧੀਏ, ਤੂੰ ਆਵਦੀ ਪੜਾਈ ਚ ਧਿਆਨ ਦੇਅ, ਇਹ ਤਾਂ ਮੈਂ ਆਪੇ ਹੀ ਕਰ ਲੈਣਾ, ਵੱਡੀ ਹੋਕੇ ਤੂੰ ਵੀ ਇਹੀਓ ਕਰਨਾ ਐਂ।

ਭੋਲੀ- ਠੀਕ ਐ ਮੰਮੀ ਜੀ,, ਮੈਂ ਤਾਂ ਫ਼ੇਰ ਪੜਦੀ ਆਂ, ਵੀਰੇ ਨੂੰ ਵੀ ਕਿਹਾ ਕਰੋ, ਮੇਰੇ ਆਗੂੰ ਫਸਟ ਆਇਆ ਕਰੇ, ਹਰ ਵਾਰ ਕਦੇ ਦੂਜਾ ਨੰਬਰ ਹੁੰਦਾ ਅਤੇ ਕਦੇ ਤੀਜਾ।

ਬੰਟੀ- ਦੇਖਦੀ ਚੱਲ ਬਾਂਦਰੀਏ, ਏਸ ਵਾਰੀ ਮੈਂ ਹੀ ਫਸਟ ਆਊਂ। ਭੋਲੀ- ਆਹੋ ਆਹੋ, ਦੇਖੂੰਗੀ ਮੈਂ।

ਮਿੰਦੋ- ਬੱਸ ਕਰਿਆ ਕਰੋ ਤੁਸੀਂ,, ਐਵੇਂ ਨਾ ਸਾਰਾ ਦਿਨ ਇੱਕ ਦੂਜੇ ਨਾਲ ਅੜਿਆ ਕਰੋ। ਪੜ ਲਓ ਬੈਠ ਕੇ ਹੁਣ।

(ਬੰਟੀ ਅਤੇ ਭੋਲੀ ਕਿਤਾਬਾਂ ਚੁੱਕ ਕੇ ਪੜਾਈ ਕਰਨ ਲੱਗ ਗਏ ਅਤੇ ਮਿੰਦੋ ਰੋਟੀ ਤਿਆਰ ਕਰਨ ਲੱਗ ਗਈ। ਇਸੇ ਤਰ੍ਹਾਂ ਮਿੰਦੋ ਨੇ ਚੰਗੇ ਮਾੜੇ ਹਲਾਤਾਂ ਚੋਂ ਗੁਜ਼ਰ ਕੇ ਬੱਚਿਆਂ ਨੂੰ ਵਧੀਆ ਪੜਾਈ ਕਰਵਾ ਦਿੱਤੀ। ਕੁਝ ਟਾਇਮ ਬਾਅਦ ਉਸੇ ਪੜਾਈ ਦੀ ਬਦੌਲਤ ਭੋਲੀ ਨੂੰ ਸਾਇੰਸ ਟੀਚਰ ਦੀ ਨੌਕਰੀ ਮਿਲ ਗਈ ਅਤੇ ਬੰਟੀ ਇੱਕ ਚੰਗਾ ਇੰਜੀਨੀਅਰ ਬਣ ਗਿਆ। ਦੋਵੇਂ ਆਪੋ ਆਪਣੇ ਕੰਮਾਂਕਾਰਾਂ ਚ ਵਿਅਸਤ ਰਹਿਣ ਲੱਗ ਪਏ ਸੀ। ਕੁਝ ਸਾਲਾਂ ਬਾਅਦ ਮਿੰਦੋ ਦੀ ਇੱਕ ਦਿਨ ਅਚਾਨਕ ਹੀ ਤਬੀਅਤ ਬਹੁਤ ਖਰਾਬ ਹੋ ਗਈ। ਦੋਵੇਂ ਬੱਚੇ ਆਪੋ ਆਪਣੇ ਕੰਮਾਂ ਤੇ ਚਲੇ ਗਏ ਸੀ। ਮਿੰਦੋ ਨੇ ਬਾਹਰ ਵਿਹੜੇ ਚੋਂ ਖੜ ? ਕੇ ਆਵਾਜ਼ਾਂ ਦੇਣੀਆਂ ਸੂਰੂ ਕੀਤੀਆਂ,,,,ਨੀ ਬੰਤੋ ਨੀ ਸੀਤੋ ਆਇਓ ਨੀ ਭੱਜ ਕੇ। ਪਲਾਂ ਵਿੱਚ ਪੂਰੇ ਵਿਹੜੇ ਦਾ ਇਕੱਠ ਮਿੰਦੋ ਘਰ ਹੋ ਗਿਆ, ਮਿੰਦੋ ਨੂੰ ਬੁਰੀ ਤਰ੍ਹਾਂ ਤੜਫਦੇ ਵੇਖ ਇੱਕ ਮੁੰਡੇ ਨੂੰ ਸਰਦਾਰਾਂ ਦੇ ਕੋਠੀ ਅੱਲ ਭੇਜ ਦਿੱਤਾ)

(ਸਰਦਾਰ ਜੀ ਵੀ ਥੋੜੇ ਹੀ ਟਾਇਮ ਚ ਗੱਡੀ ਲੈ ਕੇ ਮਿੰਦੋ ਦੇ ਘਰ ਪਹੁੰਚ ਗਏ। ਜਦੋਂ ਬੰਟੀ ਅਤੇ ਭੋਲੀ ਨੂੰ ਇਹ ਦੱਸਣ ਲਈ ਗੁਆਂਢ ਚੋਂ ਕਿਸੇ ਨੇ ਫੋਨ ਕੀਤਾ ਤਾਂ ਦੋਵਾਂ ਨੇ ਹੀ ਚੱਕਿਆ ਨਹੀਂ (ਸਾਇਦ ਕੰਮਕਾਜ ਚ ਵਿਅਸਤ ਹੋਣ ਕਰਕੇ)।

ਮਿੰਦੋ ਨੂੰ ਨਾਲ ਦੇ ਹੀ ਸਹਿਰ ਇੱਕ ਵੱਡੇ ਹਸਪਤਾਲ ਵਿੱਚ ਲਿਜਾਂਦਾ ਗਿਆ। ਜਦੋਂ ਮਿੰਦੋ ਦੀਆਂ ਰਿਪੋਰਟਾਂ ਆਇਆ ਤਾਂ ਬੜਾ ਹੀ ਹੈਰਾਨ ਕਰ ਦੇਣ ਵਾਲਾ ਨਤੀਜਾ ਸਾਹਮਣੇ ਆਇਆ। ਮਿੰਦੋ ਨੂੰ ਲੰਬੇ ਸਮੇਂ ਤੋਂ ਬਲੱਡ ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਆਪਣੇ ਸ਼ਿਕੰਜੇ ਵਿੱਚ ਜਕੜਿਆ ਹੋਇਆ ਸੀ। ਇਹ ਬਿਮਾਰੀ ਕਾਫੀ ਜਿਆਦਾ ਹੱਦ ਤੱਕ ਵਧ ਚੁਕੀ ਸੀ। ਡਾਕਟਰਾਂ ਨੇ ਇਹ ਗੱਲ ਸਿਰਫ਼ ਸਰਦਾਰ ਜੀ ਨੂੰ ਇਕੱਲਿਆਂ ਬੁਲਾ ਕੇ ਹੀ ਦੱਸੀ। ਉਨ੍ਹਾਂ ਕਿਹਾ ਕਿ ਅਸੀਂ ਹੁਣ ਕੁਝ ਨਹੀਂ ਕਰ ਸਕਦੇ ਹਾਂ ਚਾਂਸ ਬਹੁਤ ਹੀ ਘੱਟ ਹਨ ਬਚਣ ਦੇ। ਸਰਦਾਰ ਜੀ ਨੇ ਕਿਹਾ ਕਿ ਮਿੰਦੋ ਮੇਰੀ ਭੈਣ ਐ, ਤੁਸੀਂ ਪੈਸੇ ਦੀ ਪਰਵਾਹ ਨਾ ਕਰਿਓ, ਬਸ ਇਲਾਜ਼ ਸੂਰੂ ਕਰ ਦਿਓ, (ਪਰ ਹੁਣ ਡਾਕਟਰ ਵੀ ਕੀ ਕਰ ਸਕਦੇ ਸੀ, ਜਦੋਂ ਸਰਦਾਰ ਜੀ ਮਿੰਦੋ ਕੋਲ ਗਏ ਤਾਂ ਦੇਖਿਆ ਕਿ ਮਿੰਦੋ ਨੇ ਆਪਣੇ ਕੰਨਾਂ ਦੇ ਕਾਂਟੇ ਲਾਹ ਕੇ ਹੱਥ ਚ ਰੱਖ ਰੱਖੇ ਸੀ) ਮਿੰਦੋ- ਸਰਦਾਰ ਜੀ ਮੈਨੂੰ ਲੱਗਦਾ ਮੇਰਾ ਸਮਾਂ ਨੇੜੇ ਆ ਗਿਆ ਏ। ਆਹ ਕਾਂਟੇ ਰੱਖ ਲਓ ਇਨ੍ਹਾਂ ਦੀ ਮੇਰੀ ਧੀ ਲਈ ਕੋਈ ਟੂਮ ਤਿਆਰ ਕਰਵਾ ਦਿਓ ਅਤੇ ਵੀਹ ਕੁ ਹਜ਼ਾਰ ਮੈਂ ਆਪਣੇ ਬੈਂਕ ਵਾਲੇ ਖਾਤੇ ਚ ਸਾਂਭਿਆ ਹੋਇਆ ਏ। ਸਰਦਾਰ ਜੀ- ਮਿੰਦੋ ਐਵੇਂ ਕਮਲੀਆਂ ਗੱਲਾਂ ਨਾ ਕਰ ਭੈਣ ਮੇਰੀਏ, ਮੈਂ ਤੈਨੂੰ ਕੁਝ ਨਹੀਂ ਹੋਣ ਦੇਵਾਂਗਾ, ਤੂੰ ਬਿਲਕੁਲ ਠੀਕ ਹੋ ਜਾਵੇਂਗੀ। ਮਿੰਦੋ- ਨਾ ਸਰਦਾਰ ਜੀ ਮੈਂ ਜੋ ਕਰ ਸਕੀ ਉਹ ਸਭ ਆਪਣੇ ਬੱਚਿਆਂ ਲਈ ਕੀਤਾ, ਮੈਨੂੰ ਖੁਸ਼ੀ ਐ ਕਿ ਉਹ ਅੱਜ ਆਪਣੇ ਪੈਰਾਂ ਤੇ ਖੜੇ ਨੇ। ਬਸ ਤੁਸੀਂ ਮੇਰੇ ਤੇ ਇੱਕ ਅਹਿਸਾਨ ਕਰਿਓ ਕਿ ਉਨ੍ਹਾਂ ਨੂੰ ਇਹ ਨਾ ਪਤਾ ਲੱਗੇ ਕਿ ਮੈਂ ਤੁਹਾਡੇ ਘਰ ਕੰਮ ਕਰਦੀ ਸੀ, ਹਾਂ ਇੱਕ ਬੇਨਤੀ ਹੋਰ ਐ ਕਿ ਇਨ੍ਹਾਂ ਦੇ ਵਿਆਹਾਂ ਵਿੱਚ ਮਾਂ ਪਿਓ ਦੀ ਹਰ ਰਸਮ ਤੁਸੀਂ ਹੀ ਪੂਰੀ ਕਰਿਓ, ਇਨ੍ਹਾਂ ਨੂੰ ਕਮੀ ਮਹਿਸੂਸ ਨਾ ਹੋਣ ਦਿਓ। ਸਰਦਾਰ ਜੀ- ਭੈਣੇ ਤੇਰੇ ਬੱਚੇ ਮੇਰੇ ਵੀ ਤਾਂ ਬੱਚੇ ਹਨ,, ਮੈਂ ਹਮੇਸ਼ਾ ਤੇਰੇ ਨਾਲ ਹਾਂ ਭੈਣ ਮੇਰੀਏ।

(ਇਹ ਸੁਣ ਕੇ ਮਿੰਦੋ ਦੇ ਚਿਹਰੇ ਤੇ ਥੋੜੀ ਜਿਹੀ ਖੁਸ਼ੀ ਝਲਕੀ ਪਰ ਨਾਲ ਹੀ ਅੱਖਾਂ ਆਖਰੀ ਬਾਰ ਆਪਣੇ ਬੱਚਿਆਂ ਨੂੰ ਦੇਖਣ ਲਈ ਬੇਚੈਨ ਸੀ। ਥੋੜੇ ਸਮੇਂ ਬਾਅਦ ਹੀ ਬੰਟੀ ਤੇ ਭੋਲੀ ਅਤੇ ਨਾਲ ਹੀ ਸਰਦਾਰਨੀ ਜੀ ਵੀ ਹਸਪਤਾਲ ਪਹੁੰਚ ਗਏ। ਜਿਵੇਂ ਉਨ੍ਹਾਂ ਨੇ ਕਮਰੇ ਅੰਦਰ ਪੈਰ ਰੱਖਿਆ ਤਾਂ ਮਿੰਦੋ ਉਨ੍ਹਾਂ ਦੋਹਾਂ ਨੂੰ ਇੱਕ ਨਜ਼ਰ ਦੇਖ ਕੇ ਮੁਸਕਾਉਂਦੇ ਹੋਏ ਆਪਣਾ ਆਖਰੀ ਸਾਹ ਪੂਰਾ ਕਰ ਗਈ। ਬੰਟੀ ਅਤੇ ਰਾਣੋ ਮਰੀ ਪਈ ਮਾਂ ਨੂੰ ਗਲ ਨਾਲ ਲਾ ਭੁੱਬਾਂ ਮਾਰ ਮਾਰ ਰੋਣ ਲੱਗੇ)

ਸਰਦਾਰ ਜੀ- ਓ ਨਾ ਓਏ ਪੁੱਤਰੋ ਰੋਣਾ ਨਹੀਂ ਤੁਸੀਂ, ਅਜਿਹੀ ਮਾਂ ਭਾਗਾਂ ਵਾਲਿਆਂ ਨੂੰ ਮਿਲਦੀ ਹੁੰਦੀ ਐ। ਜਿੰਨੇ ਸਾਹ ਓਸ ਪਰਮਾਤਮਾ ਨੇ ਇਹਨੂੰ ਬਖਸ਼ੇ ਸੀ ਉਹ ਪੂਰੇ ਹੋ ਗਏ ਨੇ, ਆਪੋ ਆਪਣੀ ਵਾਰੀ ਸਭ ਨੇ ਚਲੇ ਜਾਣਾ ਹੁੰਦੇ, ਕੋਈ ਪਹਿਲਾਂ ਕੋਈ ਬਾਅਦ ਚ। ਇਹੀ ਤਾਂ ਉਸ ਦਾਤੇ ਨੇ ਖੇਡ ਰਚਾਈ ਐ ਜੋ ਆਇਆ ਓਹਨੇ ਇੱਕ ਦਿਨ ਜਾਣਾ ਈ ਜਾਣਾ ਐਂ, ਭਾਵੇਂ ਉਹ ਕੋਈ ਵੀ ਐ। ਤਕੜੇ ਬਣੋ, ਤੁਸੀਂ ਤਾਂ ਮੇਰੇ ਸ਼ੇਰ ਪੁੱਤਰ ਓ ਦੋਵੇਂ, ਹੌਂਸਲਾ ਰੱਖੋ ਹੌਂਸਲਾ। ਤੁਹਾਡੀ ਮਾਂ ਨੇ ਉਮਰ ਭਰ ਸਿਰਫ਼ ਤੁਹਾਨੂੰ ਖੁਸ਼ ਰੱਖਣ ਦੀ ਹੀ ਕੋਸ਼ਿਸ਼ ਕੀਤੀ ਐ ਹੁਣ ਰੋ ਕੇ ਉਹਦੀ ਆਤਮਾ ਨੂੰ ਦੁਖ ਨਾ ਪਹੁੰਚਾਓ।

(ਪਰ ਬੰਟੀ ਅਤੇ ਰਾਣੋ ਦੇ ਦਿਲ ਵਿੱਚ ਇੱਕੋ ਖਿਆਲ ਚੱਲ ਰਹਿਆ ਸੀ ਕਿ ਸਾਨੂੰ ਇਸ ਕਾਬਿਲ ਸਾਡੀ ਮਾਂ ਨੇ ਹੀ ਤਾਂ ਬਣਾਇਆ ਐ। ਪਰ ਅਸੀਂ ਹੀ ਆਪਣੇ ਕੰਮਾਂ ਵਿੱਚ ਐਨੇ ਰੁੱਝ ਗਏ ਸੀ ਕਿ ਮਾਂ ਦਾ ਚੇਤਾ ਹੀ ਭੁਲਾ ਬੈਠੇ। ਅਸੀਂ ਆਪਣੀ ਮਾਂ ਦੀ ਮਮਤਾ ਦਾ ਇੱਕ ਪਰਸੇਂਟ ਵੀ ਮੁੱਲ ਨਹੀਂ ਮੋੜ ਪਾਏ, ਕਾਸ਼ ਅਸੀਂ ਸਮਾਂ ਰਹਿੰਦੇ ਇਹ ਸਭ ਸਮਝ ਲਿਆ ਹੁੰਦਾ।

ਮਿੰਦੋ ਦੀ ਜਿੰਦਗੀ ਦੇ ਸਾਰੇ ਰਾਜ਼ ਸਰਦਾਰ ਜੀ ਕੋਲ ਹੀ ਹਮੇਸ਼ਾ ਲਈ ਦਫ਼ਨ ਹੋ ਗਏ)

**ਗੁਰਵਿੰਦਰ "ਗੁਰੀ"**
98154-56177

# ਕਾਸ਼ ਕਿਤੇ ਬਾਪੂ ਮਿਲ ਜਾਂਦਾ



ਇੱਕ ਦਿਨ ਮੈਂ ਬਾਹਰ ਵਿਹੜੇ ਵਿੱਚ ਨਿੰਮ ਦੇ ਦਰੱਖਤ ਦੀ ਛਾਂ ਹੇਠ ਬੈਠੀ ਆਪਣੇ ਤੋਂ ਦੂਰ ਹੋਏ ਬਾਪੂ ਵਾਰੇ ਸੋਚਣ ਲੱਗੀ। ਸੋਚਦਿਆਂ ਸੋਚਦਿਆਂ ਮੈਂ ਐਨਾ ਗਹਿਰਾਈ ਚ ਚਲੀ ਗਈ ਕਿ ਸਮੇਂ ਦਾ ਪਤਾ ਹੀ ਨਹੀਂ ਲੱਗਾ ਕਦੋਂ ਦਿਨ ਛਿਪ ਗਿਆ।ਮੇਰਾ ਬਾਪੂ ਜਿਸਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ ਸੀ।ਪੰਜਾਬ ਪੁਲਿਸ ਚ ਹੌਲਦਾਰ ਦੀ ਪੋਸਟ ਤੇ ਕੰਮ ਕਰਦਾ ਮੇਰਾ ਬਾਪੂ ਜਦੋਂ ਵੀ ਡਿਊਟੀ ਤੋਂ ਘਰ ਆਉਂਦਾ ਤਾਂ ਸ਼ਰਾਬ ਦੀ ਬੋਤਲ ਓਹਦੇ ਕੋਲ ਲਾਜ਼ਮੀ ਹੀ ਹੁੰਦੀ।ਉਸਨੂੰ ਪੈਸੇ ਦਾ ਹੋਰ ਕੋਈ ਸੁਖ ਨਹੀਂ ਸੀ ਬਸ ਇੱਕ ਸ਼ਰਾਬ ਖਰੀਦਣ ਤੋਂ ਬਿਨ੍ਹਾਂ।ਬਾਕੀ ਹੁਣ ਇਹੋ ਕਹਿ ਸਕਦੀ ਹਾਂ ਕਿ ਸ਼ਰਾਬ ਹੀ ਉਸਦਾ ਸਾਥੀ ਬਣ ਗਈ ਸੀ

ਜਦੋਂ ਸਰੀਰ ਨੂੰ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਲਤ ਲੱਗ ਜਾਵੇ ਤਾਂ ਉਸ ਲਤ ਨੂੰ ਪੂਰਾ ਕਰਨ ਲਈ ਹਰ ਦਿਨ ਪੈਸੇ ਦੀ ਲੋੜ ਰਹਿੰਦੀ ਹੈ।ਓਹਨਾਂ ਦੀ ਏਸ ਆਦਤ ਕਰਕੇ ਓਹ ਆਪਣੀ ਡਿਊਟੀ ਚੰਗੀ ਤਰ੍ਹਾਂ ਨਹੀਂ ਕਰ ਪਾਉਂਦੇ ਸੀ। ਫੇਰ ਥੋੜ੍ਹੇ ਸਮੇਂ ਬਾਅਦ ਓਹਨਾਂ ਨੇ ਇਹ ਨੌਕਰੀ ਹੀ ਛੱਡ ਦਿੱਤੀ।ਹੁਣ ਉਹ ਘਰ ਰਹਿੰਦਾ ਘਰ ਦੇ ਕੰਮਾਂ ਵਿੱਚ ਪੈ ਗਿਆ। ਆਪਣੇ ਭਰਾਵਾਂ ਦੀ ਜ਼ਮੀਨ ਉਪਰ ਖੇਤੀ ਕਰਨੀ ਸ਼ੁਰੂ ਕਰ ਦਿੱਤੀ।ਕਿਉਂਕਿ ਮੇਰੇ ਚਾਚਾ ਜੀ ਇਕ ਭਾਰਤੀ ਸੈਨਾ ਚ ਡਿਊਟੀ ਨਿਭਾ ਰਹੇ ਸੀ ਤੇ ਇੱਕ ਬਾਹਰਲੇ ਮੁਲਕ ਪੱਕਾ ਸੀ।

ਸ਼ਰਾਬ ਬੰਦੇ ਤੋਂ ਉਸਦੇ ਸਾਕ ਸੰਬਧੀਆਂ ਦਾ ਪਿਆਰ ਖੋਹ ਲੈਂਦੀ ਹੈ ਇਹ ਪਹਿਲਾਂ ਮੈਂ ਕੇਵਲ ਸੁਣਿਆ ਹੀ ਸੀ ਪਰ ਬਾਪੂ ਨਾਲ ਅਜਿਹਾ ਹੁੰਦਾ ਮੈਂ ਆਪਣੀ ਅੱਖੀਂ ਦੇਖਿਆ। ਸ਼ਰਾਬ ਪੀਣ ਦੀ ਆਦਤ ਅਜਿਹੀ ਬਣ ਗਈ ਕਿ ਸਵੇਰ ਦੀ ਨਿੱਕਲੀ ਸੂਰਜ ਦੀ ਪਹਿਲੀ ਕਿਰਨ ਤੋਂ ਹੀ ਪੀਣ ਲੱਗ ਜਾਣਾ ਤੇ ਦੇਰ ਰਾਤ ਤੱਕ ਪੀਂਦੇ ਰਹਿਣਾ।ਮੈਂ ਇਸ ਗੱਲ ਤੋਂ ਹੈਰਾਨ ਸੀ ਕਿ ਕਦੀ ਕਦੀ ਕਈ ਮਹੀਨਿਆਂ ਤੱਕ ਓਹ ਸ਼ਰਾਬ ਦੀ ਬੋਤਲ ਨੂੰ ਹੱਥ ਵੀ ਨਹੀਂ ਲਗਾਉਂਦੇ ਸਨ । ਮੈਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਅਜਿਹੀ ਕੀ ਮਜ਼ਬੂਰੀ ਹੈ ਜੋ ਬਾਪੂ ਨੂੰ ਸ਼ਰਾਬ ਪੀਣ ਲਈ ਮਜ਼ਬੂਰ ਕਰਦੀ ਹੈ । ਪਰ ਮੈਂ ਨਿੱਕੀ ਉਮਰੇ ਏਸ ਗੱਲ ਨੂੰ ਜਾਣ ਨਾ ਪਾਈ ।

ਏਸ ਜ਼ਮਾਨੇ ਵਿਚ ਪੈਸੇ ਨੂੰ ਲੈ ਕਿ ਭਰਾਵਾਂ ਵਿਚ ਵੀ ਮਤਭੇਦ ਹੋ ਜਾਂਦੇ ਹਨ। ਜਿਨ੍ਹਾਂ ਕਰਕੇ ਕਿਸੇ ਇੱਕ ਨੂੰ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ।ਅਜਿਹਾ ਹੀ ਹੋਇਆ ਮੇਰੇ ਬਾਪੂ ਨਾਲ। ਉਹ ਆਪਣੀ ਨੌਕਰੀ ਗਵਾਉਣ ਤੋਂ ਬਾਅਦ ਹੁਣ ਸਾਰਾ ਦਿਨ ਭੁੱਖਣ ਭਾਣੇ ਖੇਤਾਂ ਵਿੱਚ ਕੰਮ ਕਰਦਾ ਰਹਿੰਦਾ ਸੀ। ਜੇਠ ਹਾੜ ਦੀਆਂ ਧੁੱਪਾਂ ਉਸਦੇ ਨੰਗੇ ਪਿੰਡੇ ਉੱਤੇ ਹੋ ਕੇ ਗੁਜਰਦੀਆਂ ।ਕਦੇ ਵੀ ਆਪਣੇ ਆਪ ਵਾਸਤੇ ਕੋਈ ਚੰਗੀ ਚੀਜ਼ ਦੀ ਮੰਗ ਨਾ ਕੀਤੀ।ਕਿਉਂਕਿ ਖੇਤੀ ਦਾ ਸਾਰਾ ਹਿਸਾਬ ਮੇਰੇ ਚਾਚਾ ਤਾਇਆ ਜੀ ਕੋਲ ਹੀ ਸੀ।

ਖੇਤਾਂ ਵਿੱਚ ਕੰਮ ਕਰਦੇ ਰਹਿਣ ਕਰਕੇ ਉਸਦੇ ਕੰਮ ਵਾਲੇ ਕੱਪੜੇ ਵੀ ਫਟ ਗਏ ਸਨ।ਜਦੋਂ ਉਸਨੇ ਆਪਣੇ ਭਰਾਵਾਂ ਕੋਲੋਂ ਇੱਕ ਨਵੇਂ ਸੂਟ ਦੀ ਮੰਗ ਕੀਤੀ ਤਾਂ ਉਸਦੇ ਭਰਾਵਾਂ ਨੇ ਉਸਦੀ ਮੰਗ ਨੂੰ ਸਿੱਧੇ ਮੱਥੇ ਹੀ ਠੁਕਰਾ ਦਿੱਤਾ।

ਮੈਂ ਉਸ ਵੇਲ਼ੇ ਨਿਆਣੀ ਸੀ ਹਾਲਾਤਾਂ ਨੂੰ ਨਹੀਂ ਸਮਝ ਸਕਦੀ ਸੀ। ਪਰ ਕਿਸੇ ਚੀਜ਼ ਲਈ ਕੀਤੀ ਗਈ ਮੰਗ ਜਦੋਂ ਪੂਰੀ ਨਾ ਹੋਵੇ ਤਾਂ ਉਸਦਾ ਕਿੰਨਾ ਦੁੱਖ ਹੁੰਦਾ ਇਹ ਮੈਂ ਜਾਣਦੀ ਸੀ। ਕਿਉਂਕਿ ਇਹ ਮੇਰੇ ਉਪਰ ਵੀ ਗੱਲ ਢੁਕਦੀ ਹੈ।ਬਾਪੂ ਨੂੰ ਓਹਨਾਂ ਹੀ ਫਟੇ ਹੋਏ ਕੱਪੜਿਆਂ ਵਿੱਚ ਖੇਤਾਂ ਵੱਲ ਜਾਂਦਾ ਦੇਖ ਕੇ ਮਨ ਦੁਖੀ ਹੋ ਜਾਂਦਾ ਸੀ।

ਮੈਨੂੰ ਤੇ ਮੇਰੇ ਨਿੱਕੇ ਭਰਾ ਦੀ ਪੜ੍ਹਾਈ ਦਾ ਖਰਚਾ ਮੇਰੇ ਬਾਪੂ ਦੇ ਖੇਤਾਂ ਵਿੱਚ ਕੰਮ ਕਰਨ ਬਦਲੇ ਕੀਤਾ ਜਾਂਦਾ ਸੀ। ਪਰ ਬਾਪੂ ਨੂੰ ਕੋਈ ਖਰਚਾ ਨਹੀਂ ਦਿੱਤਾ ਜਾਂਦਾ ਸੀ। ਇਸ ਕਰਕੇ ਵੀ ਉਹ ਦੁਖੀ ਰਹਿੰਦੇ ਸਨ।ਆਪਣੇ ਦੁੱਖ ਨੂੰ ਹਲਕਾ ਕਰਨ ਲਈ ਓਹ ਸ਼ਰਾਬ ਦਾ ਹੀ ਸਹਾਰਾ ਲੈਂਦੇ ਰਹੇ।

ਸਮਾਂ ਐਵੇਂ ਹੀ ਬੀਤਦਾ ਗਿਆ ਆਖਿਰ ਮੇਰੇ ਭਰਾ ਨੂੰ ਬਾਹਰਲੇ ਦੇਸ਼ ਭੇਜ ਦਿੱਤਾ। ਤਾਂ ਜੋ ਘਰ ਦੇ ਹਾਲਾਤ ਠੀਕ ਹੋ ਸਕਣ। ਇਸ ਕੰਮ ਲਈ ਚਾਚੇ ਤੇ ਤਾਏ ਤੋਂ ਪੈਸੇ ਲਏ।ਪੈਸੇ ਸਿਰ ਹੋਣ ਕਰਕੇ ਬਾਪੂ ਨੂੰ ਹੋਰ ਵੀ ਫ਼ਿਕਰ ਹੋਣ ਲੱਗੀ। ਸ਼ਰਾਬ ਪੀਣ ਦੀ ਆਦਤ ਹੋਰ ਵੀ ਵਧ ਗਈ।

ਅਜੇ ਕਮਾਈ ਦਾ ਕੋਈ ਹੋਰ ਸਾਧਨ ਨਹੀਂ ਸੀ।ਸ਼ਰਾਬ ਪੀਣ ਦੀ ਆਦਤ ਕਰਕੇ ਹਰ ਕੋਈ ਬਾਪੂ ਨੂੰ ਮਾੜੇ ਬੋਲ ਬੋਲਦਾ । ਹਰ ਕੋਈ ਉਸਨੂੰ ਗਾਲਾਂ ਕੱਢਣ ਲੱਗ ਜਾਂਦਾ ਪਰ ਕਿਸੇ ਨੇ ਉਸਦੀ ਮਜ਼ਬੂਰੀ ਨੂੰ ਜਾਣਨ ਦੀ ਕੋਸ਼ਿਸ਼ ਨਾ ਕੀਤੀ। ਅਖੀਰ ਓਹ ਹੋਇਆ ਜਿਸਦਾ ਡਰ ਸੀ।ਮੇਰਾ ਬਾਪੂ ਆਪਣੀ ਸ਼ਰਾਬ ਪੀਣ ਦੀ ਆਦਤ ਤੋਂ ਤੰਗ ਆਇਆ ਤੇ ਲੋਕਾਂ ਦੀਆਂ ਗੱਲਾਂ ਨੂੰ ਨਾ ਸਹਾਰਦਿਆਂ ਹੋਇਆ ਆਤਮ ਹੱਤਿਆ ਦਾ ਰਾਹ ਆਪਣਾ ਲਿਆ ਤੇ ਆਪਣੀ ਜਾਨ ਗੁਆ ਬੈਠਾ। ਹੁਣ ਮੈਂ ਵੱਡੀ ਹੋਈ ਤਾਂ ਸਾਰੀ ਕਹਾਣੀ ਸਮਝ ਆ ਗਈ। ਜਿਨ੍ਹਾਂ ਪੈਸਿਆਂ ਖਾਤਰ ਬਾਪੂ ਸਾਡੇ ਤੋਂ ਦੂਰ ਹੋ ਗਿਆ।ਅੱਜ ਓਹੀਓ ਪੈਸੇ ਬਹੁਤੇ ਆ ਗਏ ਨੇ ਘਰ। ਪਰੰਤੂ ਸਿਆਣਿਆਂ ਕਿਹਾ ਹੈ ਕਿ "ਪੈਸੇ ਨਾਲ ਖੁਸ਼ੀਆਂ ਨਹੀਂ ਖਰੀਦੀਆਂ ਜਾ ਸਕਦੀਆਂ"।ਨਹੀਂ ਤਾਂ ਅੱਜ ਅਸੀਂ ਸਾਰੀ ਘਰ ਦੀ ਦੌਲਤ ਬਦਲੇ ਬਾਪੂ ਨੂੰ ਵਾਪਿਸ ਲੈ ਲੈਂਦੇ। ਪਰ ਇਹ ਹੋ ਨਹੀਂ ਸਕਦਾ।

ਹੁਣ ਤਾਂ ਬਾਪੂ ਦੇ ਨਾਲ ਬਿਤਾਏ ਸਮੇਂ ਦੀਆਂ ਯਾਦਾਂ ਹੀ ਨਾਲ ਰਹਿੰਦੀਆਂ ਨੇ। ਸਾਰੀ ਉਮਰ ਬਾਪੂ ਦੇ ਪਿਆਰ ਨੂੰ ਤਰਸੇ ਰਹਿਣਾ ।ਅਖੀਰ ਵਿਚ ਇਹੋ ਦੁਆ ਕਰਦੀ ਆ ਕਿ। ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦੇਣ।

**×ਮਿਨਾਕਸ਼ੀ ਮਣ×**


SUPPORT OUR MARTYRS
IDP USA
INDIA DAY PARADE
LONG ISLAND • NEW YORK
SATURDAY, AUGUST 15, 2020 AT 4PM
1st Time Ever CAR PARADE
Starts from PATEL BROTHERS, 415 S BROADWAY, HICKSVILLE , NY 11801.
PRESIDENT MUKESH MODI & TEAM INVITES ALL
TO BRING CULTURE AND COMMUNITY TOGETHER TO CELEBRATE INDIA'S INDEPENDENCE DAY
Parade Can Be Seen Live On You Tube By Vaaho Photo
GRAND MARSHAL TO BE ANNOUNCED
Free Participation Register Your Car at www.idpusa.org
PATRONS SPONSORS
NAVIKA
PATEL BROTHERS
PETER BHEDDAH
GOLD SPONSORS
BADSHAH
SILVER SPONSORS
Bolla
FLUSHING Bank
VIMAL GOYAL
VASS PIPE & STEEL CO., INC.
HAB BANK
PROUD SPONSORS
THE ELEVATOR MOVIE - COMING SOON
OMNI MORTGAGE
POSH
POSH GROUP CORP.
The South Asian Times
excellence in journalism
VAAHO
SG ACCOUNTING, CPA
DR. URMILESH ARYA
D P SINGH
INDU JAISWAL
KANCHANA POOLA
SHASHI MALIK
SATBIR S. BEDI
VIKAS DHALL
BENEFACTORS
GOBIND BATHIJA
ANJU & SANJU SHARMA
ANMOL DHAWAN
ANU JAIN
DEEPAK BANSAL
DR. BHAVANI SIRINIVASAN
GOVIND GUPTA
KAMLESH SHAH, CPA
MOHINDER MIGLANI
MOHINDER TANEJA
NEELEMA SRIVASTWA
NEERU BHAMBRI
NEETU CHABRA
ONKAR SINGH
PAUL BINDRA
PRITPAL MANN
PUPUL CHOPRA
REKHA CHICHARA
RENU KAPOOR
SANJEEV JINDAL
VINOD MONGA
SARASHIVA
Bengali Sweet Shop
BCB Bank
DYNAMIC PHYSICAL THERAPY & REHAB SERVICES P.C.
DEV TOURS & TRAVELS
NO LIMIT AUTO BODY
MEDIA PATRONS
BOLLYWOOD
CHARDIKLA TIME TV
DESI FUSION
GLOBAL PUNJAB
Hum Hindustani
INDIA REPUBLIC NEWS
jus punjabi
PTC PUNJABI
PUNJABI HUB TV
ਪ੍ਰੀਤਨਾਮਾ
The INDIAN PANORAMA
INSIDER
Please Contact For More Information
917-215-1491, 516-857-5297, 516-633-5229
P&D BY: BROADWAY PRINTING & SIGNS - 516 697-6200

# ਪੰਜਾਬ ਦੀ ਖੁਸ਼ਹਾਲੀ ਦੇ ਰਾਖੇ-ਜੀ.ਓ.ਜੀ.



ਇੰਸ.ਗੁਰਪ੍ਰੀਤ ਸਿੰਘ ਚੰਬਲ



ਪੰਜਾਬ ਸਰਕਾਰ ਵੱਲੋਂ ਮੂਲ-ਢਾਂਚੇ ਵਿੱਚ ਸੁਧਾਰ ਅਤੇ ਬਹੁ-ਪੱਖੀ ਮਨੁੱਖੀ ਵਿਕਾਸ ਤੇ ਲੋਕ ਕਲਿਆਣ ਲਈ ਬਹੁਤ ਸਾਰੇ ਪ੍ਰੋਗਰਾਮ ਲਾਗੂ ਕੀਤੇ ਜਾ ਰਹੇ ਹਨ। ਕੇਂਦਰ ਅਤੇ ਰਾਜ ਸਰਕਾਰਾਂ ਸਬੰਧਤ ਮੰਤਰਾਲਿਆਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਦੁਆਰਾ ਘੜ੍ਹੇ ਗਏ ਵਿਸਤ੍ਰਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੀਮਾਂ ਲਾਗੂ ਕਰਨ ਲਈ ਵਿਭਾਗਾਂ ਨੂੰ ਫੰਡ ਜਾਰੀ ਕਰਦੀਆਂ ਹਨ। ਪੰਜਾਬ ਸਰਕਾਰ ਕੋਲ ਆਪਣੇ ਵੱਖ-ਵੱਖ ਪ੍ਰੋਗਰਾਮਾਂ ਲਈ ਮਾਸਿਕ ਗਤੀਸ਼ੀਲਤਾ ਰਿਪੋਰਟਾਂ, ਪ੍ਰਬੰਧਨ ਸੂਚਨਾ ਪ੍ਰਣਾਲੀ, ਕਾਰਜ ਪ੍ਰਦਰਸ਼ਨ ਸਮੀਖਿਆ ਕਮੇਟੀ, ਵਿਜੀਲੈਂਸ ਅਤੇ ਨਿਰੀਖਣ ਕਮੇਟੀਆਂ ਆਦਿ ਦੇ ਰੂਪ ਵਿੱਚ ਵਿਆਪਕ ਨਿਰੀਖਣ ਅਤੇ ਮੁਲਾਂਕਣ ਪ੍ਰਣਾਲੀ ਉਪਲੱਬਧ ਹੈ। ਹਾਲਾਂਕਿ ਸਰਕਾਰ ਸੁਤੰਤਰ ਨਿਰੀਖਣ ਦੀ ਮਹੱਤਤਾ ਨੂੰ ਵੀ ਪੂਰੀ ਮਾਨਤਾ ਦਿੰਦੀ ਹੈ। ਪ੍ਰੰਤੂ ਵੱਖ-ਵੱਖ ਸਕੀਮਾਂ ਦੇ ਲਾਗੂ ਕਰਨ ਵਿੱਚ ਜੋ ਖਾਮੀਆਂ ਰਹਿ ਜਾਂਦੀਆਂ ਹਨ, ਉਹਨਾਂ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਮਾਜਿਕ ਲੇਖਾ-ਪੜਤਾਲ ਦੇ ਉਦੇਸ਼ ਨਾਲ ਇੱਕ ਨਵੀਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ ਜਿਸ ਨੂੰ ਖੁਸ਼ਹਾਲੀ ਦੇ ਰਾਖੇ (ਗਾਰਡੀਅੰਸ-ਆਫ-ਗਵਰਨੈਂਸ) ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਇਸ ਉਦੇਸ਼ ਦੀ ਪੂਰਤੀ ਲਈ ਸਾਬਕਾ ਫੌਜੀਆਂ ਨੂੰ ਦੇਸ਼ ਹਿੱਤ ਲਈ ਆਪਣੀ ਮਹੱਤਵਪੂਰਨ ਸੇਵਾ ਦੇਣ ਲਈ ਇੱਕ ਸੁਨਿਹਰੀ ਮੌਕਾ ਪ੍ਰਦਾਨ ਕੀਤਾ ਹੈ। ਸਰਕਾਰ ਨੇ ਮਹਿਸੂਸ ਕੀਤਾ ਕਿ ਇਸ ਮਕਸਦ ਲਈ ਸਾਬਕਾ ਫੌਜੀਆਂ ਦੀਆਂ ਸੇਵਾਵਾਂ ਦਾ ਪ੍ਰਭਾਵਸ਼ਾਲੀ ਉਪਯੋਗ ਕੀਤਾ ਜਾ ਸਕਦਾ ਹੈ ਅਤੇ ਇਸ ਵਾਸਤੇ ਜੇਕਰ ਉਨ੍ਹਾਂ ਨੂੰ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਵੇ ਤਾਂ ਉਹ ਨਿਰਧਾਰਤ ਉਦੇਸ਼ ਨੂੰ ਪੂਰਾ ਕਰਨ ਦੀ ਸਮਰੱਥਾ ਰੱਖਦੇ ਹਨ। ਇਸ ਲਈ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਪਿੰਡ, ਤਹਿਸੀਲ, ਜ਼ਿਲ੍ਹਾ ਅਤੇ ਰਾਜ ਪੱਧਰ ਤੇ ਪ੍ਰਸ਼ਾਸਨ ਦੀ ਵਧੀਆ ਕਾਰਗੁਜ਼ਾਰੀ ਲਈ ਖੁਸ਼ਹਾਲੀ ਦੇ ਰਾਖੇ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ। ਇਸੇ ਉਦੇਸ਼ ਤਹਿਤ ਸਰਕਾਰ ਨੇ ਤਕਰੀਬਨ 4200 ਖੁਸ਼ਹਾਲੀ ਦੇ ਰਾਖਿਆਂ ਵਜੋਂ ਸਾਬਕਾ ਫੌਜੀਆਂ ਨੂੰ ਨਿਯੁਕਤ ਕੀਤਾ ਹੈ। ਖੁਸ਼ਹਾਲੀ ਦੇ ਰਾਖਿਆਂ ਨੂੰ ਹੋਰਨਾਂ ਕੰਮਾਂ ਤੋਂ ਇਲਾਵਾ ਨਿਯਮਿਤ ਸਮਾਜਿਕ ਲੇਖਾ-ਪੜਤਾਲ ਕਰਨ ਦਾ ਅਖ਼ਤਿਆਰ ਦਿੱਤਾ ਗਿਆ ਹੈ। ਸਮਾਜਿਕ ਲੇਖਾ-ਪੜਤਾਲ ਦਾ ਮੁੱਖ ਕਾਰਨ ਸਕੀਮਾਂ ਨੂੰ ਸਹੀ ਢੰਗ ਨਾਲ ਅਤੇ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਉਪ-ਬੰਧਾਂ ਅਨੁਸਾਰ ਹੀ ਲਾਗੂ ਕਰਨ ਦੀ ਇੱਛਾ ਰੱਖਣਾ ਹੈ।

ਪ੍ਰਬੰਧਕੀ ਢਾਂਚਾ-ਮਾਣਯੋਗ ਮੁੱਖ ਮੰਤਰੀ ਜੀ ਗਾਰਡੀਅੰਸ-ਆਫ-ਗਵਰਨੈਂਸ ਦੇ ਚੇਅਰਮੈਨ ਹਨ ਅਤੇ ਇਸ ਦੀ ਨਿਰੀਖਣ ਕਮੇਟੀ ਮਾਣਯੋਗ ਮੁੱਖ ਮੰਤਰੀ ਜੀ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। ਮਾਣਯੋਗ ਮੁੱਖ ਮੰਤਰੀ ਦੇ ਸੀਨੀਅਰ ਸਲਾਹਕਾਰ ਲੈਫਟੀਨੈਂਟ ਜਨਰਲ (ਰਿਟਾ.) ਟੀ.ਐਸ.ਸ਼ੇਰਗਿੱਲ (ਪੀ.ਵੀ.ਐਸ.ਐਮ.), ਸੀਨੀਅਰ-ਵਾਇਸ-ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਮੇਜਰ ਜਨਰਲ (ਰਿਟਾ.) ਐਸ.ਪੀ.ਐਸ.ਗਰੇਵਾਲ ਵਾਈਸ-ਚੇਅਰਮੈਨ ਵਜੋਂ ਕਾਰਜਰਤ ਹਨ। ਇਸ ਤੋਂ ਇਲਾਵਾ ਸਕੱਤਰ ਡਿਫੈਂਸ ਸਰਵਿਸਿਜ਼ ਵੈਲਫੇਅਰ, ਸਕੱਤਰ ਰੁਜ਼ਗਾਰ ਜਨਰੇਸ਼ਨ, ਡਾਇਰੈਕਟਰ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟ੍ਰੇਸ਼ਨ (MGSIPA), ਡਾਇਰੈਕਟਰ ਜਨਰਲ ਸੀ-ਪਾਇਟ, ਮੈਨੇਜਿੰਗ ਡਾਇਰੈਕਟਰ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (PESCO) ਆਦਿ ਸੰਸਥਾ ਦੇ ਮੈਂਬਰਾਂ ਵਜੋਂ ਅਤੇ ਗਾਰਡੀਅੰਸ-ਆਫ-ਗਵਰਨੈਂਸ ਦੇ ਸਕੱਤਰ ਵਜੋਂ ਡਾਇਰੈਕਟਰ ਡਿਫੈਂਸ ਸਰਵਿਸਿਜ਼ ਵੈਲਫੇਅਰ ਸੇਵਾਵਾਂ ਨਿਭਾਅ ਰਹੇ ਹਨ।

ਕੇਂਦਰੀ ਕੰਟਰੋਲ ਰੂਮ-ਸੁਖਾਵੀਂ ਕਾਰਜ ਪ੍ਰਣਾਲੀ ਚਲਾਉਣ ਲਈ ਇੱਕ ਉੱਚ-ਪੱਧਰੀ ਕੇਂਦਰੀ ਕੰਟਰੋਲ ਰੂਮ ਹੁੰਦਾ ਹੈ। ਇਸ ਵਿੱਚ ਇੰਚਾਰਜ ਬ੍ਰਿਗੇਡੀਅਰ ਜਾਂ ਉਸ ਤੋਂ ਉਪਰਲੇ ਰੈਂਕ ਦਾ ਸੇਵਾ-ਮੁਕਤ ਫੌਜੀ ਅਫਸਰ ਕੰਟਰੋਲ ਰੂਮ ਦਾ ਅਤੇ ਸਮੂਹ ਢਾਂਚੇ ਦਾ ਇੰਚਾਰਜ ਹੁੰਦਾ ਹੈ। ਦਫਤਰੀ ਕਾਰਜ ਪ੍ਰਬੰਧਨ ਨਿਯੰਤਰਣ ਲਈ ਤਿੰਨ ਅਧਿਕਾਰੀ ਜੋ ਸੇਵਾ ਮੁਕਤ ਕਰਨਲ-ਲੈਫਟੀਨੈਂਟ ਕਰਨਲ-ਮੇਜਰ ਰੈਂਕ ਦੇ ਫੌਜੀ ਅਧਿਕਾਰੀ ਹੁੰਦੇ ਹਨ। ਛੇ ਜੇ.ਸੀ.ਓ./ਐਨ.ਜੀ.ਓ. ਸੁਪਰਵਾਇਜ਼ਰੀ ਲਈ ਨਿਯੁਕਤ ਕੀਤੇ ਗਏ ਹਨ। ਰਿਪੋਰਟਾਂ ਅਤੇ ਰਿਟਰਨਜ਼ ਦੇ ਸੰਕਲਨ ਵਾਸਤੇ ਕੰਟਰੋਲ ਰੂਮ ਵਿੱਚ ਛੇ ਕੰਪਿਊਟਰ ਆਪ੍ਰੇਟਰ ਅਤੇ ਖਾਤਿਆਂ ਦੇ ਰੱਖ-ਰਖਾਅ ਲਈ ਇੱਕ ਅਕਾਊਂਟਸ ਕਲਰਕ ਦਫਤਰੀ ਕਾਰਜ ਨੂੰ ਸੁਹਿਰਦਤਾ ਨਾਲ ਨਿਭਾਅ ਰਹੇ ਹਨ। ਕੇਂਦਰੀ ਕੰਟਰੋਲ ਰੂਮ ਕਮੇਟੀ ਲੋੜੀਂਦਾ ਤਾਲਮੇਲ ਸਥਾਪਿਤ ਕਰਨ ਲਈ ਚੇਅਰਮੈਨ ਦੀ ਅਗਵਾਈ ਹੇਠ ਕੰਮ ਕਰਦੀ ਹੈ। ਤਾਲਮੇਲ ਕਮੇਟੀ ਦੇ ਮੁੱਖ ਕਾਰਜ ਜਿਵੇਂ ਕਿ ਰਿਟਰਨਾਂ ਦੀ ਪ੍ਰਾਪਤੀ ਹੋਣ ਉਪਰੰਤ ਉਨ੍ਹਾਂ ਦਾ ਨਿਰੀਖਣ ਅਤੇ ਵਿਸ਼ਲੇਸ਼ਣ ਕਰਕੇ ਯੋਗ ਕਾਰਵਾਈ ਲਈ ਸਬੰਧਤ ਵਿਭਾਗ ਨੂੰ ਭੇਜਣਾ ਤਾਂ ਕਿ ਪ੍ਰਸ਼ਾਸ਼ਕੀ ਢਾਂਚੇ ਰਾਹੀਂ ਕੁਸ਼ਲਤਾਪੂਰਵਕ ਢੰਗ ਨਾਲ ਕਾਰਜਾਂ ਦੀ ਸਮੀਖਿਆ ਹੋ ਸਕੇ। ਇਸ ਤੋਂ ਛੁੱਟ ਸਮੇਂ-ਸਮੇਂ ਤੇ ਰਾਜ ਅਤੇ ਜ਼ਿਲ੍ਹਾ ਪੱਧਰ ਤੇ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਕਰਾਉਣਾ ਅਤੇ ਸਰਕਾਰ ਦੁਆਰਾ ਲੋਕ ਭਲਾਈ ਲਈ ਚਲਾਈਆਂ ਸਕੀਮਾਂ ਨੂੰ ਸਫਲਤਾ ਪੂਰਵਕ ਲਾਗੂ ਕਰਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰਨਾ।

ਕਾਰਜ-ਸੰਚਾਲਨ ਪ੍ਰਣਾਲੀ-ਪਿੰਡ ਪੱਧਰ ਤੇ ਖੁਸ਼ਹਾਲੀ ਦੇ ਰਾਖੇ ਹੀ ਇਸ ਸਕੀਮ ਦਾ ਆਧਾਰ ਹਨ ਅਤੇ ਇਹਨਾਂ ਦੀ ਕਾਰਜ-ਕੁਸ਼ਲਤਾ ਦੇ ਆਧਾਰ ਤੇ ਹੀ ਇਸ ਸਕੀਮ ਦੀ ਸਫਲਤਾ ਨਿਰਭਰ ਕਰਦੀ ਹੈ। ਹਰ ਪਿੰਡ ਦਾ ਜੀ.ਓ.ਜੀ. ਪਿੰਡ ਪੱਧਰ ਤੇ ਵੱਖ-ਵੱਖ ਵਿਭਾਗਾਂ ਦੀਆਂ ਵੱਖ-ਵੱਖ ਸਕੀਮਾਂ ਤੇ ਨਜ਼ਰ ਰੱਖੇਗਾ ਅਤੇ ਜੇਕਰ ਕੋਈ ਤਰੁੱਟੀਆਂ ਪਾਈ ਜਾਂਦੀ ਹੈ ਤਾਂ ਆਪਣਾ ਪ੍ਰਤੀਕਰਮ ਦੇਵੇਗਾ। ਉਹ ਇਸ ਗੱਲ ਨੂੰ ਯਕੀਨੀ ਬਣਾਵੇ ਕਿ ਸਰਕਾਰ ਦੀਆਂ ਸਕੀਮਾਂ ਦਾ ਲਾਭ ਸਮਾਜ ਦੇ ਸਭ ਤੋਂ ਪਛੜੇ ਵਰਗਾਂ ਤੱਕ ਪਹੁੰਚੇ। ਰਾਜ ਸਰਕਾਰ ਵੱਲੋਂ ਸਮੇਂ-ਸਿਰ ਪਿੰਡ ਦੇ ਜੀ.ਓ.ਜੀ. ਨੂੰ ਜ਼ਰੂਰਤ ਪੈਣ ਤੇ ਕੋਈ ਹੋਰ ਡਿਊਟੀ ਵੀ ਦਿੱਤੀ ਜਾ ਸਕਦੀ ਹੈ। ਹਰ ਇੱਕ ਖੁਸ਼ਹਾਲੀ ਦੇ ਰਾਖੇ ਕੋਲ ਸਕੀਮਾਂ ਦੀ ਚੈੱਕ-ਲਿਸਟ ਅਤੇ ਇੱਕ ਐਂਡਰਾਇਡ ਸੈੱਲਫੋਨ ਰਹੇਗਾ। ਪਿੰਡ ਪੱਧਰ ਦੇ ਖੁਸ਼ਹਾਲੀ ਦੇ ਰਾਖੇ ਮੂਲ ਰੂਪ ਵਿੱਚ ਪ੍ਰਸ਼ਾਸਨ ਦੀਆਂ ਅੱਖਾਂ ਅਤੇ ਕੰਨਾਂ ਦਾ ਕੰਮ ਕਰਨਗੇ। ਸਕੀਮਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਤੋਂ ਇਲਾਵਾ ਉਹ ਸਿਹਤ ਸੰਭਾਲ, ਵਿਦਿਆ, ਪੀਣ ਵਾਲਾ ਪਾਈ ਅਤੇ ਬਿਜਲੀ ਆਦਿ ਸੇਵਾਵਾਂ ਦੀ ਵੀ ਰਿਪੋਰਟ ਕਰਨਗੇ। ਉਹ ਪਿੰਡਾਂ ਦੇ ਲੋਕਾਂ ਨੂੰ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦੇਣਗੇ ਅਤੇ ਇਹ ਵੀ ਦੇਖਣਗੇ ਕਿ ਕੀ ਸਕੀਮਾਂ ਉਹਨਾਂ ਤੱਕ ਪਹੁੰਚ ਰਹੀਆਂ ਹਨ । ਫਿਰ ਇਕੱਤਰ ਜਾਣਕਾਰੀ ਕੇਂਦਰੀ ਕੰਟਰੋਲ ਰੂਮ ਨੂੰ ਦੇਣਗੇ । ਇਹ ਪ੍ਰਸ਼ਾਸਨ ਦੀ ਸਹਾਇਤਾ ਲਈ ਇਕ ਸੂਚਨਾ-ਪ੍ਰਣਾਲੀ ਹੈ। ਇਹ ਨਾ ਤਾਂ ਪ੍ਰਸ਼ਾਸਨ ਦੀ ਜਗ੍ਹਾ ਤੇ ਕੰਮ ਕਰੇਗਾ। ਪਿੰਡ ਪੱਧਰ ਇਸ ਸਕੀਮ ਦਾ ਅਤਿ ਆਧੁਨਿਕ ਪੱਧਰ ਹੈ। ਇਸ ਪੱਧਰ ਤੇ ਹਰ ਜੀ.ਓ.ਜੀ. ਵਿੱਚ ਇੱਕ ਸਾਬਕਾ ਫੌਜੀ ਹੋਵੇਗਾ।

**ਕੇਂਦਰੀ ਕੰਟਰੋਲ ਰੂਮ-ਸੁਖਾਵੀਂ ਕਾਰਜ ਪ੍ਰਣਾਲੀ ਚਲਾਉਣ ਲਈ ਇੱਕ ਉੱਚ-ਪੱਧਰੀ ਕੇਂਦਰੀ ਕੰਟਰੋਲ ਰੂਮ ਹੁੰਦਾ ਹੈ। ਇਸ ਵਿੱਚ ਇੰਚਾਰਜ ਬ੍ਰਿਗੇਡੀਅਰ ਜਾਂ ਉਸ ਤੋਂ ਉਪਰਲੇ ਰੈਂਕ ਦਾ ਸੇਵਾ-ਮੁਕਤ ਫੌਜੀ ਅਫਸਰ ਕੰਟਰੋਲ ਰੂਮ ਦਾ ਅਤੇ ਸਮੂਹ ਢਾਂਚੇ ਦਾ ਇੰਚਾਰਜ ਹੁੰਦਾ ਹੈ। ਦਫਤਰੀ ਕਾਰਜ ਪ੍ਰਬੰਧਨ ਨਿਯੰਤਰਣ ਲਈ ਤਿੰਨ ਅਧਿਕਾਰੀ ਜੋ ਸੇਵਾ ਮੁਕਤ ਕਰਨਲ-ਲੈਫਟੀਨੈਂਟ ਕਰਨਲ-ਮੇਜਰ ਰੈਂਕ ਦੇ ਫੌਜੀ ਅਧਿਕਾਰੀ ਹੁੰਦੇ ਹਨ। ਛੇ ਜੇ.ਸੀ.ਓ./ਐਨ.ਜੀ.ਓ. ਸੁਪਰਵਾਇਜ਼ਰੀ ਲਈ ਨਿਯੁਕਤ ਕੀਤੇ ਗਏ ਹਨ।**

ਤਹਿਸੀਲ ਪੱਧਰ ਤੇ ਸਬ-ਡਵੀਜ਼ਨਲ ਮੈਜਿਸਟ੍ਰੇਟ ਦੀ ਅਗਵਾਈ ਹੇਠ ਤਹਿਸੀਲ ਪੱਧਰ ਦੀ ਕਮੇਟੀ ਜੋ ਤਹਿਸੀਲ ਵਿਚਲੇ ਜੀ.ਓ.ਜੀ. ਤੋਂ ਪ੍ਰਾਪਤ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੇਗੀ ਅਤੇ ਸਬੰਧਤ ਵਿਭਾਗਾਂ ਨੂੰ ਜ਼ਰੂਰੀ ਨਿਰਦੇਸ਼ ਦਿੰਦੀ ਹੈ ਕਿ ਉਹ ਆਈਆਂ ਰਿਪੋਰਟਾਂ ਤੇ ਲੋੜੀਂਦੀ ਕਾਰਵਾਈ ਕਰਨ। ਤਹਿਸੀਲ ਪੱਧਰੀ ਜੀ.ਓ.ਜੀ ਵਿੱਚ ਪਹਿਲ ਦੇ ਤੌਰ ਤੇ ਇੱਕ ਸੇਵਾ-ਮੁਕਤ ਆਨਰੇਰੀ ਕਮਿਸ਼ਨਡ ਅਫਸਰ ਅਤੇ ਉਸ ਦੀ ਸਹਾਇਤਾ ਲਈ ਦੋ ਜੇ.ਸੀ.ਓ./ਐਨ.ਸੀ.ਓ. ਹੋਣਗੇ। ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਅਧੀਨ ਇੱਕ ਜ਼ਿਲ੍ਹਾ ਪੱਧਰੀ ਕਮੇਟੀ ਹੋਵੇਗੀ ਜੋ ਜ਼ਿਲ੍ਹੇ ਵਿਚਲੇ ਜੀ.ਓ.ਜੀ. ਤੋਂ ਪ੍ਰਾਪਤ ਰਿਪੋਰਟਾਂ ਦਾ ਵਿਸ਼ਲੇਸ਼ਣ ਕਰੇਗੀ ਅਤੇ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦੇਵੇਗੀ ਕਿ ਉਹ ਇਹਨਾਂ ਰਿਪੋਰਟਾਂ ਤੇ ਲੋੜੀਂਦੀ ਕਾਰਵਾਈ ਕਰਨ। ਜ਼ਿਲ੍ਹਾ ਪੱਧਰੀ ਜੀ.ਓ.ਜੀ. ਵਿੱਚ ਹੇਠ ਲਿਖੇ ਮੈਂਬਰ ਹੋਣਗੇ:- ਲੈਫਟੀਨੈਂਟ ਕਰਨਲ ਜਾਂ ਇਸ ਤੋਂ ਉਪਰਲੇ ਰੈਂਕ ਦਾ ਇਕ ਅਫਸਰ ਉਸ ਦੇ ਨਾਲ ਸਹਾਇਤਾ ਲਈ ਇੱਕ ਮੇਜਰ ਅਤੇ ਦੋ ਜੇ.ਸੀ.ਓ./ਐਨ.ਸੀ.ਓ. ਅਤੇ ਇੱਕ ਬਿੱਲ ਕਲਰਕ ਜਾਂ ਡਾਟਾ ਐਂਟਰੀ ਓਪਰੇਟਰ ਤਾਇਨਾਤ ਕੀਤੇ ਗਏ ਹਨ।

ਉਦੇਸ਼-ਇਸ ਸਕੀਮ ਦਾ ਉਦੇਸ਼ ਪੰਜਾਬ ਸਰਕਾਰ ਵੱਲੋਂ ਸਮਾਜ ਨੂੰ ਜਨਤਕ ਤੌਰ ਤੇ ਪ੍ਰਦਾਨ ਕੀਤੀਆਂ ਜਾਂਦੀਆਂ ਵੱਖ-ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਦੇ ਲਾਗੂ ਹੋਣ ਦੀ ਨਿਗਰਾਨੀ ਕਰਨਾ ਹੈ ਤਾਂ ਕਿ ਸਮਾਜ ਦੇ ਹਰ ਵਰਗ ਤੱਕ ਲੋੜੀਂਦਾ ਮੁਆਵਜ਼ਾ ਅਤੇ ਸਹਾਇਤਾ ਲੋੜਵੰਦਾਂ ਤੱਕ ਪਹੁੰਚੇ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਦੀਆਂ ਨਲਾਇਕੀਆਂ ਤੇ ਪੰਚਾਇਤ ਪੱਧਰ ਤੇ ਹੁੰਦੀ ਘਪਲੇਬਾਜ਼ੀ ਦਾ ਪਰਦਾਫਾਸ਼ ਹੋ ਸਕੇ। ਮਨਜ਼ੂਰਸ਼ੁਦਾ ਵੱਖ-ਵੱਖ ਸਰਕਾਰੀ ਸਕੀਮਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਉੱਚ-ਪੱਧਰੀ ਸਰਕਾਰੀ ਤੰਤਰ ਤੋਂ ਲੈ ਕੇ ਪਿੰਡ ਪੱਧਰ ਤੱਕ ਲਾਗੂ ਹੋਣ ਨੂੰ ਯਕੀਨੀ ਬਣਾਉਣਾ ਤਾਂ ਕਿ ਸਕੀਮਾਂ ਦਾ ਲਾਭ ਲਾਈਨ ਵਿੱਚ ਖੜ੍ਹੇ ਆਖਰੀ ਵਿਅਕਤੀ ਤੱਕ ਪਹੁੰਚੇ। ਪਿੰਡ ਪੱਧਰ ਤੱਕ ਪ੍ਰਸ਼ਾਸਨ ਦੇ ਸਾਰੇ ਪੱਧਰਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਕੀਮਾਂ ਲਾਗੂ ਕਰਨ ਲਈ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣਾ। ਆਮ ਆਦਮੀ ਦਾ ਪ੍ਰਸ਼ਾਸਨ ਵਿੱਚ ਵਿਸ਼ਵਾਸ ਪੈਦਾ ਕਰਨ ਵਿੱਚ ਪੁਰਜ਼ੋਰ ਮਦਦ ਕਰਨਾ।

ਈ-ਮੇਲ:-
chambalgurpreetsingh@gmail.com



# ਤੀਆਂ ਤੀਜ ਦੀਆਂ





ਗੁਰਜੀਤ ਕੌਰ 'ਮੋਗਾ'

ਸਾਵਣ ਦੀਆਂ ਕਾਲੀਆਂ ਘਟਾਵਾਂ ਦਾ ਆਸਮਾਨੀ ਚੜੀਆਂ ਵੇਖ ਪਸ਼ੂ, ਪੰਛੀ ਝੂਮ ਉੱਠਦੇ, ਮੋਰਾਂ ਪੈਲਾਂ ਪਾਉਂਦੇ ਤੇ ਰੁੱਖ ਪਹਿਲੀ ਬਾਰਿਸ਼ ਨਾਲ ਹੀ ਆਨੰਦਿਤ ਹੋ ਉੱਠਦੇ ਹਨ। ਟਹਿਕਦੇ ਫੁੱਲ ਬੂਟੇ ਤੇ ਰੁੱਖਾਂ ਦੇ ਪੱਤੇ ਸਾਰੇ ਵਾਤਾਵਰਣ ਵਿੱਚ ਤਾਜ਼ਗੀ ਭਰ ਦਿੰਦੇ ਹਨ । ਪੰਜਾਬੀ ਸਭਿਆਚਾਰ ਵਿੱਚ ਸਾਉਂਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ। ਇਹ ਮਹੀਨਾ ਆਪਣੇ ਨਾਲ ਹੋਰ ਤਿਉਹਾਰ ਵੀ ਲੈ ਕੇ ਆਉਂਦਾ ਹੈ ਜਿਵੇਂ ਤੀਆਂ ਰੱਖੜੀ, ਗੁੱਗਾ ਆਦਿ ।ਸਾਉਣ ਦੇ ਚੜ੍ਹਨ ਦੇ ਸਭ ਬਾਰਿਸ਼ ਦੀ ਬੜੀ ਬੇਸਬਰੀ ਨਾਲ ਉਡੀਕ ਹੁੰਦੀ ਹੈ । ਜੇਠ ,ਹਾੜ ਦੀ ਤਪਸ਼ ਤੇ ਗਰਮ ਹਵਾਵਾਂ ਨਾਲ ਮੁਰਝਾਇਆ ਵਾਤਾਵਰਨ ,ਖੁਸ਼ਗਵਾਰ ਮੌਸਮ, ਵਰਖਾ ਹੋਣ ਤੇ ਸਭ ਦਾ ਮਨ ਮੋਹ ਲੈਂਦੀ ਹੈ। ਚਾਰੇ ਪਾਸੇ ਹਰੀ ਭਰੀ ਧਰਤੀ, ਟਾਹਣੀਆਂ ਤੇ ਬੈਠੇ ਪੰਛੀ ਕਰਦੇ ਕਲੋਲਾਂ , ਬਾਗਾਂ ਵਿੱਚ ਅੰਬੀਆਂ ਦੇ ਬੂਟਿਆਂ ਤੇ ਕੂਕਦੀਆਂ ਕੋਇਲਾਂ, ਆਸਮਾਨ ਵਿੱਚ ਉਡਾਰੀਆਂ ਲਾਉਂਦੇ ਪੰਛੀ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਨਜ਼ਰ ਆਉਂਦੇ ਹਨ । ਤਿਤਲੀਆਂ-ਭੰਵਰੇ ਮਸਤੀ ਵਿੱਚ ਝੂਮਦੇ ਨਜ਼ਰ ਆਉਂਦੇ ਹਨ ।ਜਦੋਂ ਮੋਹਲੇਧਾਰ ਵਰਖਾ ਨਾਲ ਧਰਤੀ ਦੀ ਹਿੱਕ ਠਰਦੀ ਹੈ ਤਾਂ ਠੰਡੀਆਂ ਮਸਤ ਹਵਾਵਾਂ ਰੁੱਖਾਂ ਦੇ ਪੱਤਿਆਂ ਨਾਲ ਛੇੜਖਾਨੀ ਕਰਕੇ ਲੰਘਦੀਆਂ ਹਨ । ਸਾਰੀ ਬਨਸਪਤੀ ਨੂੰ ਨਵੀਂ ਉਰਜਾ ਮਿਲਦੀ ਹੈ ਨਵੇਂ ਪੱਤੇ ਜਨਮ ਲੈਂਦੇ ਹਨ।

ਸਾਉਂਣ ਮਹੀਨੇ ਨਾਲ ਜੁੜਿਆ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ ।

ਮੱਸਿਆ ਵਾਲੀ ਤਿਥ ਤੋਂ ਬਾਦ ਜਦੋਂ ਚੰਦਰਮਾ ਆਪਣੇ ਪੂਰੇ ਆਕਾਰ ਵਿੱਚ ਗੋਲ ਹੁੰਦਾ ਹੈ ਉਸ ਦਿਨ ਨੂੰ ਤੀਜ ਮੰਨਿਆਂ ਜਾਂਦਾ ਹੈ । ਇਸ ਦਿਨ ਤੋਂ ਹੀ ਇਹ ਤਿਉਹਾਰਾਂ 'ਤੀਆਂ ਤੀਜ ਦੀਆਂ' ਕਰਕੇ ਪ੍ਰਸਿੱਧ ਹੈ ।ਤੀਆਂ ਪਿੰਡਾਂ ਦੇ ਸੰਘਣੇ ਪਿਪਲ ਜਾਂ ਬੋਹੜ ਦੀ ਛਾਵੇਂ ਹੀ ਲਗਦੀਆਂ ਹਨ ? ਸਜ ਵਿਆਹੀਆਂ ਮੁਟਿਆਰਾਂ ਸਹੁਰੇ ਘਰ ਰਹਿੰਦੀਆਂ, ਇਸ ਤਿਉਹਾਰ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੀਆਂ ਹਨ ।ਪੇਕੇ ਘਰ ਜਾਣ ਦੀ ਤਾਂਘ ਮਨ ਵਿੱਚ ਇਕ ਉਮੰਡਰਾ ਪੈਦਾ ਕਰਦੀ ਹੈ । ਪੇਕੇ ਘਰ ਜਾਣ ਦਾ ਇਕ ਵੱਖਰਾ ਚਾਅ ਉਨ੍ਹਾਂ ਦੇ ਅੰਦਰ ਹੁੰਦਾ ਹੈ।, ਭਰਾ ਦੇ ਆਉਣ ਦੇ ਇੰਤਜ਼ਾਰ ਵਿੱਚ ਮੁਟਿਆਰਾਂ ਵੀਰ ਦਾ ਰਾਹ ਵੇਖਦੀਆਂ ਹਨ। ਪੇਕੇ ਘਰ ਇਕੱਠੀਆਂ ਹੋਈਆਂ ਮੁਟਿਆਰਾਂ ਸੱਜ-ਸਵਾਂਰ ਕੇ ਟੋਲੀਆਂ ਬੰਨ੍ਹ ਇਕ ਦੂਜੇ ਨੂੰ ਮਖੌਲ ਕਰਦੀਆਂ, ਹੱਸਦੀਆਂ, ਖੇਡਦੀਆਂ, ਟੱਪਦੀਆਂ ਹੋਈਆਂ ਕਿਸੇ ਬੋਹੜ ਜਾਂ ਪਿੱਪਲ ਦੀ ਛਾਵੇਂ ਰੋਣਕਾਂ ਲਾਉਂਦੀਆਂ ਹੋਈਆਂ ਗਾਉਂਦੀਆਂ ਹਨ..

**ਆਉਂਦੀ ਕੁੜੀਏ ਜਾਂਦੀ ਕੁੜੀਏ, ਤੁਰਦੀ**
**ਪਿਛਾਂਹ ਨੂੰ ਜਾਵੇਂ,**
**ਹੌਲੀ-ਹੌਲੀ ਪੈਰ ਪੱਟ ਲੈ, ਤੀਆਂ ਲੱਗੀਆਂ**
**ਪਿੱਪਲ ਦੀ ਛਾਵੇਂ।**

ਗਿੱਧਾ ਪੂਰੇ ਜੋਬਨ ਤੇ ਹੁੰਦਾ, ਬੋਲੀਆਂ ਪਾਉਂਦੇ ਸਮੇਂ ਹਰ ਮੁਟਿਆਰ ਦੇ ਪੈਰ ਨੱਚਣ ਲਈ ਥਿਰਕਦੇ ।ਆਪਣੇ ਪੇਕੇ ਆਉਣ ਦੇ ਚਾਅ ਵਿੱਚ ਬੋਲੀਆਂ ਪਾਉਂਦੀਆਂ ਹੋਈਆਂ ਗਾਉਂਦੀਆਂ ..

**ਤੀਆਂ ਜੋਰ ਲੱਗੀਆਂ ,**
**ਜੋਰੋ ਜੋਰ ਲੱਗੀਆਂ,**
**ਮੇਰੇ ਪੇਕਿਆਂ ਦੇ ਪਿੰਡ ਤੀਆਂ ਜੋਰ**
**ਲੱਗੀਆਂ।**

ਸਾਉਂਣ ਦੇ ਛਰਾਟੇ ਉਨ੍ਹਾਂ ਦੇ ਮਨਾਂ ਵਿੱਚ ਹੋਰ ਜੋਸ਼ ਭਰਦੇ ।ਇਸ ਖਿੜੇ ਮਾਹੋਲ ਵਿੱਚ ਦਰਾਣੀਆਂ, ਜਠਾਣੀਆਂ, ਨਨਦਾਂ ਤੇ ਭਰਜਾਈਆਂ ਸਭ ਰਲ ਮਿਲ ਕੇ ਗਿੱਧੇ ਦਾ ਖੂਬ ਆਨੰਦ ਲੈਦੀਆਂ ਤੇ ਗਾਉਂਦੀਆਂ ..

**ਆਉਦੀ ਕੁੜੀਏ ਜਾਂਦੀ ਕੁੜੀਏ, ਪਿਪਲੀ**
**ਪੀਘਾਂ ਪਾਈਆਂ।**
**ਗਿੱਧੇ 'ਚ ਧਮਾਲ ਮਚ ਗਈ, ਜਦੋਂ**
**ਨੱਚੀਆਂ ਨਣਦਾਂ ਭਰਜਾਈਆਂ।**

ਮੁਟਿਆਰਾਂ ਪਿਪਲੀ ਪੀਘਾਂ ਪਾਉਂਦੀਆਂ, ਸਾਉਣ ਮਹੀਨੇ ਦੇ ਗੀਤ ਗਾਉਦੀਆਂ, ਪੂਰੇ ਜੋਸ਼ ਨਾਲ ਪੀਘਾਂ ਨੂੰ ਝੂਟਦੀਆਂ, ਰਲ ਮਿਲ ਕਿੱਕਲੀਆਂ ਪਾਉਦੀਆਂ ,ਰੰਗ ਬਰੰਗੀਆਂ ਪੁਸ਼ਾਕਾਂ ਨਾਲ ਸਜੀਆਂ ਮੁਟਿਆਰਾਂ ਚੋਬਰਾਂ ਦੇ ਦਿਲਾਂ ਨੂੰ ਅੰਬਰੀ ਚੜਾਉਦੀਆਂ, ਮਸਤੀ ਵਿੱਚ ਮਨ ਦੀ ਵੇਦਨਾਂ ਇਸ ਤਰ੍ਹਾਂ ਪ੍ਰਗਟਾਉਂਦੀਆਂ:-

**ਝੂਟਾ ਦੇ ਜਾ ਗੁਲਾਬੀ ਪੱਗ ਵਾਲਿਆ,**
**ਪੀਂਘ ਪਾਈ ਤੇਰੇ ਆਸਰੇ।**

ਇਸੇ ਤਰਾਂ ਦੀਆਂ ਹੋਰ ਬੋਲੀਆਂ ਪਾਉਂਦੀਆਂ ਹਨ..

**ਪੀਂਘ ਪਾਈ ਤੇਰੇ ਆਸਰੇ ਸਾਉਣ ਦਾ**
**ਮਹੀਨਾਂ ਬਾਗਾਂ ਵਿੱਚ ਬੋਲਣ ਮੋਰ ਵੇ,**
**ਮੈਂ ਨਹੀਂ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ**
**।**

ਨੱਚਦੀਆਂ ਟੱਪਦੀਆਂ ਇਕੋ ਜਿਹੀਆਂ ਮੁਟਿਆਰਾਂ ਨੂੰ ਪਤਾ ਨਾ ਲੱਗਦਾ ਕਦੋਂ ਆਥਣ ਹੋ ਜਾਂਦਾ ।ਥੱਕ ਹਾਰ ਕੇ ਆਥਣ ਵੇਲੇ ਆਪੋ ਆਪਣੇ ਘਰੋਂ-ਘਰੀਂ ਮੁੜਦੀਆਂ। ਸਾਉਣ ਮਹੀਨੇ ਦਾ ਖਾਸ ਉਪਹਾਰ ਖੀਰ ਪੂੜੇ ਉਨ੍ਹਾਂ ਨੂੰ ਮਾਵਾਂ ਕੋਲੋ ਖਾਣ ਨੂੰ ਮਿਲਦਾ । ਗੁੜ ਦੇ ਬਣੇ ਪੂੜੇ-ਗੁਲਗੁਲਿਆਂ ਨਾਲ ਸਾਰਾ ਵਾਤਾਵਰਣ ਹੀ ਮਹਿਕਾ ਜਾਂਦਾ। ਚੌਗਿਰਦਾ ਮਿਠਾਸ ਨਾਲ ਭਰ ਜਾਂਦਾ।ਹਰ ਕੋਈ ਖਿਲ ਉੱਠਦਾ ਤੇ ਖੀਰ ਪੂੜੇ ਖਾਣ ਲਈ ਉਤਸੁਕ ਹੁੰਦਾ ।ਤੀਜ ਤੋਂ ਸ਼ੁਰੂ ਹੋ ਕੇ ਤੀਆਂ ਦਾ ਤਿਉਹਾਰ ਤੇਰਾਂ ਦਿਨ ਤਕ ਮਨਾਇਆ ਜਾਂਦਾ ਹੈ ।ਜੇ ਕਿਤੇ ਕੁਦਰਤੀ ਇੰਨੀ ਦਿਨੀਂ ਮੀਂਹ ਨਾ ਪਵੇ ਤਾਂ ਇੰਦਰ ਦੇਵਤੇ ਨੂੰ ਖੁਸ਼ ਕਰਨ ਲਈ ਗੁੱਡੀ ਫੂਕਣ ਦੀ ਪ੍ਰਥਾ ਵੀ ਕਈ ਥਾਂਈ ਪ੍ਰਚਲਤ ਹੈ।

ਜਦੋਂ ਤੀਆਂ ਦੇ ਅਖੀਰਲੇ ਦਿਨ ਵਿਛੜਨ ਦਾ ਸਮਾਂ ਆਉਂਦਾ ਤਾਂ ਮਨ ਦੇ ਵਲਵਲਿਆਂ ਨੂੰ ਬੋਲੀਆਂ ਰਾਹੀਂ ਦਰਸਾਉਦੀਆਂ-

**ਸਾਉਣ ਵੀਰ ਇਕੱਠੀਆਂ ਕਰੇ**
**ਭਾਦੋਂ ਚੰਦਰੀ ਵਿਛੋੜੇ ਪਾਵੇ**
**ਭਾਦੋਂ ਨੂੰ ਕੋਸਦੀਆਂ, ਦੁਬਾਰਾ ਮਿਲਣ ਦੀ**
**ਤਾਂਘ ਲੈ ਕੇ ਗਾਉਂਦੀਆਂ.. ਤੀਆਂ ਤੀਜ**
**ਦੀਆਂ, ਵਰੇ ਦਿਨਾਂ ਨੂੰ ਫੇਰ,**

ਇਸ ਤਰਾਂ ਹੱਸਦਿਆਂ, ਖੇਡਦਿਆਂ, ਨੱਚਦਿਆਂ, ਟੱਪਦਿਆਂ ਤੀਆਂ ਦਾ ਤਿਉਹਾਰ ਸਪੰਨ ਹੁੰਦਾ ਤੇ ਆਪਸੀ ਭਾਈਚਾਰਕ ਸਾਂਝ ਨੂੰ ਵਧਾਉਂਦਾ ਪਰੰਤੂ ਅਜੋਕੇ ਸਮੇਂ ਵਿੱਚ ਤੀਆਂ ਦਾ ਤਿਉਹਾਰ ਅਲੋਪ ਹੁੰਦਾ ਜਾ ਰਿਹਾ ਹੈ ਇਸ ਨੂੰ ਮਨਾਉਣ ਦੇ ਢੰਗ ਤਰੀਕੇ ਬਦਲ ਗਏ ਹਨ ।ਪੁਰਾਤਨ ਪ੍ਰੰਪਰਾ ਅਲੋਪ ਹੁੰਦੀ ਜਾ ਰਹੀ ਹੈ ।ਬੋਹੜਾਂ, ਪਿਪਲਾਂ ਦੀ ਛਾਂਵੇ ਲਗਣ ਵਾਲੀਆਂ ਤੀਆਂ ਦੀ ਥਾਂ ਹੁਣ ਸਕੂਲਾਂ, ਕਾਲਜਾਂ ਦੇ ਵਿਹੜਿਆਂ ਨੇ ਲੈ ਲਈ ਹੈ ।ਹੁਣ ਤਾਂ ਬੋਹੜ, ਪਿਪਲ ਵੀ ਨਜ਼ਰ ਨਹੀ ਆਉਂਦੇ ਸ਼ਾਇਦ ਵਿਕਾਸ ਦੀ ਹਨੇਰੀ ਦੀ ਬਲੀ ਚੜ ਗਏ ਤੇ ਨਾ ਹੀ ਆਪਸੀ ਭਾਈਚਾਰਕ-ਸਾਂਝ ਰਹੀ ।ਹੁਣ ਇਹ ਤਿਉਹਾਰ ਭਾਂਵੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਮਨਾ ਲਿਆ ਜਾਂਦਾ ਹੈ ਪਰ ਫਿਰ ਵੀ ਸਾਡੇ ਚੇਤਿਆਂ ਵਿੱਚ 'ਤੀਆਂ ਤੀਜ ਦੀਆਂ ਹੀ ਵਸਿਆ ਹੋਇਆ ਹੈ ।


## ਤੋੜ

ਹਾਏ !ਮੈ ਮਰ ਚਲਿਆ..... ਬੇਬੇ, ਸਾਰੀ ਰਾਤ ਮੰਜੇ ਨੂੰ ਪਿੱਡ ਨੀ ਲਾਈ..
ਮੈਨੂੰ ਕੁਝ ਹੁੰਦਾ ਜਾਂਦਾ, ਨਾ ਖੜ ਹੁੰਦਾ, ਨਾ ਬਹਿ, ਪੈ ਹੁੰਦਾ ਆ...
ਤੜਫਮੱਛਣੀ ਜਿਹੀ ਲਗੀ ਪਈ ਆ, ਕੀ ਕਰਾਂ ਮੈ...ਮਰਦਾ ਜਾਨਾ..ਆ
ਬਸ ਅੱਜ, ....ਇੱਕ ਵਾਰ, ਬੇਬੇ, ਖੁਰਾਕ ਜੋਗੇ ਪੈਸੇ ਦੈ ਦੇ...
ਅੱਗੇ ਤੋ ...ਫਿਰ ਕਦੇ ਤੰਗ ਨੀ ਕਰਦਾ ਆ, .... ਤੈਨੂੰ ਮੈ,....
ਸੌਂਹ ਟਿੱਲੇ ਵਾਲੇ ਬਾਬਿਆਂ ਦੀ, ......ਜੇ ਕਦੇ, ਫੇਰ ਪੈਸੇ ਮੰਗਾਂ ਤੈਤੋਂ...??
ਸੌਂਹ ਤੇਰੇ ਸਿਰ ਦੀ ਮਾਂ........ਕੱਲ ਤੋ ਮੈ, ਨਸ਼ਾ ਛਡਾਓ ਸੈਂਟਰ ਵਿੱਚ ਭਰਤੀ ਹੋ ਜਾਣਾ ਆ.....ਅੱਜ ਅਖੀਰਲਾ ਦਿਨ ਆ...ਇਕ ਵਾਰ
ਫਿਰ ਇਹਨਾ ਕੰਮਾਂ ਤੋ ਤੋਵਾ ਤੋਵਾ ਮੇਰੀ ?? ?? ਹੁਣ ਤਾਂਤੂੰ ਖੁਸ਼ ਆ ਮਾਂ
ਜੱਸੀ, ਨਸ਼ੇ ਦੀ ਤੌੜ 'ਚ, ਆਪਣੇ ਬੇਬੇ ਦੇ ਪੈਰਾਂ 'ਚ ਬੈਠਾ ਆ
ਲੈਲੜੀਆਂ ਕੱਢ ਰਿਹਾ ਸੀ......ਅੱਖਾਂ 'ਚ ਪਾਣੀ , ਸਾਰਾ ਸਰੀਰ ਤੌਣੀਆਂ ਨਾਲ ਭਿਜਿਆ ਗੱਚ ਹੋਇਆ ਪਿਆ ਸੀ , ਜਿੱਵੇ ਬਿੰਨ ਪਾਣੀ ਮੱਛੀ ਵਾਂਗ ਤੜਫਦੀ ਹੁੰਦੀ ਆ, ਜੱਸੀ ਕਦੇ ਕੰਧ 'ਚ ਸਿਰ ਮਾਰਨ ਲੱਗਦਾ, ਕਦੇ ਆਪਣੇ ਸਿਰ ਦੇ ਬਾਲ ਹੱਥੀ ਪੁਟਦਾ ਹੋਇਆ ਧਰਤੀ ਤੇ ਲਿਟ ਲੈਰਾਂ ਮਾਰਨ ਲੱਗਦਾ ਆ....
ਮਾਂ ਤੋ ਆਪਣਾ, ਲਾਡਾਂ ਪਿਆਰਾ ਨਾਲ ਪਾਲਿਆ ਇੱਕਲੋਤਾ ਪੁੱਤ,
ਵੇਖਿਆ ਨਹੀ ਸੀ, ਜਾਹ ਰਿਹਾ...ਓਹ ਕਾਲਜਾ ਫੜ, ਜੱਸੀ ਦੇ ਸਰਾਣੇ ਬਹਿ ਕਹਿਣ ਲੱਗੀ,....ਵੇ ਪੁੱਤ, ਜੱਸੀ.....!!
ਏਹ ਤੈਂ ਕੀ ਹਾਲ ਬਣਾ ਲਿਆ ਆਪਣਾ...ਤੂੰ ਤਾਂ ਸਾਡੇ ....ਦੋ ਪਰਿਵਾਰਾਂ ਦਾ ਕੱਲਾ ਕੱਲਾ ਪੁੱਤ ਐ
ਤੇਰੇ ਤੇ ਹੀ, ਸਾਰੀਆ ਆਸਾਂ ਨੇ ਪੁੱਤ......ਪਰ ਤੈਂ ਤਾਂ, ਸਾਡੇ ਦਿਲਾਂ ਦੀਆਂ ਮਿੱਟੀ 'ਚ ਮਿਲਾ ਕੇ ਰੱਖ ਦਿੱਤੀਆਂ,:
ਰੋਜ ਰੋਜ਼ ਕਿੱਥੋ ਲਿਆ ਲਿਆ ਕੇ ਦੇਵੀ ਜਾਵਾਂ ਤੈਨੂੰ, ਮੈ ਪੈਸੇ ਐ.......?
ਤੇਰੇ ਕਲੇਣੇ ਨਸ਼ੇ-ਪਤਿਆ ਦੇ ਲਈ...!!ਹੁਣ ਨਹੀ ਦੇ ਸਕਦੀ...ਤੈਨੂੰ ਇੱਕ ਵੀ ਰਪੈ ਆ, ਤੇਰੇ ਬਾਪੂ ਜੀ ਨੇ ਮੈਨੂੰ ਆਪਣੀ ਸੌਂਹ ਖੁਵਾਈ ਆ..
ਕਿ ਅੱਜ ਤੋ ਬਾਦ ਇਸ ਨੂੰ ਪੈਸਾ-ਧੇਲਾ ਨਹੀ ਦੇਣਾ...........
ਮੋਟਰ ਸਾਇਕਲ ਤੂੰ ਵੇਚ ਕੇ ਖਾਹ ਗਿਆ, ਘੜੀ, ਕੜਾ,ਮੇਰੀ ਸੌਨੇ ਦੀ ਚੈਨੀ , ਸਾਰੇ ਤੈਂ ਨਸ਼ਿਆਂ ਦੇ 'ਚ ਲੰਘਾਂ ਦਿੱਤੇ , ਓ ਮੇਰੇ ਵਾਹਿਗੁਰੂ ...ਹੇ ਸੱਚੇ ਪਾਤਸ਼ਾਹ ...ਇਹ ਦੀ ਮੱਤ ਨੂੰ ਦਿਓ ਸੇਧ !!
ਕੋਣ ਆਪਣੀ ਕੁੜੀ ਦੇ ਦਿਓ ਤੈਨੂੰ...
ਤੇਰੀਆਂ ਇਹ ਕਰਤੂਤਾਂ ਨੂੰ ਵੇਖ ਕੇ
ਤੈਂ ਪਿੰਡ 'ਚ ਮੂੰਹ ਵਿਖਾਉਣ ਜੋਗੇ ਨਹੀ ਛੱਡੇ,...... ਤੇਰੇ ਰੋਜ਼ ਉਲਾਂਭੇ ਆਉਦੇ ਨੇ ਘਰ........ਕਿ ਸਾਡੀ ਮੋਟਰ ਤੇ ਬਹਿ ਨਸ਼ੇ ਪੱਤੇ ਕਰਦੀ ਰਹਿੰਦੀ ਆ, ਇਹਨਾਂ ਚਾਰ ਪੰਜ ਜਾਣਿਆ ਦੀ ਜੁਡਲੀ........!!
ਤੇਰਾ ਬਾਪ ਤਾਂ ਹੁਣ, ਅੰਦਰ ਵੜ ਵੜ ਕੇ ਰੌਂਦਾਂ ਵਾ, ਕਿ ਅਸੀ ਤੈਨੂੰ ਪੜਾਇਆ, ਲਿਖਾਇਆ ...ਇਸ ਕੰਮਾਂ ਲਈ ਸੀ........! ਜਦੋ ਜੱਸੀ ਨੇ ਵੇਖਿਆਂ, ਕਿ ਬੇਬੇ ਤੇ ਮਿੰਨਤਾਂ ਤਰਲਿਆਂ ਦਾ ਕੋਈ ਅਸਰ ਨਹੀ ਹੋ ਰਿਹਾ,.....ਤਾਂ ਆਪਣੀ ਬੇਬੇ ਨੂੰ ਧੱਕਾ ਮਾਰ ਪਰਾਂ ਸੁਟ, ਘਰ ਅੰਦਰ ਵੜ, ਟਰੰਕ ਸੰਦੂਕ ਫਰੋਲ ਪੈਸੇ ਕੱਢ...ਘਰ ਚੋਂ ਬਾਹਰ ਆ,
ਫੌਨ ਜੇਬੋ ਕੱਢ, ਕਿਸੇ ਨਾਲ ਗੱਲ ਬਾਤ ਸਾਂਝੀ ਕਰਨ ਲੱਗਾ,
ਕੁਝ ਕੁ ਸਮੇ ਬਾਦ.....ਇੱਕ ਮੁੰਡਾ ਮੋਟਰ ਸਾਇਕਲ ਤੇ ਆ, ਘਰ ਦੇ ਮੇਨ ਗੇਟ ਅੱਗੇ ਆ ਖੜਾ ਹੋਇਆ,....ਜੱਸੀ ਨਾਲ ਗਿਟਮਿਟ ਕਰਦਿਆ, ਉਸ ਦੇ ਹੱਥ 'ਚ ਕੁਛ ਫੜਾ ਅ, ਆਪਣੇ ਮੋਟਰ ਸਾਇਕਲ ਦੀ ਕਿੱਕ ਮਾਰ, ਓਹ ਗਿਆ, ਓਹ ਗਿਆ.......!!ਜੱਸੀ ਜਲਦੀ ਜਲਦੀ ....ਡੰਗਰਾਂ ਵਾਲੇ ਬਾੜੇ ਵੱਲ ਚਲਾ ਗਿਆ,ਬੀਬੀ ਜੀ,..... ਬੀਜੀ ਜੀ,.....!!ਆਪਣੇ ਛੋਟੇ ਸਰਦਾਰ ਜੀ ....
ਬੀਬੀ ਜੀ....ਆਪਣੇ ਕਾਕਾ ਜੀ ਕੋ.....ਜੱਸੀ ਸਰਦਾਰ, ਪਸ਼ੂਆਂ ਵਾਲੇ ਬਾੜੇ ਮੇ.....ਖੁਰਲੀ ਮੇ ਗਿਰੇ ਪੜੇ ਹੈ......ਆਂਏ ਜਲਦੀ ਜਲਦੀ...ਉਨ ਕੇ ਮੂੰਹ ਸੇ ਝਾਗ ਵੀ ਨਿੱਕਲ ਰਹਾ ਐ, ਉਨਕੀ ਬਾਂਹ ਮੇ ਟੀਕਾ ਕਾ ਸਰਿੰਜ਼ ਵੀ ਲਗਾ ਹੂਆ ਹੈ.......ਪਤਾ ਨਹੀ ਉਨ ਕੋ ਕਿਆ ਹੋਆ.....
ਮੈ ਤੋ ਉਨ ਕੋ ਬਹੁਤ ਹਿੱਲਾ ਹਿੱਲਾ ਕਰ ਵੀ ਦੇਖਾ ਆ... ਪਰ ਵੋਹ ਤੋ.... ਬੇ-ਹੌਸ਼ ਹਾਲਤ ਮੇ ਲੱਗਤ ਹੈ....ਉਨ ਕਾ ਸਾਰਾ ਸਰੀਰ ਵੀ ਠੰਡਾ ਹੂਆ ਪੜਾ ਹੈ ....ਪ ?ਭੂ ਨਾ ਕਰੇ ਏ,.....ਉਨ ਕੇ ਤੋ ਬੀਬੀ ਜੀ, ਸਾਂਸ ਵੀ ਨਹੀ ਚਲਤ !! ਸੰਕਰ ਬਈਆ, ਸਾਹੋ ਸਾਹੋ ਹੋਇਆ, ਬੋਲੀ ਜਾ ਰਿਹਾ ਸੀ......!!

**ਦੀਪ ਰੱਤੀ**
00919815478547

# ਨਹੀਂ ਭੁੱਲਦਾ ਚੇਤਿਆਂ ਚੋਂ ਬੇਬੇ ਦਾ ਚੁੱਲ੍ਹੇ ਤੇ ਬਣਾਇਆ ਹੋਇਆ ਸਾਗ





-ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀਆਂ ਦੀ ਮਨ ਭਾਉਂਦੀ ਖੁਰਾਕ ਸੀ ਅੱਜ ਵੀ ਹੈ ਤੇ ਹਮੇਸ਼ਾ ਰਹੇਗੀ। ਪੰਜਾਬ ਸੂਬਾ ਕਿਸੇ ਸਮੇਂ ਬਹੁਤ ਹੀ ਖੁਸ਼ਹਾਲ ਸੂਬਾ ਰਿਹਾ ਹੈ, ਬੇਸ਼ੱਕ ਅੱਜ ਵੀ ਪੰਜਾਬ ਭਾਰਤ ਦੇਸ਼ ਦੇ ਸਾਰੇ ਹੀ ਸੂਬਿਆਂ ਚੋਂ ਮੋਹਰੀ ਸੂਬਾ ਹੈ,ਪਰ ਚੰਦਰੇ ਨਸ਼ਿਆਂ ਦੇ ਪ੍ਰਕੋਪ ਨੇ ਇਸ ਦੀ ਓਹ ਪਹਿਲੀ ਦਿੱਖ ਨੂੰ ਥੋੜੀ ਬਹੁਤੀ ਢਾਹ ਜ਼ਰੂਰ ਲਾਈ ਹੈ। ਪੰਜਾਬੀਆਂ ਦੇ ਮਨ ਭਾਉਂਦੇ ਖਾਣੇ ਵਿੱਚ ਸਰੋਂ ਦਾ ਸਾਗ ਮੱਕੀ ਦੀ ਰੋਟੀ ਤੇ ਚਾਟੀ ਵਾਲ਼ੀ ਲੱਸੀ ਦਾ ਬਹੁਤ ਮਹੱਤਵ ਹੈ।ਸਾਡੇ ਪੁਰਖਿਆਂ ਚੋ ਬਹੁਤੇ ਹਾਲੇ ਵੀ ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਤੇ ਚਾਟੀ ਵਾਲ਼ੀ ਲੱਸੀ ਦੇ ਸ਼ੌਕੀਨ ਹਨ, ਤੇ ਰਾਤ ਸਮੇਂ ਵੀ ਲੱਸੀ ਪੀ ਲੈਂਦੇ ਹਨ।

ਪਹਿਲਾਂ ਤੋਂ ਹੀ ਓਹਨਾਂ ਦੇ ਸਰੀਰਾਂ ਨੇ ਇਸ ਨੂੰ ਚਾਹਿਆ/ਭਾਵ ਮੰਨਿਆ ਹੈ, ਇਸੇ ਲਈ ਪੱਕੀ ਉਮਰ ਭਾਵ ਬੁਢਾਪੇ ਵਿੱਚ ਵੀ ਸਰੀਰ ਮੰਨਦਾ ਹੈ।ਇਸ ਦੇ ਬਿਲਕੁਲ ਉਲਟ ਜੋ ਅਜੋਕੀ ਨੌਜਵਾਨ ਪੀੜ੍ਹੀ ਹੈ ਓਹਨਾਂ ਨੂੰ ਮੱਕੀ ਦੀ,ਬਾਜਰੇ ਦੀ, ਜਾਂ ਫਿਰ ਸਰੋਂ ਦਾ ਸਾਗ ਬਿਲਕੁਲ ਵੀ ਨਹੀਂ ਭਾਉਂਦਾ ਮਤਲਬ ਖਾ ਕੇ ਰਾਜੀ ਨਹੀਂ ਹੈ। ਹਾਂ ਅਜੋਕੇ ਸਮੇਂ ਵਿੱਚ ਬਰਗਰ ਪੀਜ਼ੇ ਨੂਡਲਜ਼ ਪੌਪ ਕੌਰਨ ਭਾਵ ਬਜ਼ਾਰੂ ਚੀਜ਼ਾਂ ਖਾ ਖਾ ਕੇ ਬਿਨ ਮਤਲਬ ਤੋਂ ਪੇਟ ਵਧਾਏ ਹੋਏ ਹਨ।

ਪੰਜਾਬੀਆਂ ਦੀ ਮਹਿਮਾਨ ਨਿਵਾਜ਼ੀ ਦੀਆਂ ਗੱਲਾਂ ਬਾਤਾਂ ਕੁੱਲ ਦੁਨੀਆਂ ਵਿੱਚ ਮਸ਼ਹੂਰ ਹਨ।ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਬੇਸ਼ੱਕ ਪੰਜਾਬੀ ਪੈਗ ਸ਼ਐਗ ਦੇ ਵੀ ਬਹੁਤ ਸ਼ੌਕੀਨ ਹਨ ਪਰ ਸਾਦਾ ਖਾਣਾ ਖਾਣ ਵਾਲੇ ਵੀ ਬਥੇਰੇ ਪੰਜਾਬੀ ਨੇ ਜਿਨ੍ਹਾਂ ਨੇ ਸਾਰੀ ਉਮਰ ਹੀ ਸ਼ੌਕ ਨਾਲ ਵੀ ਕਦੀ ਨਸ਼ੇ ਦਾ ਸਵਾਦ ਹੀ ਨਹੀਂ ਵੇਖਿਆ। ਓਹਨਾਂ ਨੂੰ ਕਦੇ ਕੋਈ ਬੀਮਾਰੀ ਨੇ ਵੀ ਨਹੀਂ ਘੇਰਿਆ।

ਸਿਆਲ਼ ਦੀ ਰੁੱਤ ਵਿੱਚ ਹਰ ਘਰ ਵਿੱਚ ਹੀ ਪੁਰਾਤਨ ਸਮਿਆਂ ਵਿੱਚ ਸਾਗ ਬਣਦਾ ਰਿਹਾ ਹੈ, ਤੇ ਇਸ ਦੀ ਇੱਕ ਖਾਸੀਅਤ ਇਹ ਵੀ ਸੀ ਕਿ ਜਿਨ੍ਹਾਂ ਸਾਗ ਬੇਹਾ ਹੋਵੇਗਾ ਓਨਾਂ ਹੀ ਤੜਕਾ ਲਾ ਲਾ ਕੇ ਸਵਾਦੀ ਬਣ ਜਾਂਦਾ ਸੀ। ਬੇਸ਼ੱਕ ਅਜੋਕੇ ਸਮਿਆਂ ਵਿੱਚ ਵੀ ਘਰਾਂ ਵਿੱਚ ਜਾਂ ਆਮ ਸੜਕ ਕਿਨਾਰੇ ਬਣੇਂ ਢਾਬਿਆਂ ਤੇ ਸਾਗ ਬਣਦਾ ਹੈ ਤੇ ਲੋਕ ਚਾਹ ਕੇ ਖਾਂਦੇ ਵੀ ਹਨ।ਪਰ ਹੁਣ ਇਹ ਕੂਕਰਾਂ ਵਿੱਚ ਬਣਦਾ ਕਰਕੇ ਓਹਨਾ ਲਾਜਵਾਬ ਜਾਂ ਸਵਾਦੀ ਨਹੀਂ ਬਣਦਾ,ਜਿਨਾ ਪਹਿਲੇ ਸਮਿਆਂ ਵਿੱਚ ਬੇਬੇ ਚੁੱਲ੍ਹੇ ਮੂਹਰੇ ਬੈਠ ਕੇ ਗੰਦਲਾਂ ਨੂੰ ਸਵਾਰ ਕੇ ਨਾਲ ਦੀ ਨਾਲ ਚੀਰ ਕੇ ਮੱਠੀ ਮੱਠੀ ਅੱਗ ਤੇ ਰਿੰਨ੍ਹਦੀ ਰਹੀ ਹੈ।ਲੋੜ ਮੁਤਾਬਕ ਬੇਬੇ ਨੇ ਬਾਥੂ,ਪਾਲਕ,ਮੇਥੇ ਹਰੀਆਂ ਮਿਰਚਾਂ ਅਦਰਕ,ਲਸੁਨ,ਨਮਕ ਆਦਿ ਪਾ ਕੇ ਜਦ ਮੱਠੀ ਮੱਠੀ ਅੱਗ ਤੇ ਰਿੰਨਣਾ ਤੇ ਬਾਅਦ ਵਿੱਚ ਮੱਕੀ ਦੇ ਆਟੇ ਦਾ ਆਲਣ ਪਾ ਕੇ ਘੋਟ ਘੋਟ ਕੇ ਇੱਕ ਜਾਨ ਕਰਕੇ ਭੂਕਾਂ ਵਾਲੇ ਗੰਢਿਆਂ ਦਾ ਤੜਕਾ ਲਾਉਣਾ ਤੇ ਫਿਰ ਸਾਰੇ ਹੀ ਟੱਬਰ ਨੇ ਚੁਲ੍ਹੇ ਦੇ ਦੁਆਲ਼ੇ ਬੈਠਕੇ ਬੇਬੇ ਨੇ ਜੋ ਮੱਕੀ ਦੀ ਰੋਟੀ ਬਣਾਈ ਹੁੰਦੀ ਸੀ ਸਾਗ ਨਾਲ ਖਾਣੀ ਤੇ ਤਾਜਾ ਕੱਢਿਆ ਹੋਇਆ ਮੱਖਣ ਬੇਬੇ ਨੇ ਖੁਲ੍ਹੇ ਸੁਭਾਅ ਮੁਤਾਬਿਕ ਖੁਲ੍ਹਾ ਹੀ ਸਭਨਾ ਨੂੰ ਪਾਉਣਾ ਓਹ ਗੱਲਾਂ ਹੀ ਕੁੱਝ ਹੋਰ ਸਨ।ਅਣਗਿਣਤ ਹੀ ਰੋਟੀਆਂ ਖਾ ਜਾਣੀਆਂ।

ਅਜੋਕੇ ਸਮੇਂ ਵਿੱਚ ਵੀ ਬੇਸ਼ੱਕ ਸਰੋਂ ਦਾ ਸਾਗ ਮੱਕੀ ਦੀ ਰੋਟੀ ਕੋਈ ਕੋਈ ਟਾਂਵਾਂ ਟਾਂਵਾਂ ਘਰ ਬਣਾਉਂਦਾ ਹੈ ਤੰਦੂਰ ਵੀ ਛੋਟੇ ਛੋਟੇ ਚੱਕਵੇਂ ਜਿਹੇ ਲਿਆ ਕੇ ਬਹੁਤੇ ਘਰਾਂ ਨੇ ਘਰੇ ਰੱਖੇ ਹੋਏ ਹਨ,ਪਰ ਸਾਗ ਬਣਾਉਣ ਦੇ ਤੌਰ ਤਰੀਕਿਆਂ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਆ ਗਿਆ ਹੈ ਕੂਕਰਾਂ ਵਿੱਚ ਬਣਿਆ ਸਾਗ ਨਾ ਤਾਂ ਪੂਰਾ ਰਿਝਦਾ ਹੈ ਨਾ ਹੀ ਕੋਈ ਮੱਕੀ ਦੇ ਆਟੇ ਦਾ ਆਲਣ ਪਾਉਂਦਾ ਹੈ ਤੇ ਮੱਖਣ ਜਾਂ ਘਿਓ ਪਾਉਣ ਨਾਲ ਤਾਂ ਨੱਬੇ ਫੀਸਦੀ ਲੋਕਾਂ ਨੂੰ ਮਰੋੜ ਲੱਗ ਜਾਂਦੇ ਹਨ।ਇਸ ਲਈ ਓਹ ਸਮੇਂ ਬੜੇ ਯਾਦ ਆਉਦੇ ਹਨ। ਕਾਸ਼ !ਓਹ ਸਮੇਂ ਸਾਡੇ ਪੰਜਾਬ ਵਿੱਚ ਮੁੜ ਆ ਜਾਣ,ਪਰ ਗਿਆ ਸਮਾਂ ਦੋਸਤੋ ਕਦੇ ਵਾਪਸ ਨਹੀਂ ਆਉਣਾ ਚੇਤਿਆਂ ਵਿੱਚ ਜ਼ਰੂਰ ਵਸਿਆ ਹੋਇਆ ਹੈ ਤੇ ਓਹੋ ਹੀ ਸਤਿਕਾਰਤ ਦੋਸਤਾਂ/ਪਾਠਕਾਂ ਨਾਲ ਸਾਂਝਾ ਕਰਕੇ ਰੂਹ ਨੂੰ ਸਕੂਨ ਮਿਲ ਜਾਂਦਾ ਹੈ।

# ਕਾਵਿ ਕਿਆਰੀ

## ਧੀਆਂ ਆ ਗਈਆਂ

ਤੀਜ ਦਾ ਤਿਉਹਾਰ,ਦੇਖੋ ਤੀਆਂ ਆ ਗਈਆਂ।
ਤੀਆਂ ਦੀਆਂ ਰੌਣਕਾਂ,ਧੀਆਂ ਆ ਗਈਆਂ।
ਹੱਥਾਂ ਉੱਤੇ ਲਾਈ ਮਹਿੰਦੀ, ਸੋਹਣੇ ਸੂਟ ਪਏ ਨੇ।
ਕਈਆਂ ਨੇ ਤਾਂ ਹਾਲੇ ਨਵੇਂ ਹੀ ਸਿਲਾ ਏ ਨੇ।
ਪਾ ਕੰਨਾਂ ਵਿੱਚ ਝੁਮਕੇ, ਕਰ ਸ਼ਿੰਗਾਰ ਆ ਗਈਆਂ
ਤੀਆਂ ਦੀਆਂ ਰੌਣਕਾਂ, ਧੀਆਂ ਆ ਗਈਆਂ।
ਗਿੱਧਿਆਂ ਦੀ ਰਾਣੀ ਦੇਖੋ, ਜੀਤੀ ਤੁਰੀ ਆਉਂਦੀ ਏ
ਤਾਈ ਦਾ ਹਾਲ ਪੁੱਛ, ਨਵੀਂ ਭਾਬੀ ਨੂੰ ਬੁਲਾਉਂਦੀ ਏ।
ਦੇਰ ਨਾਲ ਮੁੜਾਂਗੀਆਂ,ਤਾਈ ਨੂੰ ਕਹਿ ਆ ਗਈਆਂ।
ਤੀਆਂ ਦੀਆਂ ਰੌਣਕਾਂ....
ਕੱਲ੍ਹ ਹੀ ਤਾਂ ਵੀਰ ਨਾਲ ਮਿੰਦੋ ਆਈ ਏ,
ਆਉਂਦੀ ਆਉਂਦੀ ਸ਼ਹਿਰੋ , ਨੱਥ ਟਿੱਕਾ ਲੈ ਆਈ ਏ।
ਪੱਜ ਨਾਲ ਸਹੁਰਿਆਂ ਤੋਂ ,ਪੇਕੇ ਰਹਿਣ ਆ ਗਈਆਂ।
ਤੀਆਂ ਦੀਆਂ ਰੌਣਕਾਂ...
ਕਿੰਨਾ ਹੁੰਦਾ ਚਾਅ ਸੱਚੀਂ ਤੀਆਂ ਦੇ ਤਿਉਹਾਰ ਦਾ,
ਸਾਨ੍ਹੀ ਨਹੀਓ ਕੋਈ ਕੁੜੀਓ ਤੁਹਾਡੇ ਪਿਆਰ ਦਾ।
ਆਪੋ ਆਪਣੇ ਘਰਾਂ ਦੀਆਂ ਰੌਣਕਾਂ ਵਧਾਉਣ ਆ ਗਈਆਂ।
ਤੀਆਂ ਦੀਆਂ ਰੌਣਕਾਂ, ਧੀਆਂ ਆ ਗਈਆਂ।
ਨਿਰਪਜੀਤ ਕੌਰ ਦੁੱਗਾਂ

## .ਗਜ਼ਲ

ਨਾ ਵੇਖ ਕੱਦ ਮੇਰਾ, ਜਿਗਰਾ ਵਿਸ਼ਾਲ ਵੇਖ ? ? !
ਕੀ-ਕੀ ਪਿਆ ਹੈ ਕਰਦਾ, ਦਿਲ ਦਾ ਕਮਾਲ ਵੇਖ !
ਗਾਉਂਦਾ ਹੈ ਬੇਸੁਰਾ ਉਹ, ਨਾ ਆਖ ਉਸਨੂੰ ਇੰਝ ,
ਬਾਜੇ ਦੀ ਧੁਨ ਜ਼ਰਾ ਸੁਣ, ਤਬਲੇ ਦੀ ਤਾਲ ਵੇਖ !
ਬਰਸਾਤ ਹੋ ਰਹੀ ਹੈ, ਸੱਜਣ ਵੀ ਕੋਲ਼ ਹੈਨ,
ਸੀਨੇ ‘ਚੋਂ ਲਾਟ ਨਿਕਲੇ, ਆਉਂਦਾ ਹੁਨਾਲ ਵੇਖ !
ਡਿਸਕੋ ਬਿਸ਼ੱਕ ਜਾਵੀਂ, ਗਾਵੀਂ ਵਿਦੇਸ਼ੀ ਗੀਤ ,
ਭੰਗੜੇ ‘ਚ ਵੀ ਕਦੇ ਪਰ ਪੈਂਦੀ ਧਮਾਲ ਵੇਖ !
ਇਕ ਪਿਆਰ ਦੀ ਨਿਸ਼ਾਨੀ ਰੱਖੀ ਹੈ ਮੈਂ ਸੰਭਾਲ,
ਸੀਨੇ ਲਗਾਈ ਰੱਖਿਐ, ਤੇਰਾ ਰੁਮਾਲ ਵੇਖ !
ਐਵੇਂ ਭੁਲੇਖੇ ਵਿੱਚ ਹੀ ਨਾ ਭੁੱਲੀਂ ਆਪਣੀ ਮੌਤ ,
ਸਿਰ ‘ਤੇ ਤੇਰੇ ਖੜ੍ਹਾ ਜੋ ਆਪਣਾ ਤੂੰ ਕਾਲ ਵੇਖ !
ਨਾ ਵੇਖ ਰੰਗ ਮੁੱਖ ਦਾ ਨਾ ਵੇਖ ਜਾਤ-ਪਾਤ ,
ਇਕ ਹੀ ਹੈ ਰੰਗ ਲਹੂ ਦਾ ਬਸ ਲਾਲ-ਲਾਲ ਵੇਖ !
ਹੈ ਮੌਜ ਨਾਲ ਤੁਰਨਾ ਰਹਿਣਾ ਨਿਡਰ ਹਮੇਸ਼,
ਸ਼ੇਰਾਂ ਜਿਹਾ ਹੈ ਜਿਗਰਾ ਸਿੰਘਾਂ ਦੀ ਚਾਲ ਵੇਖ !
“ਜੱਸੀ“ ਨੇ ਅੱਜ ਹੈ ਆਉਣਾ, ਜਦ ਜਾਣਿਆਂ ਜਨਾਬ,
ਚਿਹਰੇ ਦਾ ਹੋ ਗਿਆ ਰੰਗ ਸੂਹਾ ਗੁਲਾਲ ਵੇਖ !
ਮੋਬਾਈਲ ਨੰ. 9814396472

## ਸ਼ਹੀਦ ਊਧਮ ਸਿੰਘ

ਅਣਖ ਆਬਰੂ ਵਾਲੀ ਧਰਤੀ ਬਣ ਗਈ ਕਾਇਰਾਂ ਦੀ
ਊਧਮ ਸਿੰਘ ਨੀਂ ਲੱਭਦਾ ਫ਼ਿਰਦੀ ਡਾਰ ਹੈ ਡਾਇਰਾਂ ਦੀ
ਉੱਨੀ ਸੌ ਉੱਨੀ ਦੀ ਭੁੱਲੀ ਜਾਏ ਵਿਸਾਖੀ ਨਾ
ਅੱਖੀਂ ਡਿੱਠੀ ਸਾਥੋਂ ਭੁੱਲੀ ਜਾਏ ਚੁਰਾਸੀ ਨਾ
ਨਹੀਂ ਭੁੱਲਦੀ ਤਸਵੀਰ ਗਲਾਂ ਵਿੱਚ ਪਾਏ ਟਾਇਰਾਂ ਦੀ
ਊਧਮ ਸਿੰਘ ਨੀਂ ਲੱਭਦਾ ਫ਼ਿਰਦੀ ਡਾਰ ਹੈ ਡਾਇਰਾਂ ਦੀ
ਹੱਕ ਮੰਗਦਿਆਂ ਦੇ ਸਿਰ ਵਿੱਚ ਅੱਜ ਵੀ ਡਾਂਗਾਂ ਪੈਂਦੀਆਂ ਨੇ
ਚੁੰਨੀਆਂ ਲੀਰੋ ਲੀਰ ਹੋਣ ਜਾਂ ਪੱਗਾਂ ਲਹਿੰਦੀਆਂ ਨੇ
ਆਪਣਿਆਂ ਨੇ ਵੀ ਫੜ੍ਹ ਲਈ ਹੈ ਪਗਡੰਡੀ ਗੈਰਾਂ ਦੀ
ਊਧਮ ਸਿੰਘ ਨੀਂ ਲੱਭਦਾ ਫ਼ਿਰਦੀ ਡਾਰ ਹੈ ਡਾਇਰਾਂ ਦੀ
ਜ਼ਰ ਜ਼ੋਰੂ ਜ਼ਮੀਨ ਲਈ ਲੋਕੀਂ ਅੱਜ ਵੀ ਲੜਦੇ ਨੇ
ਗੋਲੀਆਂ ਦੇ ਨਾਲ ਮਰਦੇ ਜਾਂ ਜੇਲ੍ਹਾਂ ਵਿੱਚ ਸੜਦੇ ਨੇ
ਤਵਾਰੀਖ ਨਹੀਂ ਬਣਦੀ ਕੀਤੇ ਫੋਕੇ ਫਾਇਰਾਂ ਦੀ
ਊਧਮ ਸਿੰਘ ਨਹੀਂ ਲੱਭਦਾ ਫ਼ਿਰਦੀ ਡਾਰ ਹੈ ਡਾਇਰਾਂ ਦੀ
ਖ਼ੁਦਕੁਸ਼ੀਆਂ ਦਾ ਰਾਹ ਛੱਡ ਕੇ ਰਾਹ ਫੜੋ ਸੰਘਰਸ਼ਾਂ ਦਾ
ਪਾੜਾ ਫੇਰ ਹੀ ਮਿਟਣਾ ਇਹ ਅਰਸ਼ਾਂ ਫਰਸ਼ਾਂ ਦਾ
ਇਕੱਠੇ ਹੋ ਕੇ ਕਾਹਤੋਂ ਨੀ ਗੱਲ ਕਰਦੇ ਲਹਿਰਾਂ ਦੀ
ਊਧਮ ਸਿੰਘ ਨੀਂ ਲੱਭਦਾ ਫ਼ਿਰਦੀ ਡਾਰ ਹੈ ਡਾਇਰਾਂ ਦੀ
ਜੇਕਰ ਠੱਲ੍ਹ ਨਾ ਪਾਈ ਨਸ਼ੇ ਦਿਆਂ ਦਰਿਆਵਾਂ ਨੂੰ
ਊਧਮ ਭਗਤ ਸਰਾਭੇ ਦੇ ਭੁੱਲ ਜਾਂ ਗੇ ਨਾਵਾਂ ਨੂੰ
ਟੱਲੇਵਾਲੀਆ ਝੂਠੀ ਨਾ ਗੱਲ ਜਾਣੀ ਸ਼ਾਇਰਾਂ ਦੀ
ਊਧਮ ਸਿੰਘ ਨੀਂ ਲੱਭਦਾ ਫ਼ਿਰਦੀ ਡਾਰ ਹੈ ਡਾਇਰਾਂ ਦੀ
**ਡਾ ਅਮਨਦੀਪ ਸਿੰਘ ਟੱਲੇਵਾਲੀਆ**
**9814699446**

## (ਕੌੜਾ-ਸੱਚ )

ਪਿਆਰ ਅੱਜ ਕੱਲ ਰਹਿ ਗਏ ਫ਼ੋਨਾਂ ਤੇ
ਨਾ ਕੋਈ ਬਣਦਾ ਦਰਦੀ ਦਰਦਾਂ ਦਾ
ਨਾ ਕੋਈ ਦੁੱਖ ਵੰਡਾਉਂਦਾ ਏ
ਦਿਖਾਵਾ ਕਰਨ ਲਈ ਅੱਜ ਕੱਲ ਹਰੇਕ
Whatsapp ਤੇ ਸਟੇਟਸ ਪਾਉਂਦਾ ਏ
ਦਿਲਾਂ ਦੇ ਵਿੱਚ ਸਾਂਝ ਨਾ ਰਹਿ ਗਈ
ਜਵਾਨੀ ਸਾਡੀ ਕਿਹੜੇ ਰਾਹੇ ਪੈ ਗਈ
ਬੇਰੁਜਗਾਰੀ ਸਾਨੂੰ ਲੈਕੇ ਬਹਿ ਗਈ
ਨਾ ਮਿਲੇ ਦਿਲ ਨੂੰ ਚੈਨ ਘਰ ਬੈਠ ਕੇ
ਨਾ ਗੁਰਦੁਆਰੇ ਜਾ ਆਉਂਦਾ ਏ
ਦਿਖਾਵਾ ਕਰਨ ਲਈ ਅੱਜ ਕੱਲ ਹਰੇਕ
Whatsapp ਤੇ ਸਟੇਟਸ ਪਾਉਂਦਾ ਏ
ਨਾ ਮਾਂ ਪੁੱਤ ਨੂੰ ਲਾਡ ਲੜਾਵੇ
ਫ਼ੋਨ ਦੇ ਕੇ ਬੱਸ ਚੁੱਪ ਕਰਾਵੇ
ਕਹਿਣਾ ਵੀ ਚਾਵਾਂ ਗੱਲ ਏ
ਸੱਚੀ ਪਰ ਮੇਰੇ ਤੋਂ ਰਿਹਾ ਨਾ ਜਾਵੇ
ਭਰਾ ਭੈਣ ਦੇ ਹੱਥ ਕਿਉਂ ਚੋਰੀ ਮਸ਼ੂਕ ਨੂੰ ਫ਼ੋਨ ਫੜਾਉਂਦਾ ਏ
ਦਿਖਾਵਾ ਕਰਨ ਲਈ ਅੱਜ ਕੱਲ ਹਰੇਕ
Whatsapp ਤੇ ਸਟੇਟਸ ਪਾਉਂਦਾ ਏ
ਨੂੰਹ ਦੀ ਸੱਸ ਨਾਲ ਨਾ ਬਣੇ ਪਤੀ ਨਾਲ ਵੀ ਘੱਟ ਹੀ ਬਣਦੀ ਏ
ਅੰਦਰੋਂ ਅੰਦਰੀ ਸਕੀਮਾਂ ਬਣਾਉਦੀ
ਮਨ ਵਿੱਚ ਲੱਖਾਂ ਤਾਣੇ ਬੁਣਦੀ ਏ
ਪਤੀ ਵਿਚਾਰਾ ਕਰਮਾ ਦਾ ਮਾਰਾ ਬੱਸ ਆਪਣੇ ਜਵਾਕਾਂ ਲਈ ਜਿਊਂਦਾ ਏ
ਦਿਖਾਵਾ ਕਰਨ ਲਈ ਅੱਜ ਕੱਲ ਹਰੇਕ
Whatsapp ਤੇ ਸਟੇਟਸ ਪਾਉਂਦਾ ਏ
ਹਾਸੇ ਮੁੱਖ ਤੋਂ ਨੇ ਉੱਡੇ ਨਾਲੇ ਦਿਖਾਵਾ ਖੁਸ਼ ਹੋਣ ਦਾ ਵੀ ਕਰਦੇ ਆ
ਚਾਅ ਸਾਡੇ ਅਧੂਰੇ ਰਹਿ ਗਏ ਨਿੱਤ ਜਿਊਂਦੇ ਨਿੱਤ ਮਰਦੇ ਆ
ਤੇਰਾ ਕੁੱਝ ਨੀ ਬਣਨਾ ਨਿੱਤ ਸ਼ਰੀਕ ਵੀ ਟਿੱਚਰਾਂ ਕਰਦੇ ਆ
ਉਨ੍ਹਾ ਨੂੰ ਵੀ ਸਲਾਮ ਮੇਰਾ ਜਿਹੜੇ ਰਹਿੰਦੇ ਮੇਰੇ ਤੋਂ ਸੜਦੇ ਆ
ਦੁੱਗਾ ਵਾਲਾ ਐਵੇਂ ਤਾਂ ਨੀ ਗੱਲਾਂ ਖਰੀਆਂ ਬੋਲ ਸੁਣਾਉਂਦਾ ਏ
ਦਿਖਾਵਾ ਕਰਨ ਲਈ ਅੱਜ ਕੱਲ ਹਰੇਕ
Whatsapp ਤੇ ਸਟੇਟਸ ਪਾਉਂਦਾ ਏ
**ਪੀਤੀ ਦੁੱਗਾਂ**
**ਪਿੰਡ ਤੇ ਡਾਕਖਾਨਾ ਦੁੱਗਾਂ**
**ਜ਼ਿਲ੍ਹਾ ਸੰਗਰੂਰ 7347420297**

## ਦੂਰੀਆਂ ਪਾਈਆਂ

1 .ਸਾਡੀ ਲੰਘੀ ਟਾਇਰ ਤੇ ਟਿਊਬਾਂ ਤੇ
ਉਹਦੀ ਇੰਟਰਨੈੱਟ ਯੀਉਟਿਊਬਾਂ ਤੇ
ਸਾਨੂੰ ਮੋਹਲਤ ਨਹੀਂ ਏ ਸ਼ੌਂਕ ਲਈ
ਉਹ ਬੰਕ ਮਾਰੇ ਟਿਕਟੋਕ ਲਈ
ਬਸ ਓਹਤੋਂ ਇਸੇ ਕਰਕੇ ਹੀ ਮੈ ਦੂਰੀਆਂ ਪਾਈਆਂ ਨੇ
ਮੇਰੇ ਬਾਪੂ ਨੇ ਕਿਤਾਬਾਂ ਦੀ ਥਾਂ
ਝੋਲੇ ਮਜਬੂਰੀਆਂ ਪਾਈਆਂ ਨੇ
2 .ਉਹ ਮੇਰੇ ਲਈ ਸੜੇ ਧੁੱਪਾਂ ਵਿੱਚ
ਥੋੜੇ ਸਿਨਸਏਰਟੀ ਚੁੱਪਾਂ ਵਿੱਚ
ਅਸੀ ਜੋ ਬਣਦਾ ਉਹ ਖਾ ਲੈਂਦੇ
ਤੁਸੀਂ ਆਰਡਰ ਦੇ ਮੰਗਵਾ ਲੈਂਦੇ
ਤੇਰੇ ਪੈਰੀ ਮਹਿੰਗੇ ਬੂਟ
ਤੇ ਅਸੀ ਚਪੱਲੀ ਸੂਲਾਂ ਫਸਾਈਆ ਨੇ
ਬਸ ਓਹਤੋਂ ਇਸੇ ਕਰਕੇ ਹੀ ਮੈ ਦੂਰੀਆਂ ਪਾਈਆਂ ਨੇ
ਮੇਰੇ ਬਾਪੂ ਨੇ ਕਿਤਾਬਾਂ ਦੀ ਥਾਂ
ਝੋਲੇ ਮਜਬੂਰੀਆਂ ਪਾਈਆਂ ਨੇ
3 .ਮੇਰੀ ਹੈਸੀਅਤ ਨਾਲੋਂ ਵੱਡਾ ਏ
ਐਡਰੈੱਸ ਕਹਿੰਦੇ ਉਹਦੇ ਘਰ ਦਾ ਜੀ
ਮੈਂ ਛੁੱਟੀ ਤੇ ਜਾਵਾਂ ਕੰਮ ਦੇ ਲਈ
ਤੇ ਬਾਕੀ ਦਿਨ ਹਾਂ ਪੜਦਾ ਜੀ
ਇੱਕ ਫਿਰਦੀ ਭੈਣ ਕੁਆਰੀ ਏ
ਬੇਬੇ ਦੋ ਪਹਿਲਾ ਵਿਆਹੀਆਂ ਨੇ
ਬਸ ਓਹਤੋਂ ਇਸੇ ਕਰਕੇ ਹੀ ਮੈ ਦੂਰੀਆਂ ਪਾਈਆਂ ਨੇ
ਮੇਰੇ ਬਾਪੂ ਨੇ ਕਿਤਾਬਾਂ ਦੀ ਥਾਂ
ਝੋਲੇ ਮਜਬੂਰੀਆਂ ਪਾਈਆਂ ਨੇ
4 .ਉਹਨੂੰ ਪਿੰਡ ਦੇ ਲੋਕ ਗਵਾਰ ਲੱਗੇ
ਮੈਨੂੰ ਬੇਲੀ ਪੱਕੇ ਯਾਰ ਲੱਗੇ
ਓਹਨੂੰ ਡਿਸਕੋ ਪੱਬ ਪਸੰਦ ਬੜੇ
ਮੇਰੀ ਕਲਮ ਓਸ ਕਰਤਾਰ ਫੱਬੇ
ਜੱਗ ਜਾਣੇ ਘੁੰਮਣ ਆਲੇ ਨੇ
ਕਿੱਦਾਂ ਪੀੜਾ ਗੱਲ ਨਾ ਲਾਈਆਂ ਨੇ
ਬਸ ਓਹਤੋਂ ਇਸੇ ਕਰਕੇ ਹੀ ਮੈ ਦੂਰੀਆਂ ਪਾਈਆਂ ਨੇ
ਮੇਰੇ ਬਾਪੂ ਨੇ ਕਿਤਾਬਾਂ ਦੀ ਥਾਂ
ਝੋਲੇ ਮਜਬੂਰੀਆਂ ਪਾਈਆਂ ਨੇ
**ਜੀਵਨ ਘੁੰਮਣ**

## ਕਵਿਤਾ

ਕਿ ਇਹ ਜੋ ਪਿਆਰ ਦੀ ਗੱਲ ਹੈ,
ਬੱਸ ਇੱਕ ਇਤਬਾਰ ਦੀ ਗੱਲ ਹੈ।
ਜਦੋਂ ਜ਼ਿਕਰ-ਏ ਦਵਾ ਆਇਆ
ਸਮਝੀਂ, ਬੀਮਾਰ ਦੀ ਗੱਲ ਹੈ।
ਹੈ ਇਸ਼ਕ , ਕੰਮ ਹੀ ਫ਼ੱਕਰਾਂ ਦਾ,
ਨਾ ਕਿ, ਹੁਸ਼ਿਆਰ ਦੀ ਗੱਲ ਹੈ।
ਬੋਲ਼ੇ ਵਜ਼ੀਰਾਂ ਦਾ, ਸ਼ਾਹ ਵੀ ਅੰਨ੍ਹਾ,
ਚੁਫੇਰੇ ਜੋ ਮੱਚੀ, ਹਾਹਾਕਾਰ ਦੀ ਗੱਲ ਹੈ।
ਹੈ ਗੱਲ ਹੋਣ ਦੀ ਕਾਬਲ,
ਨਾ ਕਿ ਹੱਕਦਾਰ ਦੀ ਗੱਲ ਹੈ।
ਲੰਘਾਵਾਂ ਕਿਸ ਤਰ੍ਹਾਂ ਇਸ ਨੂੰ ,
ਵਕ ?ਤ-ਏ ਦੁਸ਼ਵਾਰ ਦੀ ਗੱਲ ਹੈ।
ਸਭ ਜਾਣਦੇ ਹੈ ਖ਼ੁਦਾ ਹਾਜ਼ਰ ਹਜ਼ੂਰ,
ਭਿੱਜ ਕੇ ਕੀਤੀ ਹੋਈ ਪੁਕਾਰ ਦੀ ਗੱਲ ਹੈ।
“ਅਮਨ“ ਨਾ ਤੇਰੇ ਵਾਂਗ ਸਾਰੇ ਸਵਾਰਥੀ,
ਜੋ ਸਦਾ ਨਿਭਦਾ, ਉਸ ਯਾਰ ਦੀ ਗੱਲ ਹੈ।।
ਬਾਕੀ“ਅਮਨ“ ਛੱਡ ਦੇ ਆਪਣੇ ਉੱਦਮ ਤੇ,
ਭਰੀ ਜੋ ਮਨ ਵਿੱਚ, ਉਸ ਡਾਰ ਦੀ ਗੱਲ ਹੈ।
**ਪ੍ਰੀਤਅਮਨ, ਮੋਰਿੰਡਾ (ਰੂਪਨਗਰ,ਪੰਜਾਬ)**
6280932905

## ਧੀਆਂ

ਧੀਆਂ ਤਾਂ ਜੱਗ ਲਈ ਵਰਦਾਨ ਨੇ।
ਧੀਆਂ ਮਾਪਿਆਂ ਲਈ ਸ਼ਾਨ ਨੇ।
ਧੀਆਂ ਨੂੰ ਨਾ ਕੁੱਖ ਵਿੱਚ ਮਾਰੋ ਲੋਕੋ,
ਧੀਆਂ ਦੇ ਵੀ ਕਈ ਅਰਮਾਨ ਨੇ।
ਰੱਬ ਦੀ ਬਖ਼ਸ਼ੀ ਇਸ ਦੌਲਤ ਨੂੰ ਲੋਕੀ।
ਕੁੱਖ ਵਿੱਚ ਕਤਲ ਕਰਾਉਂਦੇ ਲੋਕੀ।
ਕੁੱਖ ਵਿੱਚ ਕਤਲ ਕਰਾਉਣ ਵਾਲੀ ਮਾਂ ਲੋਕੋ।
ਕਿਉਂ ਮਮਤਾ ਤੋਂ ਕੋਰੀ ਮਾਂ ਵੇ ਲੋਕੋ ?
ਧੀਆਂ ਤਾਂ ਘਰ ਦਾ ਸ਼ਿੰਗਾਰ ਨੇ ਲੋਕੋ।
ਬਾਬਲ ਦੇ ਵਿਹੜੇ ਦੀ ਬਹਾਰ ਨੇ ਲੋਕੋ।
ਬਾਬੇ ਨਾਨਕ ਦੀ ਸਿੱਖਿਆ ਨੂੰ,
ਨਾ ਦਿਲੋਂ ਭੁਲਾਓ ਵੇ ਲੋਕੋ।
ਆਉ ਧੀਆਂ ਦੀ ਲੋਹੜੀ ਮਨਾਈਏ।
ਧੀਆਂ ਦੇ ਅਸੀਂ ਸ਼ਗਨ ਮਨਾਈਏ।
ਲੋਕਾਂ ਨੂੰ ਇਹ ਗੱਲ ਸਮਝਾਈਏ।
ਨਾ ਧੀਆਂ ਨੂੰ ਕੁੱਖ ਵਿੱਚ ਕਤਲ ਕਰਾਈਏ।
ਸੰਦੀਪ ਦਾ ਹੈ ਇਹੀ ਕਹਿਣਾ।
ਵਿਦਿਆ ਹੈ ਧੀ ਦਾ ਗਹਿਣਾ।
ਧੀਆਂ ਨੂੰ ਖੂਬ ਪੜ੍ਹਾਓ ਵੇ ਲੋਕੋ,
ਨਾ ਕੁੱਖ ਵਿੱਚ ਕਤਲ ਕਰਾਓ ਵੇ ਲੋਕੋ।
**ਸੰਦੀਪ ਕੌਰ ਹਿਮਾਂਯੂੰਪੁਰਾ**
**9781660021**

## ਗਜ਼ਲ

ਰੋਟੀਆਂ ਬਣਾਂਉਣ ਬਹਾਨੇ ਹਰ ਘਰ ਖੁਸ਼ੀਆਂ ਵੰਡਦੀਆਂ ਨੇ.
ਗੁਰਬਤ ਮਾਰੀਆਂ ਜਿਸ ਘਰ ਜਾਂਵਣ ਦੁੱਖੜੇ ਖੰਡਦੀਆਂ ਨੇ.
ਜਾਣ ਬੁਝ ਕੇ ਕੋਈ ਕਿਸੇ ਘਰ ਔਰਤ ਘੱਲਦਾ ਨਾਂ.
ਕਰਜਾ ਮੰਗਣ ਵਾਲਾ ਦਰ ਸ਼ਾਹੂਕਾਰ ਦਾ ਮੱਲਦਾ ਨਾਂ.
ਜਣਾਂ ਖਣਾਂ ਕੋਈ ਆਖੇ ਫਾਲਤੂ ਫੜ੍ਹ ਏ ਚੰਡਦੀਆਂ ਨੇ.
ਰੋਟੀਆਂ ਬਣਾਉਣ ਬਹਾਨੇ...
ਕਹਿਣ ਸਿਆਂਣੇ ਗੁਰਬਤ ਤਨ ਤੇ ਲੀਰਾਂ ਪੈ ਜਾਂਵਣ.
ਮਹਾਂਰਾਜੇ ਦੇ ਬੱਚੇ ਟੁੱਕੜੇ ਜੂਠੇ ਚੁੱਕ ਖਾਵਣ.
ਮੁਸੀਬਤਾਂ ਮਾਰੀਆਂ ਏ ਦੁਰਕਾਰੀਆਂ ਦੁੱਖੜੇ ਟੰਗਦੀਆਂ ਨੇ.
ਰੋਟੀਆਂ ਬਣਾਂਉਣ ਬਹਾਨੇ....
ਘਰ ਘਰ ਦੇ ਵਿੱਚ ਜਾ ਕੇ ਆਪਣਾਂ ਟੱਬਰ ਪਾਲ਼ਦੀਆਂ ਏਹ.
ਅੱਗ ਦੇ ਸੇਕ ਨੂੰ ਜਰ ਕੇ ਆਪਣਾਂ ਤਨ ਵੀ ਜਾਲ਼ਦੀਆਂ ਏਹ.
ਸ਼ੇਰਗਿੱਲ ਨੇਕ ਏਹ ਜਿੰਦਗੀਆਂ ਦੱਖਾਂ ਦੇ ਸੰਗ ਹੱਢਦੀਆਂ ਨੇ.
ਰੋਟੀਆਂ ਬਣਾਂਉਣ ਬਹਾਨੇ ਹਰ ਘਰ ਖੁਸ਼ੀਆਂ ਵੰਡਦੀਆਂ ਨੇ.

-: ਸ਼ੇਰਗਿੱਲ ਨੇਕ :-

## ਗਜ਼ਲ

ਦਰ ਦਰ ਉੱਤੋਂ ਪੈਂਦੀਆਂ ਨੇ ਠੋਕਰਾਂ,
ਸਾਰਾ ਦਿਨ ਕੰਮ ਕਰਨ ਵਾਂਗ ਨੋਕਰਾਂ,
ਨਫਰਤ ਦੀ ਧੁੱਪ ਵਿੱਚ ਤਪਦੇ ਮਾਸੂਮ,
ਕੋਈ ਮਮਤਾਂ ਦੀ ਸਿਰ ਛਾਂ ਨਾ ਕਰੇ,
ਜਵਾਕ ਮਰੇ ਨਾ ਕਿਸੇ ਮਾਂ ਦਾ,,
ਜਵਾਕਾਂ ਦੀ ਕਦੇ ਮਾਂ ਨਾ ਮਰੇ,,,

ਪੂਰੇ ਹੁੰਦੇ ਨਾ ਸੁਪਨੇ ਤੇ ਰੀਝ ,
ਮਨਭਾਓਂਦੀ ਕਦੇ ਮਿਲਦੀ ਨਾ ਚੀਜ਼,
ਖੁਸ਼ੀ ਵੇਲੇ ਵੀ ਕੋਈ ਆਓਂਦਾ ਨਾ ਨੇੜੇ,
ਦੁੱਖਾਂ ਵੇਲੇ ਤਾਂ ਕੋਈ ਹਾਂ ਨਾ ਕਰੇ,
ਜਵਾਕ ਮਰੇ ਨਾ ਕਿਸੇ ਮਾਂ ਦਾ,,
ਜਵਾਕਾਂ ਦੀ ਕਦੇ ਮਾਂ ਨਾ ਮਰੇ,,,

ਲੈਂਦੇ ਫਿਰਦੇ ਰਹਿੰਦੇ ਯਤੀਮ ਵਿੜਕਾਂ,
ਮੱਖਣਾਂ ਹਰ ਪਾਸੋਂ ਪੈਂਦੀਆਂ ਝਿੜਕਾਂ,
ਜਿੰਦਗੀ ਦੁੱਖਾਂ ਦੇ ਨਾਲ ਭਰ ਜਾਂਦੀਆ
ਸ਼ੇਰੋਂ ਕੋਈ ਕਿਸੇ ਦਾ ਦਰਦ ਨਾ ਜਰੇ,
ਜਵਾਕ ਮਰੇ ਨਾ ਕਿਸੇ ਮਾਂ ਦਾ,,
ਜਵਾਕਾਂ ਦੀ ਕਦੇ ਮਾਂ ਨਾ ਮਰੇ,,,
**ਮੱਖਣ ਸ਼ੇਰੋਂ ਵਾਲਾ**
**ਸੰਪਰਕ98787-98726**

# ਕਾਵਿ ਕਿਆਰੀ

## ( ਗੀਤ )

1. ਪਹਿਲਾਂ ਪਾਣੀ ਜੀਓ ਹੈ , ਜਿਤੁ ਹਰਿਆ ਸਭ ਕੋਇ ?
ਮਾਰ ਜਮੀਰ ਧਰਤ ਪੰਜਾਬ ਦੇ , ਲੋਕ ਕਿਉਂ ਲਾਸ਼ਾਂ ਹੋਏ ?
ਹੌਲੀ-ਹੌਲੀ ਘਟਦੀ ਜਾਂਦੀ ,ਜੋ ਤੇਜ਼ ਸੀ ਧਾਰ ਦਰਿਆਵਾਂ ਦੀ ?
ਉਜੜ ਉਜੜ ਕੇ ਵਸਦੀ ਏ , ਧਰਤੀ ਪੰਜ ਦਰਿਆਵਾਂ ਦੀ ....
2. ਹੱਕ ਮੰਗੇ ਜਦੋਂ ਅਸੀਂ , ਸੀਨੇ ਵਿੱਚ ਗੋਲੀ ਖਾਧੀ ਏ ?
ਇਕੱਲੀ ਇਕ ਦੀ ਨਹੀਂ , ਸਾਰਿਆਂ ਦੀ ਹੋਈ ਬਰਬਾਦੀ ਏ ?
ਕੌਣ ਟਕੋਰ ਕਰੂ ਅੱਲ੍ਹੇ ਜਖ਼ਮ ਤੇ ਸਿਸਕ ਰਹੇ ਸਾਹਵਾਂ ਦੀ ?
ਉਜੜ ਉਜੜ ਕੇ ਵਸਦੀ ਏ , ਧਰਤੀ ਪੰਜ ਦਰਿਆਵਾਂ ਦੀ ....
3. ਬਾਬਿਆਂ ਡੇਰੇਦਾਰਾਂ ਇਥੋਂ ਸਿੱਖੀ ਮੁਕਾ ਦਿੱਤੀ ?
ਗੁਰੂ ਗਰੰਥ ਨੂੰ ਛੱਡ ਕੇ ਰਾਹ ਕਿਸੇ ਹੋਰ ਹੀ ਪਾ ਦਿੱਤੀ ?
ਤਰਕ ਦਲੀਲਾਂ ਆਪਣੇ ਕੋਲੋਂ ਬਣਾ ਕੇ, ਸ਼ੋਹ ਭੁੱਲ ਗਏ ਅਨੰਦਪੁਰ ਦਿਆਂ ਰਾਹਵਾਂ ਦੀ ?
ਉਜੜ ਉਜੜ ਕੇ ਵਸਦੀ ਏ , ਧਰਤੀ ਪੰਜ ਦਰਿਆਵਾਂ ਦੀ ....
4. ਨੌਜਵਾਨ ਤੇ ਸਿੰਗਰਾਂ ਪਿਛੇ ,ਲੜ ਲੜ ਕਮਲੇ ਹੋ ਗਏ ਨੇ ?
ਹੱਕ ਸਾਡੇ ਕੀ ਪਤਾ ਇਹਨਾਂ ਨੂੰ , ਕੀਹਨੇ ਕੀਹਨੇ ਖੋਹ ਲਏ ਨੇ ?
ਕੁਝ ਨਸ਼ੇ ਦੇ ਵਹਿਣ 'ਚ ਵਹਿ ਗਏ , ਤੇ ਕੁੱਖ ਉਜੜ ਗਈ ਮਾਵਾਂ ਦੀ ?
ਉਜੜ ਉਜੜ ਕੇ ਵਸਦੀ ਏ , ਧਰਤੀ ਪੰਜ ਦਰਿਆਵਾਂ ਦੀ ....
5. ਸ਼ੋਸ਼ਲ ਮੀਡੀਆ ਤੇ ਨੱਚ-ਨੱਚ ਕੁੜੀਆਂ ਰਿਕਾਰਡ ਬਣਾ ਦਿੱਤੇ ?
ਸੰਗ ਸ਼ਰਮ ਦੇ ਦੁਪੱਟੇ ਇਹਨਾਂ ਸਾਰੇ ਲਾਹ ਦਿੱਤੇ ?
ਝਲਕ ਕਿਤੇ ਵੀ ਦਿਸਦੀ ਨਹੀਂ , ਮਾਈ ਭਾਗੋ ਜਿਹੇ ਕਿਰਦਾਰਾਂ ਦੀ ?
ਉਜੜ ਉਜੜ ਕੇ ਵਸਦੀ ਏ , ਧਰਤੀ ਪੰਜ ਦਰਿਆਵਾਂ ਦੀ ....
6. ਆਓ ਸਾਰੇ ਰਲ ਮਿਲ ਰੰਗਲਾ ਪੰਜਾਬ ਬਚਾ ਲਈਏ ?
ਜਿਨ੍ਹਾਂ ਜਿਨ੍ਹਾਂ ਬਣਦਾ ਆਪਣਾ ਹਿੱਸਾ ਪਾ ਲਈਏ ?
ਪਛਾਣ ਕੇ ਵਿਰਸਾ ਆਪਣਾ ' ਸਰਬਜੀਤ ' ਬਦਲ ਦੇਈਏ ਰੁਖ ਹਵਾਵਾਂ ਦੀ ?
ਉਜੜ ਉਜੜ ਕੇ ਵਸਦੀ ਏ , ਧਰਤੀ ਪੰਜ ਦਰਿਆਵਾਂ ਦੀ ....

**ਰਚਨਾ- ਸਰਬਜੀਤ ਸਿੰਘ**
**ਮੋਬਾਇਲ-** 76967-08575

## ਕਵਿਤਾ

ਜਦੋਂ ਕੋਈ ਮੇਰਾ ਸਾਥ ਨਹੀਂ ਦਿੰਦਾ ,
ਤਾਂ ਪੁਸਤਕਾਂ ਮੇਰਾ ਸਾਥ ਦਿੰਦੀਆਂ ਨੇ ।
ਜਦੋਂ ਭਟਕ ਜਾਂਦਾ ਹਾਂ ਜੀਵਨ ਵਿੱਚ ਕਦੇ ,
ਤਾਂ ਪੁਸਤਕਾਂ ਮੇਰਾ ਰਾਹ ਰੁਸ਼ਨਾਉਂਦੀਆਂ ਨੇ ।
ਜਦੋਂ ਰੋਂਦਾ ਹੋਇਆ ਆਉਂਦਾ ਹਾਂ , ਪ੍ਰੇਸ਼ਾਨ ਹੋ ਕੇ ਇਨ੍ਹਾਂ ਕੋਲ,
ਤਾਂ ਪੁਸਤਕਾਂ ਗਲ਼ੇ ਲਗਾ ਲੈਂਦੀਆਂ ਨੇ ਮੈਨੂੰ ।
ਜਦੋਂ ਦੁਵਿਧਾ ਵਿੱਚ ਪੈ ਜਾਂਦਾ ਹਾਂ ਜ਼ਿੰਦਗੀ ਦੀ ਮੈਂ ,
ਤਾਂ ਪੁਸਤਕਾਂ ਪ੍ਰਦਾਨ ਕਰਦੀਆਂ ਨੇ ਸੁਵਿਧਾ ਮੈਨੂੰ ।
ਜਦੋਂ ਅਸ਼ਾਂਤ ਹੋ ਕੇ ਇਨ੍ਹਾਂ ਕੋਲ ਆਉਂਦਾ ਹਾਂ ,
ਤਾਂ ਸ਼ਾਂਤ -( ਚਿੱਤ ਹੋ ਕੇ , ਸਕੂਨ ਲੈ ਕੇ ਜਾਂਦਾ ਹਾਂ ਮੈਂ ।
ਜਦੋਂ ਸਾਰੇ ਦੁਰਕਾਰ ਦਿੰਦੇ ਨੇ ਮੈਨੂੰ ਕਦੇ ,
ਤਦ ਵੀ ਪੁਸਤਕਾਂ ਮੇਰਾ ਸਵਾਗਤ ਕਰਦੀਆਂ ਨੇ ।
ਜਦੋਂ ਖਲਾਅ ਮਹਿਸੂਸ ਕਰਦਾ ਹਾਂ ਜ਼ਿੰਦਗੀ ਵਿੱਚ ,
ਤਾਂ ਪੁਸਤਕਾਂ ਗਿਆਨ ਅਤੇ ਸ਼ਾਂਤੀ ਨਾਲ ਨਿਵਾਜਦੀਆਂ ਨੇ।
ਜਦੋਂ ਵਿਚਾਰਾਂ ਦੀ ਸਾਂਝ ਲੱਭਦਾ ਹਾਂ ਕਿਧਰੇ ,
ਤਾਂ ਸੱਚੇ ਦੋਸਤ ਵਾਂਗਰਾਂ ਦਿਲਾਂ ਦੀ ਸਾਂਝ ਪਾ ਲੈਂਦੀਆਂ ਨੇ।
ਜਦੋਂ ਸੋਚਦਾ ਹਾਂ ਪੁਸਤਕਾਂ ਤੋਂ ਬਿਨਾਂ ਜੀਵਨ ਬਾਰੇ ,
ਤਾਂ ਆਵਾਜ਼ਾਂ ਮਾਰ ਕੇ ਕੋਲ ਬੁਲਾਉਂਦੀਆਂ ਨੇ ਪੁਸਤਕਾਂ।
ਅੱਜ ਜੋ ਹਾਂ , ਜਿਵੇਂ ਹਾਂ , ਜਿੱਥੇ ਹਾਂ ,
ਇਨ੍ਹਾਂ ਪੁਸਤਕਾਂ ਦੀ ਬਦੌਲਤ ਹਾਂ ;
ਕਿਉਂਕਿ ਇਹੋ ਮੇਰੀਆਂ ਦੋਸਤ , ਸਖੀਆਂ ਸਹੇਲੀਆਂ ਨੇ।
ਕਈ ਵਾਰ ਸੋਚਦਾ ਹਾਂ ਇਨ੍ਹਾਂ ਬਾਰੇ ,
ਨਾ ਕੁਝ ਲੈਂਦੀਆਂ ਨੇ , ਨਾ ਕੁਝ ਮੰਗਦੀਆਂ ,
ਪਰ ਫਿਰ ਵੀ ਅਨਮੋਲ ਖ਼ਜ਼ਾਨਾ ਲੁਟਾ ਦਿੰਦੀਆਂ ਨੇ।
ਕੀ ਕਹਾਂ, ਕੀ ਦੱਸਾਂ , ਕੀ ਲਿਖਾਂ ?
ਇਨ੍ਹਾਂ ਪਿਆਰੀਆਂ - ਪੁਸਤਕਾਂ ਦੀ ਸਿਫ਼ਤ ਵਿੱਚ ਮੈਂ ?
ਕਦੇ ਲੱਗਦੀਆਂ ਨੇ ਮਾਤਾ - ਪਿਤਾ , ਭੈਣ - ਭਰਾਵਾਂ ਵਾਂਗ
ਕਦੇ ਜਾਪਦੀਆਂ ਚੰਗੇ ਤੇ ਸਮਰਪਿਤ ਦੋਸਤ ਵਾਂਗਰਾਂ।
ਕਦੇ ਲੱਗਦੀਆਂ ਪਰੀ - ਲੋਕ ਦੀਆਂ ਪਰੀਆਂ ਇਹ,
ਕਦੇ ਮੈਨੂੰ ਮੇਰੀਆਂ ਸਹੇਲੀਆਂ ਜਾਪਦੀਆਂ ਨੇ।
ਆਖਿਰ ਕਹਿ ਹੀ ਦਿੰਦਾ ਹਾਂ ਮੈਂ ਇਨ੍ਹਾਂ ਨੂੰ ,
"ਮੈਨੂੰ ਇਨ੍ਹਾਂ ਨਾਲ ਬਹੁਤ ਪਿਆਰ ਹੈ " ,
ਬਹੁਤ ਪਿਆਰ ਹੈ , ਸੱਚਮੁੱਚ ਬਹੁਤ ਪਿਆਰ ਹੈ ;
ਕਿਉਂਕਿ ਇਹ ਮੇਰੀਆਂ ਹਿਤੈਸ਼ੀ ਹਨ , ਆਪਣੀਆਂ ਹਨ
।ਮਾਰਗ ਦਰਸ਼ਕ ਹਨ , ਮੇਰੀਆਂ ਸ਼ੁਭ ਚਿੰਤਕ ਹਨ।
ਕਿਵੇਂ ਭੁੱਲਾਂ ਇਨ੍ਹਾਂ ਨੂੰ ? ਕਿਵੇਂ ਦੂਰ ਰਹਿ ਸਕਾਂ ਇਨ੍ਹਾਂ ਤੋਂ ?
ਨਹੀਂ - ਨਹੀਂ ਅਜਿਹਾ ਨਹੀਂ ਕਰ ਸਕਦਾ ਮੈਂ ;
ਕਿਉਂਕਿ......................................।

**ਮਾਸਟਰ ਸੰਜੀਵ ਧਰਮਾਣੀ .**
9478561356 .

## ਕਵਿਤਾ

ਬਾਪੂ ਓਥੇ ਤੁਰ ਗਿਆ, ਜਿੱਥੋਂ ਜਾ ਕੇ ਕੋਈ ਨਾ ਮੁੜਿਆ।
ਤੇਰੀ ਕਮੀ ਬਹੁਤ ਰੜਕਦੀ, ਜਿੰਦਗੀ 'ਚ ਬੜਾ ਕੁੱਝ ਖੁੜ੍ਹਿਆ।
ਤੇਰੇ ਸਿਰ 'ਤੇ ਕਰਦੀ ਸੀ, ਐਸ਼ਾਂ ਧੀ ਲਾਡਲੀ ਤੇਰੀ,
ਹੁਣ 'ਕੱਲੀ ਹਉਂਕੇ ਭਰਦੀ ਆਂ, ਕੋਈ ਸਾਰ ਨਾ ਲੈਂਦਾ ਮੇਰੀ।
ਸੀਨੇ ਵਿੱਚ ਕਈ ਦੁੱਖ ਨੇ ਬਾਬਲਾ, ਝੋਰਾ ਲੱਗਿਆ ਜਿੰਦ ਨੂੰ,
ਓਥੇ ਗਿਆਂ ਕੋਈ ਬਾਤ ਨੀ ਪੁੱਛਦਾ, ਕਿਵੇਂ ਜਾਵਾਂ ਪੇਕੇ ਪਿੰਡ ਨੂੰ।
ਰੋ-ਰੋ ਨੀਰ ਸੁਕਾ ਲਏ ਨੈਣੋਂ, ਇਹ ਜਿੰਦ ਵੀ ਅੰਤ ਠਰਜੂਗੀ,
ਨਦੀ ਕਿਨਾਰੇ ਜਿਉਂ ਰੁੱਖ ਹੁੰਦਾ, ਲੱਗਦਾ ਧੀ ਛੇਤੀ ਤੇਰੀ ਮਰਜੂਗੀ।
ਵੀਰ ਨੂੰ ਰਿਹਾ ਨਾ ਮੋਹ ਮੇਰਾ, ਬੇਸ਼ੱਕ ਪੱਗ ਤੇਰੀ ਉਹਦੇ ਸਿਰ ਧਰੀ ਆ,
ਮਾਂ ਨੂੰ ਵੀ ਤੋੜ ਲਿਆ ਧੀ ਨਾਲੋਂ, ਮਾੜੀ ਨਾਲ ਮੇਰੇ ਕਰੀ ਆ।
ਭਾਬੋ ਨੇ ਵੀ ਲੜ ਛੁਡਾ ਲਏ, ਅਖੇ ਚੰਗੀ ਗੱਲ ਗਿਆ ਪੱਟਿਆ ਬਰੋਟਾ,
ਤੂੰ ਸਿਫ਼ਤਾਂ ਕਰਦਾ ਨੀ ਸੀ ਥੱਕਦਾ ਬਾਪੂ, ਜੀਤ ਅੱਜ ਬਣ ਗਈ ਸਿੱਕਾ ਖੋਟਾ।

**ਜੀਤ ਕੌਰ ਖੁਰਦ ਮੋਬਾਈਲ ਫੋਨ** 7888363591

## ਕਵਿਤਾ

ਬਦਲੇ ਜ਼ਮਾਨੇ ਦਿਲਦਾਰੀਆਂ ਨਾ ਰਹੀਆਂ।
ਯਾਰਾਂ ਨਾਲ ਪੱਗ ਵੱਟ ਯਾਰੀਆਂ ਨਾ ਰਹੀਆਂ।।
ਖ਼ੂਨ ਹੋਗੇ ਚਿੱਟੇ ਰਿਸ਼ਤੇਦਾਰੀਆਂ ਨਾ ਰਹੀਆਂ।।
ਹੁਣ ਬਦਲਦੇ ਜਾਣ ਹਾਲਾਤ---
ਸੱਭ ਕੁੱਝ ਪੈਸਾ ਹੈ-ਪੈਸਾ ਹੀ ਮਾਈ ਬਾਪ,,,,,ਸੱਭ,,,
ਪੈਸੇ ਦੀ ਕਰਾਮਾਤ,,,,, ਸੱਭ ਕੁੱਝ,,,,,,
ਲਾਲਚੀ ਜ਼ਮਾਨਾ ਪਾਉਂਦੇ ਰਹਿਣ ਟੋਪੀਆਂ।
ਭੈਣ ਨਾ ਕੋਈ ਭਾਈ ਗੱਲਾਂ ਸੱਭ ਥੋਥੀਆਂ।।
ਮਤਲਬ ਹੋਵੇ ਤਾਂ ਕਲਾਮ ਕਰਦੇ,ਸੱਭ ਗਰਜ਼ਾਂ ਦੀ ਰਹਿਗੀ ਗੱਲਬਾਤ
ਸੱਭ ਕੁੱਝ
ਅੜੀਆਂ ਨੇ ਦੁਨੀਆ ਮੁਕਾਈ ਚੰਦਰੀ।
ਮੁੱਕ ਗਏ ਸਬਰ ਤੇ ਸਚਾਈ ਚੰਦਰੀ।।
ਇੱਕ ਵੱਟ ਪਿੱਛੇ ਨੇ ਕਤਲ ਕਰਦੇ, ਮਤਲਬੀ ਹੋ-ਗਏ ਸਾਕ,,,, ਸੱਭ ਕੁੱਝ,,,,,
ਪੈਸੇ ਪਿੱਛੇ ਇਜ਼ਤ ਨਿਲਾਮ ਹੁੰਦੀ ਐ।
ਝੂਠ ਨਹੀਂ ਰਾਈ ਸ਼ਰੇਆਮ ਹੁੰਦੀ ਐ
ਚੋਰਾਂ ਦੇ ਵੀ ਹੁੰਦੇ ਨੇ ਅਸੂਲ ਕੁਝ ਪੱਕੇ ,ਇਹ ਤਾਂ ਚੋਰਾਂ ਨੂੰ ਵੀ ਪਾਈ ਜਾਣ
ਮਾਤ,,,, ਸੱਭ ਕੁੱਝ,,,,
ਦੱਦਾਹੂਰੀਏ ਨੇ ਧੋਖੇ ਵੇਖੇ ਨੇ ਬੜੇ।
ਮਿਲਦੇ ਨੇ ਬੰਦੇ ਇਥੇ ਕੜ੍ਹੇ ਤੋਂ ਕੜ੍ਹੇ।।
ਹਰ ਬੰਦਾ ਮੰਨਦਾ ਹੈ ਖੁਦ ਨੂੰ ਸਿਆਣਾ,ਮਾੜੇ ਬੰਦੇ ਦੀ ਪਰਖਦਾ ਹੈ
ਜਾਤ,,,,,,, ਸੱਭ ਕੁੱਝ,,,,

**ਜਸਵੀਰ ਸ਼ਰਮਾਂ ਦੱਦਾਹੂਰ** 95691-495563

## ਜ਼ਹਿਰ/ ਕਵਿਤਾ

ਪੈਂਤੀ ਸਾਲ ਪਹਿਲਾਂ
ਤੂੰ ਮੇਰੇ ਨਾਲੋਂ ਸਭ ਰਿਸ਼ਤੇ
ਇਹ ਕਹਿ ਕੇ ਤੋੜ ਦਿੱਤੇ ਸਨ
ਕਿ ਮੈਂ ਇਕ ਕਵੀ ਹਾਂ
ਤੇ ਮੈਂ ਤੈਨੂੰ ਜੀਵਨ ਵਿੱਚ
ਖੁਸ਼ੀਆਂ ਨਹੀਂ ਦੇ ਸਕਦਾ।
ਸੱਚ ਜਾਣੀ ਉਸ ਵੇਲੇ
ਮੇਰੀ ਜ਼ਿੰਦਗੀ ਵਿੱਚ
ਹਨੇਰਾ ਛਾ ਗਿਆ ਸੀ।
ਮੈਂ ਇਕ ਸਾਲ
ਇਸ ਹਨੇਰੇ ਵਿੱਚ
ਟੱਕਰਾਂ ਮਾਰਦਾ ਰਿਹਾ।
ਪਰ ਮੈਂ ਸਬਰ ਰੱਖਿਆ
ਤੇ ਫਿਰ ਮੈਨੂੰ ਇਕ ਉੱਚੀ,ਲੰਮੀ
ਤੇ ਸੁਝਵਾਨ ਮੁਟਿਆਰ ਦਾ
ਸਾਥ ਮਿਲ ਗਿਆ।
ਜਿਸ ਨੇ ਮੈਨੂੰ ਸੰਭਾਲਿਆ
ਤੇ ਹੌਸਲਾ ਦਿੱਤਾ।
ਉਹ ਜ਼ਿੰਦਗੀ ਦੇ ਸਫਰ ਵਿੱਚ
ਮੇਰੇ ਮੋਢੇ ਨਾਲ ਮੋਢਾ
ਜੋੜ ਕੇ ਤੁਰ ਪਈ
ਤੇ ਹੁਣ ਵੀ ਤੁਰ ਰਹੀ ਹੈ।
ਤੇਰਾ ਤੋੜ ਵਿਛੋੜੇ ਦਾ
ਮੈਨੂੰ ਦਿੱਤਾ ਜ਼ਹਿਰ
ਮੇਰਾ ਜੀਵਨ ਰੱਖਿਅਕ
ਬਣ ਗਿਆ।

**ਮਹਿੰਦਰ ਸਿੰਘ ਮਾਨ 9915803554**

## ਕਵਿਤਾ

ਦੁੱਖ ਵਿੱਚ ਨਾਂ ਹੀ ਹੁਣ ਆਪਣੇ ਅਪਨਾਉਣ,
ਆਪੇ ਬਹਾਨੇ ਲੱਗੇ ਕੰਨੀ ਕਤਰਾਉਣ।
ਕਹਿਣ ਲੱਗੇ ?ਥੇ ਰਹਿਣ ਦਾ ਖਰਚਾ ਲੱਗੂਗਾ,
ਜੇ ਓਦਾਂ ਨਹੀਂ ਤਾਂ ਹੁਣ ਏਦਾਂ ਤਾਂ ਭੱਜੂਗਾ।
ਮੈਂ ਕਿਸੇ ਦੀ ਨਹੀਂ ਗੱਲ ਆਪਣੀ ਸੁਣਾਈ ?,
ਕਿਉਂ ਹੋ ਗਿਆ ਸਫੈਦ ਖ਼ੂਨ ਮੇਰੀ ਦੁਹਾਈ ?।
ਚੁੱਪ ਰਹਿ ਸੁਣੀ ਜਾਂਵਾਂ ਗੱਲਾਂ ਤਾਂ ਮੈਂ ਚੰਗਾ ਹਾਂ,
ਦੇਵਾਂ ਜੇ ਜਵਾਬ ਕੋਈ ਤਾਂ ਮੈਂ ਪਾਗ਼ਲ ਮਲੰਗਾਂ ਹਾਂ।
ਬੇਗਾਨਿਆਂ ਤੇ ਕੀ ਕਰਾਂ ਗ਼ਿਲਾ ਏਥੇ ਆਪਣੇ ਪਰਾਏ ਨੇ,
ਦੁੱਖ ਦੱਸਾਂ ਜਾ ਕਿਸਨੂੰ ਜਿਹੜੇ ਦਿਲ ਚ ਲੁਕਾਏ ਨੇ।
ਦੁਨੀਆਂ ਦੇ ਸਾਹਮਣੇ ਹਮੇਸ਼ਾ ਰਹਾਂ ਮੈਂ ਤਾਂ ਹੱਸਦਾ,
ਦਿਲ ਮੇਰਾ ਰੋਵੇ ਏਨਾਂ ਕਿਸੇ ਨੂੰ ਨਹੀਂ ਦੱਸਦਾ।
'ਲਾਡੀ' ਕਹੇ ਮੇਰੀ ਜਾਨ ਪੁੱਤ ਮੇਰਾ ਮੇਰੀ ਉਮੀਦ ਹੈ,
ਇੱਕ ਦਿਨ ਜਾਣਾ ਏਥੋਂ ਪੱਕੀ ਤਾਕੀਦ ਹੈ।
ਕਿਉਂ ਮੇਰੀ ਮੇਰੀ ਕਰ ਆਪਣੇ ਹੋ ਦੂਰ ਗਏ,
ਸੁਪਨੇ ਸੀ ਬਹੁਤ ਮੇਰੇ ਜੋ ਹੋ ਚਕਨਾਚੂਰ ਗ ?।
ਹੰਝੂ ਮੇਰੇ ਸ਼ਾਇਦ ਹੁਣ ਮੁੱਕ ਗਏ ਹੋਣਗੇ,
ਸੁਣ ਹਿਰਦੇ ਵਾਲ਼ੀ ਚੀਸ ਮੇਰੀ ਪਰਿੰਦੇ ਵੀ ਰੋਣਗੇ।
" ਹਰਮਿੰਦਰ ਪਾਗਲਾ "ਤੂੰ ਤਾਂ ਸਾਰਾ ਕੁਝ ਸੱਚ ਹੀ ਕਹਿ ਗਿਆ,
ਏਡਾ ਵੱਡਾ ਦੁੱਖ ਏਨਾਂ ਸਮਾਂ ਕਿਵੇਂ ਸਹਿ ਗਿਆ।

**ਹਰਮਿੰਦਰ ਸਿੰਘ ਗਿੱਲ (ਲਾਡੀ ) ਕਾਲੇਕੇ, ਅੰਮ੍ਰਿਤਸਰ**

## ਕਵਿਤਾ

ਹੁੰਦੇ ਸੀ ਵਕਤ ਨਿਮਾਣੇ ,,
ਸੋਚਾਂ ਸੀ ਵੱਡੀਆਂ ਜੀ,,
ਸ਼ਰਮ ਬੜੀ ਆਉਂਦੀ,
ਕਿਸੇ ਅੱਖਾਂ ਕੱਢੀਆਂ ਜੀ,,

ਛੋਟੇ ਨੂੰ ਝੇਪ ਵੱਡੇ ਦੀ,,
ਮੰਨਦੇ ਸਭ ਕਹਿਣੇ ਸੀ,
ਇੱਜ਼ਤ ਸੀ ਸਭ ਦੀ ਸਾਂਝੀ,,
ਆਉਂਦੇ ਦੁੱਖ ਸੁੱਖ ਸਹਿਣੇ ਸੀ,,

ਜਮੀਨਾਂ ਭਾਵੇਂ ਨਾ ਸੀ ਕੋਲ,,
ਮਾਲਕ ਸੀ ਜ਼ਮੀਰਾਂ ਦੇ,,
ਰਾਂਝੇ ਨਾ ਬਣਦੇ ਸੀ ਉਹ,,
ਭਾਈ ਚਾਰ ਚਾਰ ਹੀਰਾਂ ਦੇ,

ਘਰ ਦੇ ਭੇਤ ਉਦੋਂ ਸਾਰੇ,,
ਘਰਾਂ ਚ ਹੀ ਜਾਂਦੇ ਰੱਖੇ ਸੀ.
ਮਾਪੇ ਸੀ ਸਭ ਕੁੱਝ ਔਲਾਦਾਂ,
ਬਣੇ ਨਾ ਕਿਸੇ ਦੇ ਪੱਖੇ ਸੀ,,

ਉਹ ਨਾ ਹੁਣ ਰਹੇ ਮੱਖਣਾਂ,
ਬਦਲ ਸਭ ਹਲਾਤ ਗਏ,,
ਮਾਪਿਆਂ ਤੇ ਹੱਥ ਚੁੱਕਦੇ,,
ਸ਼ੇਰੋਂ ਵਿਗੜ ਜੁਆਕ ਗਏ,

ਮੱਖਣ ਸ਼ੇਰੋਂ ਵਾਲਾ
ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।
ਸੰਪਰਕ 98787-98726

## ਸੱਭਿਆਚਾਰ

ਛੱਡ ਪਿੰਡ ਆਪਣਾ ਸੀ ਸ਼ਹਿਰ ਆ ਗਏ,
ਡੰਡੇ ਨਾਲ ਬਜਾਏ ਚੇਤੇ ਟਾਇਰ ਆ ਗਏ,
ਨਾਲ ਹੁੰਦੀ ਸੀ ਜੋ ਢਾਣੀ ਬਦਮਾਸ਼ ਖੇਡਦੀ
ਮੁੜ ਵੇਖਿਆ ਨੀ ਕਦੇ ਉਹ ਨਜ਼ਾਰਾ ਦੋਸਤੋ
ਜਿੱਥੇ ਬਹਿਕੇ ਬਾਬਿਆਂ ਦੀ ਢਾਣੀ ਤਾਸ਼ ਖੇਡਦੀ...

ਵੇਖਣ ਨੂੰ ਸੀਗੇ ਜਿਹੜੇ ਖੂਹ ਵੀ ਬੰਦ ਕਰਤੇ
ਸਾਂਭਣੀ ਵਿਰਾਸਤ ਕੀ ਗੰਦਗੀ ਨਾਲ ਭਰਤੇ
ਕਿਤੇ ਘੜੇ ਵਾਲੀਆਂ ਢਾਣੀ ਚੋਲ੍ਹ-ਮੋਲ੍ਹ ਕਰਦੀ
ਮੁੜ ਵੇਖਿਆ ਨੀ ਕਦੇ ਉਹ ਨਜ਼ਾਰਾ ਦੋਸਤੋ
ਕੋਈ ਮੁਟਿਆਰ ਖੂਹ ਦੇ ਉੱਤੋਂ ਪਾਣੀ ਭਰਦੀ

ਤੀਆਂ ਤੇ ਤ੍ਰਿੰਝਣਾਂ ਵੀ ਮੇਲੇ ਜੋਗੇ ਰਹਿ ਗਏ
ਚਰਖਾ ਤੇ ਪੀਂਘਾਂ ਵੀ ਦਿਖਾਵਾ ਬਣ ਰਹਿ ਗਏ
ਕੱਤੇ ਚਰਖ਼ਾ ਤਾਂ ਆਖੇ ਮੈਨੂੰ ਸੰਗ ਆਵਦੀ
ਮੁੜ ਵੇਖਿਆ ਨੀ ਕਦੇ ਉਹ ਨਜ਼ਾਰਾ ਦੋਸਤੋ
ਕੋਈ ਮੁਟਿਆਰ ਚਰਖ਼ੇ ਤੇ ਤੰਦ ਪਾਂਵਦੀ..

ਚਾਰੇ ਪਾਸੇ ਦਿਖਦੇ ਨੇ ਵੈਟ ਘੁੰਮਦੇ
ਲੱਗਦੇ ਨੇ ਮੇਲੇ ਕਿਤੇ-ਕਿਤੇ ਸਿੰਝ ਦੇ
ਦੁੱਧ, ਮੱਖਣ, ਮਿਲਾਈਆਂ ਘਿਓ ਵੀ ਹੋ ਗਏ ਮੁੱਲਦੇ
ਮੁੜ ਵੇਖਿਆ ਨਹੀਂ ਕਦੇ ਉਹ ਨਜ਼ਾਰਾ ਦੋਸਤੋ
ਸਿੰਝ ਵਿੱਚ ਸੂਰੇ ਪਹਿਲਵਾਨ ਘੁੱਲਦੇ..

ਕੱਚੇ ਓਟੇ ਨੂੰ ਉਹ ਜਦੋਂ ਬੇਬੇ ਪੋਚਾ ਲਾਉਂਦੀ ਸੀ
ਫੁੱਲ ਮੋਰਨੀਆਂ ਨਾਲ ਉਸਨੂੰ ਸਜਾਉਂਦੀ ਸੀ
ਸੀਗਾ ਏ ਸੀ. ਜਿਹਾ ਕੱਚਾ ਉਹ ਚੁਬਾਰਾ ਦੋਸਤੋ
ਮੁੜ ਵੇਖਿਆ ਨੀ ਕਦੇ ਉਹ ਨਜ਼ਾਰਾ ਦੋਸਤੋ
ਕੱਚਾ ਚੁੱਲ੍ਹਾ, ਚੌਂਕਾ, ਕਾੜ੍ਹਨੀ ਤੇ ਹਾਰਾ ਦੋਸਤੋ

ਗੱਭਰੂ ਪੰਜਾਬੀ ਫੈਸ਼ਨਾਂ ਨੇ ਪੱਟਤੇ
ਬਹੁਤੇ ਘਰ ਨਸ਼ਿਆਂ ਨੇ ਜੜੋਂ ਕੱਟਤੇ
ਐਵੇਂ ਜਗਜੀਤ ਕਾਹਤੋਂ ਫਿਰੇਂ ਹੁੱਲਿਆ
ਹੁੰਦੀ ਸੀ ਸਿਫ਼ਤ ਜੀਹਦੀ ਸਾਰੇ ਜੱਗ 'ਤੇ
ਅੱਜ ਉਹ ਪੰਜਾਬ ਨਸ਼ਿਆਂ 'ਚ ਰੁੱਲਿਆ...

**ਜਗਜੀਤ ਕਲੇਰ ਗੁੜ੍ਹੱਦੀ**
9878917512

## ਕਵਿਤਾ

ਇਹ ਰਸਤੇ ਔਕੜਾਂ ਭਰੇ ਨਿਰੇ,
ਸੋਚ ਸਮਝ ਕੇ ਪੈਰ ਉਠਾਈਂ ਯਾਰਾ,,
ਭਰਮਾ ਲੈਂਦੇ ਸਭ ਬਣ ਆਪਣਾ,
ਗੱਲਾਂ ਵਿੱਚ ਨਾ ਕਦੇ ਆਈਂ ਯਾਰਾ...

ਤੇਰੇ ਮੂੰਹ ਤੇ ਕਰਨਗੇ ਸਿਫ਼ਤ ਤੇਰੀ,
ਪਿੱਠ ਪਿੱਛੇ ਦਗਾ ਕਮਾਵਣਗੇ,,
ਜਿਹੜੇ ਬਹੁਤਾ ਆਖਣ ਨਾਲ ਤੇਰੇ,
ਪਈ ਭੀੜ ਕਦੇ ਭੱਜ ਜਾਵਣਗੇ,,
ਇਹ ਹੁੰਦੀ ਸਭ ਨਾਲ ਆਉਂਦੀ ਏ,
ਗੱਲ ਨਾ ਦਿਲ ਤੇ ਲਾਈਂ ਯਾਰਾ....
ਇਹ ਰਸਤੇ ਔਕੜਾਂ ਭਰੇ....

ਸਭ ਲਾਲਚਾਂ ਨਾਲ ਹੀ ਜੁੜੇ ਰਹਿੰਦੇ,
ਉਂਝ ਵਿਰਲਾ ਤੋੜ ਚੜਾਉਂਦਾ ਏ,,
ਨਾ ਪਤਾ ਚੱਲੇ ਕਿਹੜੇ ਰਾਹ ਲੰਘਣ,
ਇੱਕ ਅੱਧਾ ਸਾਥ ਨਿਭਾਉਂਦਾ ਏ,,
ਓ ਅੱਜ ਕੱਲ ਏ ਜਮਾਨਾ ਮਤਲਬ ਦਾ,
ਹੋ ਸਕਿਆ ਤਾਂ ਬਚ ਪਾਈਂ ਯਾਰਾ....
ਇਹ ਰਸਤੇ ਔਕੜਾਂ ਭਰੇ....

ਤੂੰ ਵਧਦਾ ਚੱਲ ਸਦਾ ਕਰੇਂ ਤਰੱਕੀਆਂ,
ਛੂਹ ਲਵੇਂ ਉਚਾਈਆਂ ਅਸਮਾਨੀਂ,,
ਸਭ ਭੇਤ ਨਾ ਖੋਲ੍ਹੀਂ ਕੁਝ ਪਰਦੇ ਰੱਖਲੀਂ,
ਕਰਵਾ ਬੈਠੀਂ ਨਾ ਕਿਤੇ ਕੋਈ ਹਾਨੀ,,
ਓ ਸੰਭਲ ਗਿਆ ਤਾਂਹੀ ਚੰਗਾ ਰਹੇਂਗਾ,
ਚੇਤੇ ਰੱਖੀਂ, ਨਾ ਕਦੇ ਭੁਲਾਈਂ ਯਾਰਾ....
ਇਹ ਰਸਤੇ ਔਕੜਾਂ ਭਰੇ....

"ਗੁਰੀ" ਨਸੀਅਤ ਇਹੀ ਬਸ ਦਿੰਦਾ ਏ,
ਕਿ ਪੈਰੀਂ ਆਪਣੇ ਸਿੱਖ ਖਲੋਣਾ ਤੂੰ,,
ਇੱਥੇ ਕੰਮ ਕੋਈ ਤੇਰੇ ਭਾਵੇਂ ਨਾ ਆਵੇ,
ਹੱਕ ਸੱਚ ਲਈ ਅੱਗੇ ਆਉਣਾ ਤੂੰ,,
ਬਾਕੀ ਚੱਲਣ ਦੇ ਜੋ ਸਭ ਚੱਲ ਰਹਿਆ,
ਉਹਦੇ ਹੁਕਮੋਂ ਬਾਹਰ ਨਾ ਜਾਈਂ ਯਾਰਾ....
ਇਹ ਰਸਤੇ ਔਕੜਾਂ ਭਰੇ....

ਗੁਰਵਿੰਦਰ "ਗੁਰੀ
98154-56177
ਕਣਕਵਾਲ ਚਹਿਲਾਂ (ਮਾਨਸਾ)

## ਕਿਤਾਬਾਂ

ਬਦਲ ਦੇਂਦੀਆਂ ਜੀਵਨ ਕਿਤਾਬਾਂ
ਝੋਲੀ ਭਰਦੀਆਂ ਨਾਲ ਖਿਤਾਬਾਂ।

ਕੋਲਿਆਂ 'ਚੋਂ ਇਹ ਹੀਰਾ ਫੋਲਣ
ਮਨੁੱਖ ਦਾ ਤੀਜਾ ਨੇਤਰ ਖੋਲਣ।

ਫ਼ਰਸ਼ਾਂ ਤੋਂ ਇਹ ਅਰਸ਼ੀਂ ਚੁੱਕਣ
ਹਰ ਸਮੱਸਿਆ ਦੀ ਅਰਥੀ ਫੂੱਕਣ।

ਉਦਾਸੀ ਵੇਲੇ ਦਿਲ ਪਰਚਾਵਣ
ਦੁੱਖ-ਦਰਦ ਨੂੰ ਦੂਰ ਭਜਾਵਣ

ਵਿਚਰਨ ਦਾ ਇਹ ਦੱਸਣ ਸਲੀਕਾ
ਜ਼ਿੰਦਗੀ ਜਿਉਣ ਦਾ ਦੱਸਣ ਤਰੀਕਾ।


ਲਾਲਸਾਵਾਂ 'ਤੇ ਕਾਬੂ ਪਾਉਂਦੀਆਂ
ਮਨੁੱਖ ਤੋਂ ਇਨਸਾਨ ਬਣਾਉਂਦੀਆਂ।

ਭੂਤ ਕਾਲ ਤੋਂ ਭਵਿੱਖ ਨਾਲ ਜੋੜਨ
ਦਿਮਾਗੀ ਪੁਰਾਣੇ ਜਿੰਦੇ ਤੋੜਨ।

ਕਿਤਾਬਾਂ ਨਾਲ ਜੋ ਕਰਦੇ ਪਿਆਰ
'ਕਲੇਰ' ਗਿਆਨ ਦਾ ਹੁੰਦੇ ਭੰਡਾਰ।

ਹੰਸ ਕਲੇਰ, ਦੁਗਾਲ
98789-46038



ਪ੍ਰਭਜੋਤ ਕੌਰ ਢਿੱਲੋਂ ਮੁਹਾਲੀ

# ਕਦੋਂ ਤੱਕ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ ਜਾਵੇਗਾ

ਅੱਜ ਦਾ ਕੌੜਾ ਸੱਚ ਹੈ ਕਿ ਬੰਦੇ ਦੀ ਜਾਨ ਦੀ ਜਾਂ ਜ਼ਿੰਦਗੀ ਦੀ ਕੀਮਤ ਕੁੱਝ ਵੀ ਨਹੀਂ ਰਹਿ ਗਈ।ਆਏ ਦਿਨ ਇਵੇਂ ਦੀਆਂ ਖਬਰਾਂ ਅਖਬਾਰਾਂ ਵਿੱਚ ਪੜ੍ਹਨ ਨੂੰ ਮਿਲ ਜਾਂਦੀਆਂ ਹਨ ਅਤੇ ਸੋਸ਼ਲ ਮੀਡੀਆ ਤੇ ਵੇਖਣ ਨੂੰ ਮਿਲ ਜਾਂਦੀਆਂ ਹਨ। ਇੰਨਾ ਰੌਲਾ ਪੈਣ ਦੇ ਬਾਅਦ ਵੀ ਸਰਕਾਰਾਂ ਕੋਈ ਸਖਤ ਕਦਮ ਨਹੀਂ ਚੁੱਕਦੀਆਂ।ਦੂਜੇ ਪਾਸੇ ਜੇ ਵੇਖੀਏ ਤਾਂ ਜੋ ਅਜਿਹੀਆਂ ਹਰਕਤਾਂ ਕਰ ਰਹੇ ਹਨ ਉਨ੍ਹਾਂ ਨੂੰ ਰੱਬ ਭੁੱਲਿਆ ਹੋਇਆ ਹੈ। ਪਰ ਰੱਬ ਦੇ ਘਰ ਦੇਰ ਹੈ ਅੰਧੇਰੀ ਨਹੀਂ। ਜਦੋਂ ਕਿਸੇ ਦੀ ਜ਼ਿੰਦਗੀ ਨੂੰ ਦਾਅ ਤੇ ਲਗਾਕੇ ਪੈਸੇ ਕਮਾਏ ਜਾਂਦੇ ਹਨ ਤਾਂ ਉਸਦਾ ਹਿਸਾਬ ਕੁਦਰਤ ਜ਼ਰੂਰ ਕਰੇਗੀ।ਲੋਕਾਂ ਦੀ ਮਜ਼ਬੂਰੀ ਅਤੇ ਬੀਮਾਰੀ ਵਿੱਚੋਂ ਵੀ ਲੁੱਟ ਕਰਨ ਲਗਿਆਂ ਸ਼ਰਮ ਨਹੀਂ ਕਰਦੇ।ਤੁਸੀਂ ਬਹੁਤੇ ਹਸਪਤਾਲਾਂ ਵਿੱਚ ਵੜੋ ਤਾਂ ਪਰਚੀ ਦੇ ਨਾਮ ਤੋਂ ਲੁੱਟ ਸ਼ੁਰੂ ਹੋ ਜਾਂਦੀ ਹੈ। ਡਾਕਟਰ ਕੋਲ ਪਹੁੰਚੋ ਤਾਂ ਢੇਰ ਸਾਰੇ ਟੈਸਟ ਕਰਵਾਉਣ ਲਈ ਤੋਰ ਦਿੱਤਾ ਜਾਂਦਾ ਹੈ। ਹਾਂ ਜੀ,ਇਹ ਟੈਸਟ ਡਾਕਟਰ ਦੀ ਕਹੀ ਗਈ ਲੈਬਾਰਟਰੀ ਵਿੱਚ ਹੀ ਕਰਵਾਉਣੇ ਪੈਂਦੇ ਹਨ।ਦੱਸਣ ਦੀ ਜ਼ਰੂਰਤ ਨਹੀਂ ਕਿਉਂ।ਕਰੋਨਾ ਵਾਇਰਸ ਨਾਲ ਸਾਰੀ ਦੁਨੀਆਂ ਖੜ੍ਹੀ ਹੋ ਗਈ ਪਰ ਬੇਈਮਾਨੀ ਕਰਨ ਵਾਲਿਆਂ ਦੀ ਸੋਚ ਖੜ੍ਹੀ ਨਹੀਂ ਹੋਈ।ਉਹ ਉਵੇਂ ਹੀ ਬੇਈਮਾਨੀ ਕਰਨ ਲਈ ਸੋਚਦੇ ਘੋੜੇ ਭਜਾ ਰਹੇ ਹਨ। ਪਿੱਛਲੇ ਦਿਨੀਂ ਅਖਬਾਰ ਵਿੱਚ ਕਿਸੇ ਨੇ ਆਪਣੇ ਟੈਸਟਾਂ ਦੀਆਂ ਰਿਪੋਰਟਾਂ ਵਿਖਾਈਆਂ।ਵੱਖ ਵੱਖ ਲੈਬਾਰਟਰੀਆਂ ਦੀਆਂ ਰਿਪੋਰਟਾਂ ਵੱਖ ਵੱਖ ਸਨ।ਹੁਣ ਬੰਦਾ ਕਿਹੜੀ ਨੂੰ ਠੀਕ ਮੰਨੇ।ਕਰੋਨਾ ਦੇ ਟੈਸਟਾਂ ਦਾ ਵੀ ਇਹੀ ਰੌਲਾ ਪਿਆ ਸੀ।ਅੰਮ੍ਰਿਤਸਰ ਸਾਹਿਬ ਦੀ ਤੁਲੀ ਲੈਬਾਰਟਰੀ ਅਤੇ ਕੁੱਝ ਡਾਕਟਰਾਂ ਨੇ ਮਿਲਕੇ ਇਹ ਘਣੌਨੀ ਹਰਕਤ ਕੀਤੀ।ਸ਼ਰਮ ਵੀ ਨਹੀਂ ਆਉਂਦੀ ਕਿ ਅਸੀਂ ਕਿਵੇਂ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਕੇ ਪੈਸੇ ਕਮਾ ਰਹੇ ਹਾਂ ਅਤੇ ਆਪਣੇ ਪਰਿਵਾਰਾਂ ਨੂੰ ਪਾਲ ਰਹੇ ਹਾਂ। ਕਹਿੰਦੇ ਨੇ ਚੋਰ ਦੀ ਮਾਂ ਨੂੰ ਖਾਂਦੀ ਨੂੰ ਨਾ ਵੇਖੋ,ਕੁੱਟ ਖਾਂਦੀ ਨੂੰ ਵੇਖੋ।ਲੋਕਾਂ ਨਾਲ ਧੋਖਾ ਕਰਕੇ ਅਤੇ ਉਨ੍ਹਾਂ ਨੂੰ ਬਿਸ਼ਨਾ ਵਜ੍ਹਾ ਮੁਸੀਬਤ ਵਿੱਚ ਪਾਕੇ ਕਮਾਏ ਪੈਸੇ ਦੇਰ ਸਵੇਰ ਤਬਾਹੀ ਜ਼ਰੂਰ ਕਰਨਗੇ। ਇਹ ਤਾਂ ਗੱਲ ਸੀ ਜੋ ਅਖਬਾਰ ਵਿੱਚ ਆਈ ਸੀ।ਮੈਂ ਆਪਣਾ ਨਿੱਜੀ ਤਜਰਬਾ ਵੀ ਸਾਂਝਾ ਕਰਦੀ ਹਾਂ। ਮੇਰੇ ਪਤੀ ਨੇ ਮੁਹਾਲੀ ਦੇ ਨਾਮੀ ਹਸਪਤਾਲ ਵਿੱਚੋ ਸ਼ੂਗਰ ਦਾ ਟੈਸਟ ਕਰਵਾਇਆ। ਜਦੋਂ ਅਸੀਂ ਰਿਪੋਰਟ ਲਈ ਤਾਂ ਖਾਲੀ ਪੇਟ ਵਾਲੀ ਸ਼ੂਗਰ ਤਕਰੀਬਨ 350 ਲਿਖੀ ਹੋਈ ਸੀ ਅਤੇ ਖਾਣਾਂ ਖਾਣ ਤੋਂ ਬਾਅਦ ਵਾਲੀ 400।ਡਾਕਟਰ ਨੇ ਸ਼ੂਗਰ ਦੀ ਦਵਾਈ ਲਿਖ ਦਿੱਤੀ। ਜਿੰਨੇ ਵੀ ਸੁਣਿਆ ਹੈਰਾਨ ਕਿ ਇੰਨੀ ਸ਼ੂਗਰ ਨਾਲ ਤਾਂ ਹਾਲਤ ਬਹੁਤ ਮਾੜੀ ਹੁੰਦੀ ਹੈ। ਖੈਰ ਅਸੀਂ ਦੂਸਰੀ ਜਗ੍ਹਾ ਤੋਂ ਟੈਸਟ ਕਰਵਾਇਆ ਤਾਂ ਸ਼ੂਗਰ ਠੀਕ ਸੀ।ਹੁਣ ਸੋਚਣ ਵਾਲੀ ਗੱਲ ਹੈ ਕਿ ਜੇਕਰ ਇਹ ਕਿਸੇ ਦੀ ਗਲਤੀ ਨਾਲ ਰਿਪੋਰਟ ਸਾਡੀ ਬਣਾਕੇ ਦੇ ਦਿੱਤੀ ਗਈ ਹੈ ਤਾਂ ਮੇਰੇ ਪਤੀ ਦੀ ਜ਼ਿੰਦਗੀ ਦਾਅ ਤੇ ਲਗਾਈ ਅਤੇ ਜਿਸ ਦਾ ਅਸਲ ਵਿੱਚ ਸੈਂਪਲ ਹੋਏਗਾ ਉਸਦਾ ਕੀ ਬਣਿਆ ਹੋਏਗਾ। ਕਿਥੇ ਅਤੇ ਕਿਸ ਤੇ ਯਕੀਨ ਕਰਕੇ ਇਲਾਜ ਕਰਵਾਇਆ ਜਾਵੇ।ਸ਼ਰੇਆਮ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ ਜਾ ਰਿਹਾ ਹੈ। ਯਕੀਨ ਜਾਣਿਉ ਮੈਂ ਉਸ ਤੋਂ ਬਾਅਦ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਟੈਸਟ ਦਾ ਜੇ ਇਹ ਹਾਲ ਹੈ ਤਾਂ ਦਵਾਈਆਂ ਖਾ ਕੇ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਤੋਂ ਬਗੈਰ ਹੋਰ ਕੁੱਝ ਵੀ ਨਹੀਂ ਹੈ।ਅਸਲ ਵਿੱਚ ਪੈਸੇ ਦੀ ਭੁੱਖ ਇੰਨੀ ਵਧ ਗਈ ਹੈ ਕਿ ਲੋਕਾਂ ਨੇ ਸਿਰਫ਼ ਪੈਸੇ ਕਮਾਉਣ ਨੂੰ ਪਹਿਲ ਦਿੱਤੀ ਹੋਈ।ਸਰਕਾਰੀ ਹਸਪਤਾਲਾਂ ਦੀ ਹਾਲਤ ਵਧੇਰੇ ਕਰਕੇ ਮਾੜੀ ਹੈ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਤਾਂ ਲੋਕਾਂ ਨੂੰ ਇਲਾਜ ਦੇ ਨਾਮ ਤੇ ਕਰਜ਼ਾਈ ਕਰ ਦਿੱਤਾ ਜਾਂਦਾ ਹੈ। ਜੇਕਰ ਉਦੋਂ ਬਚ ਜਾਵੇ ਤਾਂ ਕਰਜ਼ੇ ਕਰਕੇ ਆਪਣੀ ਜਾਨ ਦੇ ਦਿੰਦਾ ਹੈ।

ਪਿਛੱਲੇ ਦਿਨੀਂ ਲੁਧਿਆਣਾ ਵਿੱਚ ਦਵਾਈਆਂ ਲਈ ਗੁਰੂ ਨਾਨਕ ਮੋਦੀ ਖਾਨਾ ਖੋਲਿਆ ਤਾਂ ਲੋਕਾਂ ਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਕਿ ਕਿਵੇਂ ਲੋਕਾਂ ਨੂੰ ਮਹਿੰਗਾਈ ਦਵਾਈਆਂ ਦੇਕੇ ਲੁੱਟਿਆ ਜਾ ਰਿਹਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ।ਸੱਚੀਂ ਅਸੀਂ ਪੰਜ ਦਸ ਪ੍ਰਤੀਸ਼ਤ ਰਿਬੇਟ ਦੇਣ ਤੇ ਵੀ ਖੁਸ਼ ਹੋ ਜਾਂਦੇ ਹਾਂ। ਪਰ ਜਿਵੇਂ ਸੋਸ਼ਲ ਮੀਡੀਆ ਤੇ ਵਿਖਾਇਆ ਗਿਆ ਤਾਂ ਸਮਝ ਆਈ ਕਿ ਸਾਨੂੰ ਤਾਂ ਬੁਰੀ ਤਰ੍ਹਾਂ ਲੁੱਟਿਆ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਜਨਤਾ ਨੂੰ ਇਲਾਜ ਦੇ ਨਾਮ ਤੇ ਵੀ ਠੱਗਿਆ ਹੀ ਜਾ ਰਿਹਾ ਹੈ। ਜੇਕਰ ਕੋਈ ਲੋਕਾਂ ਲਈ ਕੰਮ ਕਰਨਾ ਚਾਹੁੰਦਾ ਹੈ ਤਾਂ ਉਸ ਦਾ ਜਿਊਣਾ ਵੀ ਔਖਾ ਕਰ ਦਿੱਤਾ ਜਾਂਦਾ ਹੈ।

ਕਈ ਵਾਰ ਹੈਰਾਨੀ ਹੁੰਦੀ ਹੈ ਕਿ ਇੰਨੇ ਟੈਸਟ ਕਰਵਾਉਣ ਦਾ ਕੀ ਫਾਇਦਾ,ਬੀਮਾਰੀ ਥੋੜੀ ਹੁੰਦੀ ਅਤੇ ਪੈਸੇ ਦੀ ਬਰਬਾਦੀ ਅਤੇ ਖੱਜਲ ਖਆਰੀ ਵਧ ਹੁੰਦੀ ਹੈ। ਸਵਾਲ ਇਹ ਉੱਠਦਾ ਹੈ ਕਿ ਇੰਨਾ ਲੈਬਾਰਟਰੀਆਂ ਦੇ ਵਿੱਚ ਕੀਤੇ ਟੈਸਟਾਂ ਨਾਲ ਹੋ ਸਕਦਾ ਹੈ ਕੋਈ ਬੇਮਤਲਬ ਦਵਾਈਆਂ ਖਾ ਕੇ ਮੌਤ ਦੇ ਮੂੰਹ ਵਿੱਚ ਚਲਾ ਜਾਵੇ।ਜਿਸ ਤਰ੍ਹਾਂ ਮੇਰੇ ਪਤੀ ਦੀ ਸ਼ੂਗਰ ਦੀ ਰਿਪੋਰਟ ਕਰਕੇ ਦਵਾਈ ਖਾਣ ਲਈ ਦਿੱਤੀ ਗਈ ਜੇਕਰ ਉਹ ਖਾਧੀ ਜਾਂਦੀ ਤਾਂ ਉਸ ਨਾਲ ਜੋ ਨੁਕਸਾਨ ਹੁੰਦਾ ਉਸਦੀ ਜ਼ਿੰਮੇਵਾਰੀ ਤਾਂ ਕਿਸੇ ਨੇ ਲੈਣੀ ਨਹੀਂ ਸੀ। ਸੁਣਵਾਈ ਕਿਧਰੇ ਹੁੰਦੀ ਨਹੀਂ। ਜਿਵੇਂ ਉਹ ਬੰਦਾ ਰਿਪੋਰਟਾਂ ਵਿਖਾ ਰਿਹਾ ਹੈ ਹੁਣ ਉਸਨੂੰ ਸੱਚੀ ਪਤਾ ਨਹੀਂ ਲੱਗਣਾ ਕਿ ਉਹ ਇਲਾਜ ਕਰਵਾਏ ਜਾਂ ਨਾ।ਯਕੀਨ ਕਹਿਦੇ ਤੇ ਕਰੇ,ਇਹ ਫੈਸਲਾ ਕਰਨਾ ਬਹੁਤ ਔਖਾ ਹੈ।ਸਰਕਾਰ ਦੀ ਜ਼ਿੰਮੇਵਾਰੀ ਹੈ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ।ਇਹ ਸੱਭ ਵੇਖਕੇ ਅਤੇ ਸਿਸਟਮ ਵੇਖਕੇ ਇਹ ਹੀ ਸਵਾਲ ਉੱਠਦਾ ਹੈ ਜ਼ਿਹਨ ਵਿੱਚ ਕਿ ਕਦੋਂ ਤੱਕ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ ਜਾਲਵੇਗਾ ਪਰ ਜਵਾਬ ਕਿਧਰੋਂ ਆਉਂਦਾ ਵਿਖਾਈ ਨਹੀਂ ਦਿੰਦਾ।

# ਸਾਡੀ ਜ਼ਿੰਦਗੀ ਦੀ ਅਸਲੀ ਤਸਵੀਰ !

ਜ਼ਿੰਦਗੀ ਹਮੇਸ਼ਾ ਇੱਕੋ ਜਿਹੀ ਨਹੀਂ ਰਹਿੰਦੀ ਜ਼ਿੰਦਗੀ ਦੇ ਬਦਲਦੇ ਰੰਗਾਂ ਨਾਲ ਇਸਦੀ ਤਸਵੀਰ ਵੀ ਬਦਲਦੀ ਰਹਿੰਦੀ ਹੈ। ਬਦਲਦੇ ਸਮੇਂ ਨਾਲ ਇਨਸਾਨ ਦੀ ਸੋਚ ਬੋਲਚਾਲ ਰਹਿਣ ਸਹਿਣ ਅਤੇ ਵਿਚਾਰ ਧਾਰਾ ਵੀ ਬਦਲ ਜਾਂਦਾ ਹੈ ਉਹਨਾਂ ਰੰਗਾਂ ਵਿਚੋਂ ਹੀ ਇੱਕ ਰੰਗ ਹੈ ਤਸਵੀਰਾਂ ਦਾ ਰੰਗ।ਕਿਸੇ ਬੱਚੇ ਦੇ ਦੁਨੀਆ ਵਿੱਚ ਆਉਣ ਤੋਂ ਪਹਿਲਾਂ ਹੀ ਬੱਚੇ ਦੇ ਮਾਤਾ ਪਿਤਾ ਆਪਣੇ ਕਮਰੇ ਅਤੇ ਘਰ ਵਿੱਚ ਸੋਹਣੀਆਂ ਸੁੰਦਰ ਤਸਵੀਰਾਂ ਨੂੰ ਲਗਾਉਂਦੇ ਹਨ ਤਾਂ ਜੋ ਬੱਚੇ ਦੀ ਮਾਂ ਅਤੇ ਬੱਚਾ ਦੋਵੇਂ ਤਸਵੀਰ ਵਾਂਗ ਖੁਸ ਰਹਿਣ ਅਤੇ ਦਿਨ ਵੀ ਸੋਹਣਾ ਅਤੇ ਚੰਗਾ ਬਤੀਤ ਹੋਵੇ।ਫਿਰ ਨਿੱਕੇ ਹੁੰਦਿਆਂ ਹਰੇਕ ਬੱਚੇ ਦਾ ਰੌਲ ਮਾਡਲ ਕੋਈ ਫ਼ਿਲਮੀ ਐਕਟਰ,ਕੋਈ ਖਿਡਾਰੀ ਆਦਿ ਹੁੰਦਾ ਹੈ ਤਾਂ ਉਹ ਆਪਣੇ ਉਸ ਰੌਲ ਮਾਡਲ ਦੀਆ ਤਸਵੀਰਾਂ ਨੂੰ ਪਸੰਦ ਕਰਦਾ ਹੈ ਅਤੇ ਉਸ ਤਰ੍ਹਾਂ ਬਣਨ ਦੀ ਨਕਲ ਜਾ ਕੋਸ਼ਿਸ ਕਰਦਾ ਹੈ।ਫਿਰ ਅਗਲਾ ਕਦਮ ਕਦਮ ਥੋੜਾ ਸਮਝਦਾਰੀ ਦਾ ਆਉਂਦਾ ਹੈ ਤਾਂ ਜਿਆਦਾਤਰ ਇਨਸਾਨ ਆਪਣੀ ਮੋਬਾਈਲ ਜਾ ਲੈਪਟੋਪ ਸਕ੍ਰੀਨ ਤੇ ਆਪਣੇ ਮਾਪਿਆਂ ਦੀ ਤਸਵੀਰ ਲਗਾ ਕੇ ਰਖਦਾ ਹੈ। ਜਿਵੇਂ ਹੀ ਉਹ ਆਪਣੀ ਜਵਾਨੀ ਵਿੱਚ ਪੈਰ ਰੱਖਦਾ ਹੈ ਤਾਂ ਆਪਣੀ ਕਿਸੇ ਖਾਸ ਦੋਸਤ ਦੀ ਤਸਵੀਰ ਨੂੰ ਪਹਿਲ ਦਿੰਦਾ ਹੈ।ਫਿਰ ਥੋੜੇ ਸਮੇਂ ਬਾਅਦ ਜਿੰਦਗੀ ਦਾ ਇੱਕ ਹੋਰ ਰੰਗ ਨਿਖਰਦਾ ਹੈ ਜਦ ਉਸ ਇਨਸਾਨ ਦਾ ਵਿਆਹ ਹੋ ਜਾਂਦਾ ਹੈ ਤਾਂ ਉਹ ਜਿਆਦਾਤਰ ਆਪਣੀ ਪਤਨੀ ਦੀ ਤਸਵੀਰ ਨੂੰ ਤਹਿਜ਼ੀਬ ਦਿੰਦਾ ਹੈ। ਬੇਸ਼ਕ ਫਰੇਮ ਓਹੀ ਰਹਿੰਦਾ ਹੈ ਪਰ ਸਮੇ ਦੇ ਨਾਲ ਨਾਲ ਤਸਵੀਰ ਬਦਲਦੀ ਜਾਂਦੀ ਹੈ। ਫਿਰ ਇੱਕ ਦਿਨ ਉਹ ਆਉਂਦਾ ਹੈ ਜਦ ਪਰਿਵਾਰ ਵਧਣ ਦੇ ਨਾਲ ਨਾਲ ਜ਼ੁਮੇਵਾਰੀਆਂ ਵੀ ਵੱਧ ਜਾਂਦੀਆਂ ਹਨ ਤੇ ਓਸੇ ਮੋਬਾਈਲ ਫੋਨ ਜਾ ਲੈਪਟੋਪ ਦੀ ਸਕ੍ਰੀਨ ਤੇ ਉਹ ਆਪਣੇ ਬੱਚਿਆਂ ਦੀ ਤਸਵੀਰ ਨੂੰ ਪਹਿਲ ਦਿੰਦਾ ਹੈ। ਸਮੇਂ ਦੇ ਨਾਲ ਨਾਲ ਕਿਰਦਾਰ ਅਤੇ ਪਿਆਰ ਬਦਲਦਾ ਰਹਿੰਦਾ ਹੈ ਜਾ ਵੰਡਿਆ ਜਾਂਦਾ ਹੈ। ਹੌਲੀ ਹੌਲੀ ਬੱਚੇ ਵੱਡੇ ਹੋਣ ਤੇ ਆਪਣੇ ਕੰਮਕਾਰ ਤੇ ਸੈੱਟ ਹੋ ਅਲੱਗ ਹੋ ਜਾਂਦੇ ਜਾ ਵਿਆਹੇ ਜਾਂਦੇ ਹਨ ਪਰ ਇਸ ਵਿੱਚ ਇਹ ਵੀ ਸੱਚ ਹੈ ਕਿ ਅਜਕਲ ਦੇ ਬੱਚਿਆਂ ਨੂੰ ਤੁਸੀਂ ਪਿਆਰ ਦੇ ਸਕਦੇ ਹੋ ਸੰਸਕਾਰ ਨਹੀਂ। ਓਦੋਂ ਤੱਕ ਇਨਸਾਨ ਵੀ ਆਪਣੀ ਉਮਰ ਹੰਢਾ ਲੈਂਦਾ ਹੈ ਉਸਦੀ ਨਜਰ ਅਤੇ ਤਸਵੀਰ ਸਮੇਂ ਨਾਲ ਫਿਕੀ ਜਾ ਧੁੰਦਲੀ ਹੋ ਜਾਂਦੀ ਹੈ ਪਰ ਉਸ ਤਸਵੀਰ ਵਾਲੇ ਫਰੇਮ ਵਿੱਚ ਹੁਣ ਤਸਵੀਰ ਵੀ ਬਦਲ ਚੁੱਕੀ ਹੁੰਦੀ ਹੈ ਹੁਣ ਉਥੇ ਕਿਸੇ ਵਿਦਵਾਨ ਗੁਰੂ ਜਾ ਧਾਰਮਿਕ ਅਸਥਾਨ ਦੀ ਤਸਵੀਰ ਆ ਜਾਂਦੀ ਹੈ। ਇਕ ਦਿਨ ਉਹ ਵੀ ਆਉਂਦਾ ਜਦ ਇਨਸਾਨ ਖੁਦ ਇੱਕ ਤਸਵੀਰ ਵਿੱਚ ਕੈਦ ਹੋ ਕੇ ਰਹਿ ਜਾਂਦਾ ਹੈ।।ਸੋ ਮੇਰੇ ਕਹਿਣ ਦਾ ਮਤਲਬ ਇਹ ਹੀ ਹੈ ਕਿ ਸਾਡੀ ਜ਼ਿੰਦਗੀ ਦੀ ਕਹਾਣੀ ਵਿੱਚ ਹਰੇਕ ਇਨਸਾਨ ਦਾ ਇੱਕ ਕਰੈਕਟਰ ਹੈ ਜੋ ਇੱਕ ਸੀਮਤ ਸਮੇਂ ਬਾਅਦ ਬਦਲਦਾ ਰਹਿੰਦਾ ਹੈ ਅਤੇ ਸਾਡਾ ਵੀ ਹਰੇਕ ਰਿਸਤੇ ਵਿੱਚ ਇੱਕ ਕਰੈਕਟਰ ਹੈ ਆਪਣੇ ਉਸ ਕਿਰਦਾਰ ਨੂੰ ਹਮੇਸ਼ਾ ਸਾਫ ਸੁਥਰੀ ਤਸਵੀਰ ਵਾਂਗ ਹੀ ਰੱਖੋ। ਕਿਉਂਕਿ ਇਨਸਾਨ ਨੇ ਇੱਕ ਸਮੇਂ ਬਾਅਦ ਇਥੋਂ ਵਾਪਿਸ ਜਾਣਾ ਹੁੰਦਾ ਹੈ ਪਰ ਉਸਦੀਆਂ ਯਾਦਾਂ ਹਮੇਸ਼ਾ ਦੁਨੀਆਂ ਤੇ ਸ਼ਫ਼ਰ ਕਰਦੀਆਂ ਹਨ। ਖੁਦ ਦੀ ਤਸਵੀਰ ਲੈਣ ਤੇ ਜਾ ਤਸਵੀਰ ਬਦਲਣ ਤੇ ਜਿਆਦਾ ਸਮਾਂ ਨਹੀਂ ਲਗਦਾ ਸਮਾਂ ਤਾਂ ਜਿੰਦਗੀ ਦੀ ਅਸਲੀ ਤਸਵੀਰ ਬਣਾਉਣ ਤੇ ਲੱਗਦਾ ਹੈ।

ਜਗਤਾਰ ਸਿੰਘ ਧਾਲੀਵਾਲ
+919914315191








**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5'-9" 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5'-7" 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

**************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5'-10" ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

**************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5'-8" MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@ carillion.ca

**************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

**************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5'-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

**************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5'-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

**************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5'-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

**************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5' ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

**************************

ਜੱਟ ਸਿੱਖ ਗਰੇਵਾਲ ਉਮਰ 28 ਸਾਲ ਕੱਦ 5'-3", ਬੀ. ਟੈਕ, ਐਮ. ਟੈਕ, ਅਸਿਸਟੈਂਟ ਪ੍ਰੋਫੈਸਰ ਦੀ ਜੌਰ ਕਰ ਰਹੀ ਲੜਕੀ ਨੂੰ ਕੈਨੇਡੀਅਨ ਲੜਕੇ ਦੀ ਲੋੜ ਹੈ। ਲੜਕੀ ਦਾ ਵੱਡਾ ਭਰਾ ਐਡਮਿੰਟਨ ਵਿਚ ਰਹਿ ਰਿਹਾ ਹੈ। ਸੰਪਰਕ : ਕੈਨੇਡਾ 587-501-3604, ਇੰਡੀਆ : +91 94634-10985

**************

ਸੰਧੂ ਜੱਟ ਸਿੱਖ, ਉਮਰ 25 ਸਾਲ, ਕੱਦ 5'4 ਐਮ ਏ,ਬੀ ਐੱਡ, ਐੱਮ ਫਿਲ ਲੜਕੀ ਲਈ ਕੈਨੇਡੀਅਨ ਲੜਕੇ ਦੀ ਤਲਾਸ਼। ਲੜਕੀ ਦਾ ਬਾਕੀ ਪਰਿਵਾਰ ਕੈਨੇਡਾ ਦਾ ਵਸਨੀਕ ਹੈ। ਸੰਪਰਕ 780-707-3837, 7809036232

********************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5'-9 ਲਈ Canada P.R ਲੜਕੀ ਦੀ ਲੋੜ।780-932-0612 94172-00545

**************************

ਜੱਟ ਸਿੱਖ 24 ਸਾਲ ਕੱਦ 6' ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada. 780-913-1179 ਇੰਡੀਆ +91-90200-00019

**************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5'-10 ਸੰਪਰਕ 780-782-3313

**************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E'GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ ।ਆਪਣਾ Biodata / Picture e-mail :deepedmonton9@gmail.com. (whatsapp) or Call ' 780-628-7089

**************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5'-8" ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੁੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

****************

ਕੈਨੇਡੀਅਨ ਇਮੀਗ੍ਰਾਂਟ, ਜੱਟ ਸਿੱਖ ਚੀਮਾ ਉਮਰ 30 ਸਾਲ, ਕੱਦ 5'-5" ਲਈ ਲੜਕੀ ਦੀ ਲੋੜ ਹੈ। ਉਹੀ ਪਰਿਵਾਰ ਸੰਪਰਕ ਕਰਨ ਜੋ ਲੜਕੇ ਦੀ ਇੰਡੀਆ ਰਹਿੰਦੀ ਭੈਣ ਲਈ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ। ਸੰਪਰਕ:-780-238-1020 bluewhaleelectrical@yahoo.com

,,,,,,,,,,,,,,,,,,,,,,,,,,,,,,,,


ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

************************

Jatt sikh dhanoa 27/5,7 Dentist girl in India looking for a suitable match doctor/engineer boy India or abroad. Contact 780 236 0671 India 70872 64520


************************

31 year old Sikh Khatri/arora boy 5feet6 Canadian university graduate with business degree and working in medical science field looking for a well eduacated girl from Khatri/arora/ramgharia family. Please contact 780 264 9616 or yoursps@yahoo.com



************************

A Sikh boy residing in Edmonton working as a Engineer, Height 5'-9" Age 33 Years old Looking qualified girl from Alberta.Contact : 780-489-7925






# ਕਿੰਨੀ ਕੁ ਜਾਇਜ਼ ਹੈ ਬੱਚਿਆਂ ਦੀ ਟੋਕਾ ਟਾਕੀ





ਨਵਜੋਤ ਕੌਰ (ਪੰਜਾਬੀ ਮਿਸਟ੍ਰੈਸ)

ਅਕਸਰ ਹੀ ਅਸੀਂ ਮਾਪਿਆਂ ਨੂੰ ਬੱਚਿਆਂ ਦੀ ਟੋਕਾ ਟਾਕੀ ਕਰਦੇ ਘਰਾਂ ਵਿੱਚ ਦੇਖਦੇ ਹਾਂ ਪਰ ਕੀ ਇਹ ਜਾਇਜ਼ ਹੈ ? ਕਿ ਅਸੀਂ ਆਪਣੇ ਬੱਚਿਆਂ ਦੀ ਟੋਕਾ ਟਾਕੀ ਕਰਦੇ ਰਹੀਏ ? ਜ਼ਿਆਦਾਤਰ ਮਾਵਾਂ ਆਪਣੇ ਬੱਚਿਆਂ ਤੇ ਅਕਸਰ ਹੀ ਖਿਝੀਆਂ ਰਹਿੰਦੀਆਂ ਹਨ । ਕਿ ਬੱਚੇ ਕਹਿਣਾ ਨਹੀਂ ਮੰਨਦੇ ? ਸਾਰਾ ਦਿਨ ਸ਼ਰਾਰਤਾਂ ਕਰਦੇ ਨੇ , ਪੜ੍ਹਾਈ ਨਹੀਂ ਕਰਦੇ ਅਜਿਹੀਆਂ ਗੱਲਾਂ ਅਸੀਂ ਘਰਾਂ ਵਿੱਚ ਆਮ ਸੁਣਦੇ ਹਾਂ । ਬੱਚਾ ਥੋੜ੍ਹਾ ਵੱਡਾ ਹੁੰਦਾ ਹੈ ਤਾਂ ਘਰ ਵਿੱਚ ਉਸ ਦੀ ਟੋਕਾ ਟਾਕੀ ਹੋਣੀ ਸ਼ੁਰੂ ਹੋ ਜਾਂਦੀ ਹੈ ਇਧਰ ਨਹੀਂ ਜਾਣਾ , ਉਧਰ ਨਹੀਂ ਜਾਣਾ , ਆਏ ਨਹੀਂ ਕਰਨਾ ਆਦਿ । ਬੱਚਾ ਜਾਂਦਾ ਵੀ ਉਧਰ ਹੀ ਹੈ ਜਿਸ ਚੀਜ਼ ਵੱਲੋਂ ਅਸੀਂ ਉਸਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਾਂ । ਮਾਪੇ ਆਪਣੀ ਆਦਤ ਤੋਂ ਮਜਬੂਰ ਟੋਕਦੇ ਰਹਿੰਦੇ ਹਨ ਤੇ ਬੱਚਾ ਆਪਣੀ ਆਦਤ ਤੋਂ ਮਜਬੂਰ ਉਨ੍ਹਾਂ ਦੇ ਉਲਟ ਚੱਲਦਾ ਰਹਿੰਦਾ ਹੈ । ਨਾ ਸਮਝ ਬੱਚੇ ਨੂੰ ਕਈ ਵਾਰ ਝੂਠੀਆਂ ਮੂਠੀਆਂ ਗੱਲਾਂ ਕਹਿ ਕੇ ਵੀ ਕਈ ਗੱਲਾਂ ਤੋਂ ਹਟਾਇਆ ਜਾਂਦਾ ਹੈ।ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਹੈ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਇਨ੍ਹਾਂ ਚੀਜ਼ਾਂ ਤੋਂ ਮੈਨੂੰ ਫ਼ਾਲਤੂ ਚ ਡਰਾਇਆ ਜਾ ਰਿਹਾ ਸੀ । ਇਸ ਨਾਮ ਦੀ ਤਾਂ ਕੋਈ ਚੀਜ਼ ਹੈ ਹੀ ਨਹੀਂ । ਜਿਵੇਂ ਹੀ ਬੱਚਾ ਵੱਡਾ ਹੁੰਦਾ ਜਾਂਦਾ ਮਾਪਿਆਂ ਦੀ ਟੋਕਾ ਟਾਕੀ ਵੀ ਵਧਦੀ ਜਾਂਦੀ ਹੈ ਤੇ ਬੱਚੇ ਦੀ ਜ਼ਿੱਦ ਵੀ ਵਧਦੀ ਜਾਂਦੀ ਹੈ । ਥੋੜ੍ਹਾ ਸਮਝ ਵਾਲਾ ਹੋ ਕੇ ਬੱਚਾ ਬਹੁਤ ਜ਼ਿਆਦਾ ਜ਼ਿੱਦੀ ਹੋ ਜਾਂਦਾ ਹੈ । ਉਹ ਹਰ ਛੋਟੀ ਛੋਟੀ ਗੱਲ ਤੇ ਜ਼ਿੱਦ ਕਰਦਾ ਹੈ , ਥੱਲੇ ਲਿਟਣ ਲੱਗਦਾ ਹੈ , ਰੋਣ ਲੱਗਦਾ ਹੈ ਤੇ ਮਾਪਿਆਂ ਦੁਆਰਾ ਉਸ ਨੂੰ ਝਿੜਕਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ । ਇਸ ਸਮੇਂ ਤਾਂ ਮਾਪੇ ਇਹ ਚਾਹੁੰਦੇ ਹਨ ਕਿ ਜੋ ਅਸੀਂ ਚਾਹੁੰਦੇ ਹਾਂ ਬੱਚਾ ਸਿਰਫ ਉਹ ਹੀ ਕਰੇ ਤੇ ਉਵੇਂ ਹੀ ਕਰੇ ਤੇ ਬੱਚਾ ਚਾਹੁੰਦਾ ਹੈ ਕਿ ਜੋ ਮੈਂ ਚਾਹੁੰਦਾ ਹਾਂ ਸਭ ਕੁਝ ਉਵੇਂ ਹੀ ਹੋਵੇ ।ਜੇ ਬੱਚਾ ਆਪਣੀ ਮਰਜ਼ੀ ਨਾਲ ਕੁਝ ਕਰਨਾ ਸ਼ੁਰੂ ਵੀ ਕਰਦਾ ਹੈ ਤਾਂ ਅਕਸਰ ਹੀ ਮਾਪਿਆਂ ਦੁਆਰਾ ਉਸ ਨੂੰ ਟੋਕ ਦਿੱਤਾ ਜਾਂਦਾ ਹੈ । ਉਦਾਹਰਨ ਦੇ ਤੌਰ ਤੇ ਜੇਕਰ ਬੱਚਾ ਗਲਾਸ ਵਿੱਚ ਪਾਣੀ ਪਾ ਕੇ ਵੀ ਤੁਰਿਆ ਆਉਂਦਾ ਹੈ ਤਾਂ ਮਾਂ ਕਹਿ ਦਿੰਦੀ ਹੈ ਕਿ ਦੇਖੀਂ ਡੋਲ ਨਾਂ ਦੇਵੀਂ । ਤੁਹਾਨੂੰ ਲੱਗੇਗਾ ਕਿ ਇਹ ਕਹਿ ਦੇਣਾ ਤਾਂ ਕਿੱਡੀ ਕੁ ਵੱਡੀ ਗੱਲ ਹੈ ਪਰ ਜੇ ਧਿਆਨ ਨਾਲ ਸੋਚਿਆ ਜਾਵੇ ਤਾਂ ਬੱਚੇ ਦੇ ਮਨ ਵਿੱਚ ਇੱਕ ਡਰ ਪੈਦਾ ਹੋ ਗਿਆ ਕਿ ਉਸ ਤੋਂ ਡੁੱਲ੍ਹ ਨਾ ਜਾਵੇ । ਜੇਕਰ ਉਹ ਗਲਾਸ ਲੈ ਕੇ ਤੁਹਾਡੇ ਤੱਕ ਪਹੁੰਚਣ ਦੇ ਵਿੱਚ ਸਮਰੱਥ ਸੀ ਤਾਂ ਤੁਹਾਡੀ ਇਹ ਗੱਲ ਕਹਿਣ ਤੋਂ ਬਾਅਦ ਉਸ ਦੀ ਸਮਰੱਥਾ ਕਾਫੀ ਹੱਦ ਤੱਕ ਘੱਟ ਜਾਂਦੀ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਉਸ ਤੋਂ ਪਾਣੀ ਡੁੱਲ੍ਹ ਹੀ ਜਾਵੇ ਤਾਂ ਹੋਰ ਵੀ ਵੱਡਾ ਫਸਾਦ ਖੜ੍ਹਾ ਹੋ ਜਾਵੇਗਾ ਹੋ ਸਕਦਾ ਹੈ ਬੱਚੇ ਨੂੰ ਮਾਂ ਦੁਆਰਾ ਝਿੜਕਿਆ ਵੀ ਜਾਵੇ । ਇਸ ਤੋਂ ਬਾਅਦ ਉਹ ਜਦੋਂ ਵੀ ਗਲਾਸ ਵਿੱਚ ਪਾਣੀ ਪਾ ਕੇ ਚੁੱਕੇਗਾ ਤਾਂ ਉਸ ਦੇ ਮਨ ਵਿੱਚ ਇਹ ਗੱਲ ਹਮੇਸ਼ਾ ਲਈ ਘਰ ਕਰ ਜਾਵੇਗੀ ਕਿ ਕਿਤੇ ਡੁੱਲ੍ਹ ਨਾ ਜਾਵੇ । ਇਸ ਲਈ ਸੁਤੇ ਸਭਾ ਕੀਤੀ ਛੋਟੀ ਜਿਹੀ ਟੋਕਾ ਟਾਕੀ ਬੱਚੇ ਦੀ ਸਮਰੱਥਾ ਨੂੰ ਕਿੱਥੋਂ ਤੱਕ ਘਟਾ ਦੇਵੇਗੀ ਇਹ ਅਸੀਂ ਕਦੇ ਨਹੀਂ ਸੋਚਦੇ । ਇਹ ਗੱਲਾਂ ਮੈਂ ਆਪਣੇ ਨਿੱਜੀ ਤਜਰਬੇ ਵਿੱਚੋਂ ਹੀ ਕਹਿ ਰਹੀ ਹਾਂ । ਸਾਡੇ ਘਰ ਦਾ ਮਾਹੌਲ ਮਾਸੀ ਦੇ ਘਰ ਨਾਲੋਂ ਵੱਖਰਾ ਸੀ ਮੇਰੇ ਮੰਮੀ ਪਾਪਾ ਨੇ ਸਾਨੂੰ ਨਿੱਕੀ ਨਿੱਕੀ ਗੱਲ ਤੇ ਕਦੇ ਨਹੀਂ ਝਿੜਕਿਆ ਛੋਟੇ ਹੁੰਦੇ ਜੋ ਕਰਦੇ ਸੀ ਕਰਨ ਦਿੰਦੇ ਸੀ । ਪਰ ਇਸ ਦੇ ਉਲਟ ਮਾਸੀ ਦੇ ਘਰ ਵਿੱਚ ਉਨ੍ਹਾਂ ਦੇ ਬੱਚਿਆਂ ਦੀ ਟੋਕਾ ਟਾਕੀ ਬਹੁਤ ਜ਼ਿਆਦਾ ਸੀ । ਛੁੱਟੀਆਂ ਵਿੱਚ ਮਾਸੀ ਜੀ ਦਾ ਬੇਟਾ ਬੇਟੀ ਸਾਡੇ ਕੋਲ ਰਹਿਣ ਲਈ ਆਏ ਅਤੇ ਉਨ੍ਹਾਂ ਦਾ ਬੇਟਾ ਕ੍ਰਿਕਟ ਖੇਡਣ ਲੱਗਿਆ ਤਾਂ ਗੇਂਦ ਜਾ ਕੇ ਕੱਚ ਦੇ ਗਲਾਸਾਂ ਤੇ ਵੱਜੀ ਤੇ ਦੋ ਗਲਾਸ ਭੰਨ ਦਿੱਤੇ ਮੇਰੇ ਮਾਤਾ ਜੀ ਨੇ ਕਿਹਾ ਕਿ ਕੋਈ ਗੱਲ ਨਹੀਂ ਗਲਾਸ ਫੁੱਟ ਗਏ ਪਰ ਅੱਗੇ ਤੋਂ ਧਿਆਨ ਨਾਲ ਖੇਡਿਆ ਕਰੋ ਕਿਸੇ ਦੇ ਗੇਂਦ ਵੱਜ ਵੀ ਸਕਦੀ ਹੈ ਤਾਂ ਉਸ ਡਰੇ ਹੋਏ ਬੱਚੇ ਨੇ ਸਹਿਜ ਮਹਿਸੂਸ ਕੀਤਾ ਕਿਉਂਕਿ ਉਸ ਦੇ ਮਨ ਵਿੱਚ ਡਰ ਸੀ ਕਿ ਸ਼ਾਇਦ ਮਾਸੀ ਝਿੜਕਾਂ ਦੇਵੇਗੀ ਫਿਰ ਦੁਬਾਰਾ ਉਸੇ ਤਰ੍ਹਾਂ ਖੇਡਦਾ ਰਿਹਾ ਤੇ ਦੋ ਦਿਨਾਂ ਬਾਅਦ ਫਿਰ ਗੇਂਦ ਜਾ ਕੇ ਟੂਟੀ ਤੇ ਵੱਜੀ ਤੇ ਟੂਟੀ ਤੋੜ ਦਿੱਤੀ । ਵਿਹੜੇ ਵਿੱਚ ਪਾਣੀ ਪਾਣੀ ਹੋ ਗਿਆ ਉੱਪਰੋਂ ਟੈਂਕੀ ਦਾ ਬਾਲ ਕਿਸੇ ਨੂੰ ਬੁਲਾ ਕੇ ਬੰਦ ਕਰਵਾਇਆ । ਉਹ ਫਿਰ ਡਰ ਗਿਆ ਪਰ ਮੇਰੇ ਮਾਤਾ ਜੀ ਨੇ ਕਿਹਾ ਕਿ ਬੇਟਾ ਤੈਨੂੰ ਪਹਿਲਾਂ ਵੀ ਸਮਝਾਇਆ ਸੀ ਤੂੰ ਫੇਰ ਧਿਆਨ ਨਹੀਂ ਰੱਖਿਆ ਦੇਖ ਆਪਣੇ ਵਿਹੜੇ ਵਿੱਚ ਕਿੰਨਾ ਪਾਣੀ ਹੋ ਗਿਆ ਗੇਂਦ ਵੱਜ ਕੇ ਕੋਈ ਵੱਡਾ ਨੁਕਸਾਨ ਵੀ ਹੋ ਸਕਦੈ ਇਸ ਲਈ ਖੁੱਲ੍ਹੇ ਥਾਂ ਵਿੱਚ ਹੀ ਖੇਡਿਆ ਕਰੋ ਪਰ ਉਹ ਦੋ ਗਲਤੀਆਂ ਕਰਕੇ ਬਿਲਕੁਲ ਸਮਝ ਗਿਆ । ਉਸ ਤੋਂ ਬਾਅਦ ਉੱਥੇ ਕਦੇ ਨਹੀਂ ਖੇਡਿਆ । ਅਸੀਂ ਜਦੋਂ ਵੀ ਇਕੱਠੇ ਰੋਟੀ ਖਾਣ ਬੈਠਦੇ ਤਾਂ ਉਹ ਦੋਨੋਂ ਭੈਣ ਭਰਾ ਹੀ ਜੇਕਰ ਪਾਣੀ ਭਰ ਕੇ ਗਲਾਸ ਚੁੱਕ ਕੇ ਲਿਆਉਂਦੇ ਤਾਂ ਅਕਸਰ ਹੀ ਡੋਲ੍ਹ ਦਿੰਦੇ । ਅਸੀਂ ਵੀ ਉਨ੍ਹਾਂ ਤੇ ਹੱਸਦੇ ਕਿ ਕਿ ਪਾਣੀ ਦਾ ਭਰਿਆ ਗਲਾਸ ਵੀ ਚੁੱਕਿਆ ਨਹੀਂ ਜਾਂਦਾ ਸਹੀ ਢੰਗ ਨਾਲ ਤੇ ਜਾਣ ਬੁੱਝ ਕੇ ਹਰ ਰੋਜ਼ ਪਾਣੀ ਉਨ੍ਹਾਂ ਤੋਂ ਮੰਗਵਾਉਂਦੇ ਤੇ ਉਹ ਹਰ ਰੋਜ਼ ਡੋਲ ਲੈਂਦੇ ।ਇੱਕ ਦਿਨ ਉਸ ਦੀ ਭੈਣ ਕੱਚ ਦੇ ਗਲਾਸ ਅਤੇ ਜੱਗ ਟਰੇਅ ਵਿੱਚ ਲੈ ਕੇ ਜਦੋਂ ਹੀ ਤੁਰੀ ਤਾਂ ਸਭ ਕੁਝ ਉਲਟਾ ਥੱਲੇ ਮਾਰਿਆ । ਉਹ ਵਿਹੜੇ ਵਿੱਚ ਬੈਠੀ ਰੋਣ ਲੱਗ ਗਈ ਉਸ ਦੇ ਭਰਾ ਨੇ ਉਸ ਨੂੰ ਚੁੱਪ ਕਰਾਉਂਦੇ ਹੋਏ ਕਿਹਾ ਕਿ ਰੋ ਨਾ ਮਾਸੀ ਨੂੰ ਦੱਸਦੇ ਕਿ ਗਲਾਸ ਤਾਂ ਫੁੱਟ ਗਏ ।ਮਾਸੀ ਆਪਣੇ ਮੰਮੀ ਵਰਗੀ ਨਹੀਂ ਕੁਝ ਨਹੀਂ ਕਹਿੰਦੀ ਮਾਸੀ । ਮੇਰੇ ਤੋਂ ਤਾਂ ਕਿੰਨੀਆਂ ਚੀਜ਼ਾਂ ਟੁੱਟ ਗਈਆਂ । ਮੈਂ ਉਸ ਦੀ ਗੱਲ ਸੁਣ ਰਹੀ ਸੀ ਤੇ ਮੈਨੂੰ ਬੜਾ ਹਾਸਾ ਆਇਆ ਮੈਂ ਅੰਦਰ ਜਾ ਕੇ ਮੇਰੇ ਮੰਮੀ ਨੂੰ ਗੱਲ ਦੱਸੀ ਉਨ੍ਹਾਂ ਨੇ ਬਾਹਰ ਆ ਕੇ ਉਸ ਨੂੰ ਚੁੱਪ ਕਰਾਇਆ ਤੇ ਕਿਹਾ ਕਿ ਫਿਰ ਕੀ ਹੋ ਗਿਆ ਜੇ ਟੁੱਟ ਗਏ ਤਾਂ ਨਵੇਂ ਲੈ ਆਵਾਂਗੇ । ਫਿਰ ਉਨ੍ਹਾਂ ਬੱਚਿਆਂ ਨੂੰ ਮੰਮੀ ਨੇ ਸਮਝਾਇਆ ਕਿ ਅੱਗੇ ਤੋਂ ਤੁਸੀਂ ਕੋਈ ਵੀ ਕੰਮ ਕਰਦੇ ਹੋ ਤਾਂ ਡਰ ਕੇ ਨਹੀਂ ਕਰਨਾ । ਫਟਾਫਟ ਬਿਨਾਂ ਡਰ ਦੇ ਕਰਿਆ ਕਰੋ । ਉਸ ਸਮੇਂ ਮੈਨੂੰ ਵੀ ਇਹ ਲੱਗਦਾ ਸੀ ਕਿ ਇਨ੍ਹਾਂ ਤੋਂ ਇਨੇ ਨੁਕਸਾਨ ਕਿਉਂ ਹੁੰਦੇ। ਨੇ, ਮੇਰੇ ਤੇ ਮੇਰੇ ਵੀਰੇ ਦੇ ਹੱਥ ਵਿੱਚੋਂ ਤਾਂ ਕਦੇ ਚੀਜ਼ਾਂ ਨਹੀਂ ਛੁੱਟਦੀਆਂ ਪਰ ਉਹ ਗੱਲਾਂ ਬਾਅਦ ਵਿੱਚ ਸਮਝ ਆਈਆਂ ।

ਇਸ ਤਰ੍ਹਾਂ ਹੀ ਬੱਚਾ ਜ਼ਿੱਦ ਕਰਦਾ ਹੈ ਤਾਂ ਅਕਸਰ ਹੀ ਅਸੀਂ ਸਾਰਾ ਦੋਸ਼ ਬੱਚੇ ਨੂੰ ਦੇ ਦਿੰਦੇ ਹਾਂ ਕਿ ਬੜਾ ਜ਼ਿੱਦੀ ਹੈ ਇਹ ਤਾਂ ।ਪਰ ਕਦੇ ਨਹੀਂ ਸੋਚਦੇ ਕਿ ਉਸ ਦੇ ਜਿੱਦੀ ਬਣਨ ਦੇ ਪਿੱਛੇ ਕਾਰਨ ਕੀ ਰਿਹਾ ।ਉਸ ਦੇ ਜਿੱਦੀ ਬਣਨ ਦੇ ਪਿੱਛੇ ਮਾਪਿਆਂ ਵੱਲੋਂ ਸੁਤੇ ਸੁਭਾ ਹੀ ਕੀਤੀ ਗਈ ਉਸ ਦੀ ਟੋਕਾ ਟਾਕੀ ਹੀ ਹੁੰਦੀ ਹੈ । ਛੋਟੇ ਬੱਚਿਆਂ ਨੂੰ ਜਿੰਨਾ ਅਸੀਂ ਪਿਆਰ ਨਾਲ ਸਮਝਾਉਂਦੇ ਰਹਾਂਗੇ ਉਹ ਸਮਝਦਾਰ ਹੁੰਦੇ ਜਾਣਗੇ ਤੇ ਕਦੇ ਵੀ ਜ਼ਿੱਦੀ ਨਹੀਂ ਹੋਣਗੇ । ਛੋਟੇ ਹੁੰਦੇ ਉਹ ਅਕਸਰ ਚੀਜ਼ਾਂ ਖਿਲਾਰਨਗੇ ਵੀ ,ਡੋਲਣਗੇ ਵੀ ਪਰ ਜਿਵੇਂ ਜਿਵੇਂ ਵੱਡੇ ਹੁੰਦੇ ਜਾਣਗੇ ਉਨ੍ਹਾਂ ਨੂੰ ਨਾਲ ਨਾਲ ਸਮਝਾਉਣ ਦੀ ਲੋੜ ਹੁੰਦੀ ਹੈ । ਨਾ ਕਿ ਝਿੜਕਣ ਦੀ , ਜੇਕਰ ਬੱਚਿਆਂ ਨੂੰ ਪਿਆਰ ਨਾਲ ਸਮਝਾਇਆ ਜਾਵੇ ਤਾਂ ਉਹ ਜ਼ਿੱਦੀ ਕਦੇ ਨਹੀਂ ਹੋਣਗੇ ਪਰ ਸਮਝਾਉਣ ਦੀ ਵੀ ਇੱਕ ਉਮਰ ਹੁੰਦੀ ਹੈ । ਬਹੁਤੇ ਛੋਟੇ ਬੱਚਿਆਂ ਨੂੰ ਆਪਣੀ ਮਨਮਰਜ਼ੀ ਕਰਨ ਦਿਓ ਉਨ੍ਹਾਂ ਨੂੰ ਟੋਕਾ ਟਾਕੀ ਨਾ ਕਰੋ ,ਘਰ ਵਿੱਚ ਉਹ ਚੀਜ਼ਾਂ ਉਨ੍ਹਾਂ ਦੀ ਪਹੁੰਚ ਤੋਂ ਦੂਰ ਰੱਖੋ ਜਿਨ੍ਹਾਂ ਤੋਂ ਉਨ੍ਹਾਂ ਨੂੰ ਖਤਰਾ ਹੈ ।ਬਿਨਾਂ ਗੱਲ ਦੀ ਟੋਕਾ ਟਾਕੀ ਹੀ ਅੱਗੇ ਜਾ ਕੇ ਬੱਚਿਆਂ ਦੀ ਜ਼ਿੱਦ ਦਾ ਕਾਰਨ ਬਣ ਜਾਂਦੀ ਹੈ ।ਬੱਚਿਆਂ ਦੇ ਸੁਭਾਅ ਤੇ ਨਿਰਭਰ ਕਰਦਾ ਹੈ ।ਕਈ ਬੱਚੇ ਜਿੱਦੀ ਹੋ ਜਾਂਦੇ ਹਨ ਅਤੇ ਕਈ ਡਰੂ ਪ੍ਰਵਿਰਤੀ ਦੇ ਹੋ ਜਾਂਦੇ ਹਨ । ਉਹ ਬਹੁਤ ਚੁੱਪ ਚਾਪ ਰਹਿਣ ਵਾਲੇ ਸ਼ਰਮੀਲੇ ਜਿਹੇ ਬਣ ਜਾਂਦੇ ਹਨ । ਕੁਝ ਵੀ ਬੋਲਣ ਅਤੇ ਕਰਨ ਤੋਂ ਹਮੇਸ਼ਾ ਡਰਦੇ ਰਹਿੰਦੇ ਹਨ ।ਅਸੀਂ ਭੋਲੇ ਭਾਲੇ ਛੋਟੇ ਛੋਟੇ ਬੱਚੇ ,ਜੋ ਹਰ ਗੱਲ ਤੋਂ ਅਣਜਾਨ ਨੇ ਉਨ੍ਹਾਂ ਵਿੱਚ ਇੱਕ ਤਰ੍ਹਾਂ ਦਾ ਸਹਿਮ ਪੈਦਾ ਕਰ ਦਿੰਦੇ ਹਾਂ । ਉਸ ਡਰੋਂ ਕਈ ਵਾਰ ਉਹ ਸਹਿਮੇ ਸਹਿਮੇ ਰਹਿੰਦੇ ਹਨ ਅਤੇ ਜੇ ਉਹ ਵਿਰੋਧੀ ਪ੍ਰਵਿਰਤੀ ਦੇ ਹੋਣ । ਤਾਂ ਉਹ ਜਿੱਦੀ ਹੋ ਜਾਂਦੇ ਹਨ ਜਦੋਂ ਬੱਚਾ ਪਾਣੀ ਵਿੱਚ ਹੱਥ ਮਾਰਨਾ ਪਸੰਦ ਕਰਦਾ ਹੈ ਤਾਂ ਉਸਨੂੰ ਮਾਰਨ ਦਿਓ ਬੱਚਾ ਮਿੱਟੀ ਵਿੱਚ ਖੇਡਣਾ ਚਾਹੁੰਦਾ ਹੈ ਤਾਂ ਉਸ ਨੂੰ ਖੇਡਣ ਦਿਓ ।ਬੱਚਾ ਥੱਲੇ ਰੁੜ੍ਹਨਾ ਚਾਹੁੰਦਾ ਹੈ ਤਾਂ ਰੁੜਨ ਦਿਓ । ਧਿਆਨ ਰੱਖਣਾ ਸਾਡਾ ਫਰਜ਼ ਹੈ ਪਰ ਇਹ ਨਹੀਂ ਕਿ ਅਸੀਂ ਗੰਦਾ ਹੋਣ ਦੇ ਡਰੋਂ ਉਸਨੂੰ ਥੱਲੇ ਹੀ ਨਾ ਉੱਤਰਨ ਦੇਈਏ। ਜਦੋਂ ਬੱਚਾ ਥੋੜ੍ਹਾ ਵੱਡਾ ਹੋ ਜਾਂਦਾ ਹੈ ਤਾਂ ਉਹ ਦੱਸਣ ਲੱਗ ਜਾਂਦਾ ਹੈ ਕਿ ਆਹ ਕਰਨਾ ਹੈ ,ਉਹ ਕਰਨਾ ਹੈ ,ਇੱਥੇ ਜਾਣਾ ਹੈ , ਤਾਂ ਪਹਿਲਾਂ ਸਾਨੂੰ ਉਸ ਦੀਆਂ ਗੱਲਾਂ ਮੰਨਣੀਆਂ ਚਾਹੀਦੀਆਂ ਹਨ । ਉਸ ਦੀ ਹਰੇਕ ਗੱਲ ਦਾ ਜਵਾਬ ਨਹੀਂ ਵਿੱਚ ਨਹੀਂ ਹੋਣਾ ਚਾਹੀਦਾ । ਸਾਡਾ ਬੱਚਾ ਸਾਡੇ ਤੋਂ ਹੀ ਸਿੱਖ ਰਿਹਾ ਹੈ । ਫਿਰ ਉਹ ਸਾਡੀਆਂ ਗੱਲਾਂ ਮੰਨਣੀਆਂ ਵੀ ਸਿੱਖ ਜਾਵੇਗਾ। ਉਹ ਵੀ ਸਾਨੂੰ ਨਹੀਂ ਵਿੱਚ ਉੱਤਰ ਨਹੀਂ ਦੇਵੇਗਾ । ਜਿਵੇਂ ਅਸੀਂ ਕਹਾਂਗੇ ਬੱਚਾ ਵੀ ਉਵੇਂ ਹੀ ਕਰੇਗਾ । ਜੋ ਇਸ ਤਰ੍ਹਾਂ ਦੇ ਮਾਹੌਲ ਵਿੱਚ ਪਲੇਗਾ ਉਹ ਬੱਚਾ ਕਦੇ ਵੀ ਜ਼ਿੱਦ ਨਹੀਂ ਕਰੇਗਾ । ਉਹ ਮਾਪਿਆਂ ਦਾ ਕਹਿਣਾ ਮੰਨਣਾ ਸਿੱਖ ਜਾਵੇਗਾ । ਜਦੋਂ ਉਸ ਨੇ ਆਪਣੀਆਂ ਗੱਲਾਂ ਤੇ ਨਾਂਹ ਨੁੱਕਰ ਸੁਣੀ ਹੀ ਨਹੀਂ ਤਾਂ ਉਹ ਕਰਨੀ ਵੀ ਨਹੀਂ ਸਿੱਖੇਗਾ । ਜਿਵੇਂ ਜਿਵੇਂ ਵੱਡਾ ਹੁੰਦਾ ਜਾਵੇਗਾ ਤਿਵੇਂ ਤਿਵੇਂ ਨਾਲ ਨਾਲ ਉਸ ਨੂੰ ਸਮਝਾਉਂਦੇ ਰਹਿਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ । ਇੱਥੇ ਇੱਕ ਗੱਲ ਸਮਝਣ ਦੀ ਹੋਰ ਲੋੜ ਹੈ ਕਿ ਬੱਚੇ ਦੀ ਕੀਤੀ ਜ਼ਿੱਦ ਪੁਗਾਉਣ ਅਤੇ ਬੱਚੇ ਦੀ ਕਹੀ ਗੱਲ ਮੰਨਣ ਵਿੱਚ ਫਰਕ ਹੁੰਦਾ ਹੈ । ਜੇਕਰ ਬੱਚੇ ਦੀ ਕਹੀ ਗੱਲ ਮੰਨ ਲਈ ਜਾਵੇ ਤਾਂ ਵਧੀਆ ਗੱਲ ਹੈ ਪਰ ਉਹ ਗੱਲ ਸਾਨੂੰ ਜ਼ਿਆਦਾ ਵਧੀਆ ਵੀ ਨਾ ਲੱਗੇ ਤਾਂ ਗੱਲ ਮੰਨਣ ਦੇ ਨਾਲ ਨਾਲ ਉਸ ਨੂੰ ਅੱਗੇ ਲਈ ਸਮਝਾਇਆ ਜਾਣਾ ਵੀ ਜ਼ਰੂਰੀ ਹੈ , ਜੇਕਰ ਬੱਚਾ ਜ਼ਿੱਦੀ ਹੋ ਚੁੱਕਿਆ ਹੈ ਤੇ ਅਸੀਂ ਉਸ ਦੀ ਜਿੱਦ ਮੰਨ ਰਹੇ ਹਾਂ ਤਾਂ ਇਹ ਬਿਲਕੁਲ ਗਲਤ ਹੈ ਕਿਉਂਕਿ ਇਸ ਨਾਲ ਬੱਚਾ ਹੋਰ ਜ਼ਿਆਦਾ ਜਿੱਦੀ ਹੁੰਦਾ ਜਾਵੇਗਾ । ਉਸ ਨੂੰ ਲੱਗਣ ਲੱਗੇਗਾ ਕਿ ਜੇ ਜ਼ਿੱਦ ਕਰਾਂਗਾ ਤਾਂ ਜੋ ਕਹਿ ਰਿਹਾ ਹਾਂ ਹੋ ਜਾਵੇਗਾ । ਜਦੋਂ ਬੱਚੇ ਥੋੜ੍ਹੇ ਹੋਰ ਵੱਡੇ ਹੋ ਜਾਂਦੇ ਹਨ ਤਾਂ ਉਹ ਮਾਪਿਆਂ ਦੁਆਰਾ ਕੀਤੀ ਟੋਕਾ ਟਾਕੀ ਤੇ ਗੁੱਸਾ ਵੀ ਹੋਣਾ ਸ਼ੁਰੂ ਹੋ ਜਾਂਦੇ ਹਨ । ਅਜਿਹੇ ਬੱਚੇ ਅਕਸਰ ਹੀ ਖਿੱਝੂ ਪ੍ਰਵਿਰਤੀ ਦੇ ਬਣ ਜਾਂਦੇ ਹਨ । ਉਨ੍ਹਾਂ ਦੀ ਮਾਪਿਆਂ ਨਾਲ ਦੂਰੀ ਵਧਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਹੈ ਮਾਪਿਆਂ ਦੀ ਉਸ ਨਾਲ ਦੋਸਤੀ ਗੂੜ੍ਹੀ ਹੋਣੀ ਜ਼ਰੂਰੀ ਹੁੰਦੀ ਹੈ ।

ਅਕਸਰ ਹੀ ਅਸੀਂ ਦੇਖਦੇ ਹਾਂ ਮਾਪਿਆਂ ਨੂੰ ਬੱਚਿਆਂ ਦੀ ਟੋਕਾ ਟਾਕੀ ਕਰਦੇ ਪਰ ਕਿ ਇਸ ਟੋਕਾ ਟਾਕੀ ਨਾਲ ਬੱਚਿਆਂ ਵਿੱਚ ਕੁਝ ਸੁਧਾਰ ਹੁੰਦਾ ਹੈ। ਜੇ ਇਸ ਟੋਕਾ ਟਾਕੀ ਨੂੰ ਪਿਆਰ ਨਾਲ ਸਮਝਾਉਣ ਦਾ ਰੂਪ ਦੇ ਦਿੱਤਾ ਜਾਵੇ ਤਾਂ ਬੱਚਿਆਂ ਵਿੱਚ ਸੁਧਾਰ ਹੋਣਾ ਲਾਜ਼ਮੀ ਹੈ ।ਜਦੋਂ ਵੀ ਬੱਚਾ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਟੋਕਣ ਦੀ ਥਾਂ ਉਸ ਨੂੰ ਉਤਸ਼ਾਹਿਤ ਕਰਨਾ ਲਾਜ਼ਮੀ ਹੁੰਦਾ ਹੈ ਅਕਸਰ ਘਰਾਂ ਵਿੱਚ ਕਈ ਵਾਰ ਅਸੀਂ ਅਜਿਹਾ ਵੀ ਦੇਖਦੇ ਹਾਂ ਕਿ ਬੱਚਾ ਇੱਕ ਦੋ ਜੀਆਂ ਦਾ ਕਹਿਣਾ ਮੰਨਦਾ ਹੈ ਤੇ ਇੱਕ ਦੋ ਦਾ ਨਹੀਂ ਮੰਨਦਾ । ਬੱਚਾ ਤਾਂ ਇੱਕ ਹੀ ਹੈ ਪਰ ਉਸ ਦਾ ਵਰਤਾਰਾ ਵੱਖ ਵੱਖ ਜੀਆਂ ਨਾਲ ਵੱਖਰਾ ਵੱਖਰਾ ਕਿਉਂ ਹੈ ? ਇਹ ਅਸੀਂ ਕਦੇ ਨਹੀਂ ਸੋਚਦੇ ਜਿਸਦਾ ਕਹਿਣਾ ਬੱਚਾ ਮੰਨ ਰਿਹਾ ਹੈ ਉਸ ਦੇ ਦੋ ਕਾਰਨ ਹਨ ਜਾਂ ਤਾਂ ਬੱਚਾ ਉਸ ਤੋਂ ਡਰਦਾ ਹੈ ਜਾਂ ਬੱਚੇ ਦਾ ਉਸ ਨਾਲ ਰਿਸ਼ਤਾ ਡੂੰਘਾ ਹੈ । ਉਹ ਬੱਚੇ ਦੀ ਹਰ ਭਾਵਨਾ ਸਮਝਣ ਦੇ ਵਿੱਚ ਸਮਰੱਥ ਹੈ ਜੇਕਰ ਇਨ੍ਹਾਂ ਵਿੱਚੋਂ ਬੱਚੇ ਦੇ ਕਹਿਣਾ ਮੰਨਣ ਦਾ ਕਾਰਨ ਪਹਿਲਾ ਹੈ ਜਾਣੀ ਕਿ ਬੱਚਾ ਡਰਦਾ ਹੋਇਆ ਕਹਿਣਾ ਮੰਨਦਾ ਹੈ ਤਾਂ ਉਹ ਬਹੁਤੀ ਵੱਡੀ ਉਮਰ ਤੱਕ ਨਹੀਂ ਮੰਨੇਗਾ । ਜੇਕਰ ਕਾਰਨ ਦੂਜਾ ਹੈ ਤਾਂ ਇਹ ਰਿਸ਼ਤਾ ਬੱਚੇ ਦੀ ਉਮਰ ਵਧਣ ਦੇ ਨਾਲ ਨਾਲ ਹੋਰ ਗੂੜ੍ਹਾ ਹੁੰਦਾ ਜਾਵੇਗਾ । ਉਸੇ ਘਰ ਵਿੱਚ ਬੱਚਾ ਜਿੰਨ੍ਹਾਂ ਜੀਆਂ ਦਾ ਕਹਿਣਾ ਨਹੀਂ ਮੰਨ ਰਿਹਾ ਉਨ੍ਹਾਂ ਨੂੰ ਖ਼ੁਦ ਸੋਚਣਾ ਬਣਦਾ ਹੈ ਕਿ ਉਸ ਦੇ ਪਿੱਛੇ ਕਾਰਨ ਕੀ ਹਨ । ਕਿ ਸਾਡਾ ਕਹਿਣਾ ਕਿਉਂ ਨਹੀਂ ਮੰਨ ਰਿਹਾ । ਇਸ ਵਿੱਚ ਅਸੀਂ ਬੱਚੇ ਦੀ ਗਲਤੀ ਨਹੀਂ ਕਹਿ ਸਕਦੇ , ਕਹਿਣਾ ਮਨਵਾਉਣ ਵਾਲੇ ਦੀ ਸਮਰੱਥਾ ਹੀ ਕਿਸੇ ਪੱਖੋਂ ਘੱਟ ਹੈ । ਖਾਸਕਰ ਜਿਹੜੇ ਮਾਂ ਬਾਪ ਦਾ ਬੱਚਿਆਂ ਨਾਲ ਦੋਸਤਾਂ ਵਰਗਾ ਰਿਸ਼ਤਾ ਬਣ ਜਾਂਦਾ ਹੈ ਉਹ ਉਮਰ ਵਧਣ ਦੇ ਨਾਲ ਨਾਲ ਹੋਰ ਗੂੜ੍ਹਾ ਹੁੰਦਾ ਜਾਂਦਾ ਹੈ । ਅਤੇ ਉਨ੍ਹਾਂ ਦੇ ਬੱਚੇ ਬਾਲਗ ਅਵਸਥਾ ਵਿੱਚ ਹੋ ਕੇ ਵੀ ਆਪਣੇ ਮਾਂ ਬਾਪ ਤੋਂ ਕੁਝ ਨਹੀਂ ਛਪਾਉਂਦੇ। ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੇ ਮਾਤਾ ਪਿਤਾ ਉਨ੍ਹਾਂ ਨੂੰ ਸਮਝਣ ਦੀ ਸਮਰੱਥਾ ਰੱਖਦੇ ਹਨ ਤੇ ਉਹ ਹਮੇਸ਼ਾ ਹੀ ਕੁਰਾਹੇ ਪੈਣ ਤੋਂ ਬਚੇ ਰਹਿੰਦੇ ਹਨ । ਉਹ ਆਪਣੀਆਂ ਗਲਤੀਆਂ ਵੀ ਆਪਣੇ ਮਾਪਿਆਂ ਤੋਂ ਨਹੀਂ ਛੁਪਾਉਂਦੇ ਕਿਉਂਕਿ ਉਨ੍ਹਾਂ ਨੂੰ ਮਾਪਿਆਂ ਤੋਂ ਕਿਸੇ ਕਿਸਮ ਦਾ ਡਰ ਨਹੀਂ ਹੈ , ਸਗੋਂ ਭਰੋਸਾ ਹੈ ਕਿ ਉਸ ਦੇ ਮਾਤਾ ਪਿਤਾ ਉਸ ਦੀਆਂ ਗਲਤੀਆਂ ਨੂੰ ਸੁਧਾਰਨ ਵਿੱਚ ਉਸ ਦਾ ਸਾਥ ਦੇਣਗੇ । ਮਾਤਾ ਪਿਤਾ ਵੱਲੋਂ ਅਜਿਹਾ ਨਹੀਂ ਹੁੰਦਾ ਤਾਂ ਅਕਸਰ ਹੀ ਬੱਚੇ ਆਪਣੀਆਂ ਰਾਹਾਂ ਤੋਂ ਭਟਕ ਜਾਂਦੇ ਹਨ । ਮਾਂ ਬਾਪ ਦੇ ਡਰ ਤੋਂ ਸਭ ਗੱਲਾਂ ਉਨ੍ਹਾਂ ਤੋਂ ਛੁਪਾਉਣੀਆਂ ਸ਼ੁਰੂ ਕਰ ਦਿੰਦੇ ਹਨ ਅਤੇ ਜੋ ਵੀ ਪੁੱਠੇ ਸਿੱਧੇ ਰਸਤੇ ਮਿਲਦੇ ਹਨ ਅਪਣਾ ਲੈਂਦੇ ਹਨ । ਇਹ ਗੱਲਾਂ ਵੀ ਅਸੀਂ ਆਮ ਦੇਖਦੇ ਹਾਂ ਕਿ ਬੱਚਿਆਂ ਦੇ ਨਾਲ ਘਰਾਂ ਵਿੱਚ ਅਕਸਰ ਉਹਨਾਂ ਦੇ ਦੋਸਤਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ ਕਈ ਮਾਪੇ ਉਨ੍ਹਾਂ ਦੇ ਦੋਸਤਾਂ ਦੇ ਕੋਲ ਹੋਣ ਦੇ ਸਮੇਂ ਵੀ ਆਪਣੇ ਬੱਚਿਆਂ ਨੂੰ ਝਿੜਕਣਾ ਸ਼ੁਰੂ ਕਰ ਦਿੰਦੇ ਹਨ ਜੋ ਬਿਲਕੁਲ ਗਲਤ ਹੈ ।ਕਿਉਂਕਿ ਇਸ ਨਾਲ ਬੱਚੇ ਸ਼ਰਮਿੰਦਗੀ ਮਹਿਸੂਸ ਕਰਦੇ ਹਨ ।ਇਸ ਲਈ ਬੱਚਿਆਂ ਨੂੰ ਕਦੇ ਵੀ ਉਨ੍ਹਾਂ ਦੇ ਦੋਸਤਾਂ ਦੇ ਸਾਹਮਣੇ ਨਾ ਡਾਂਟਿਆ ਜਾਵੇ । ਜੇਕਰ ਕੋਈ ਗ਼ਲਤੀ ਕਰਦੇ ਵੀ ਹਨ ਤਾਂ ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਬੱਚਿਆਂ ਨੂੰ ਗੱਲ ਪਿਆਰ ਨਾਲ ਸਮਝਾ ਦੇਣੀ ਬਹੁਤ ਬਿਹਤਰ ਹੋਵੇਗੀ। ਅਕਸਰ ਹੀ ਘਰਾਂ ਵਿੱਚ ਸਾਡੇ ਰਿਸ਼ਤੇਦਾਰ ਆਉਂਦੇ ਰਹਿੰਦੇ ਹਨ ਤਾਂ ਕੁਝ ਮਾਪੇ ਉਸ ਸਮੇਂ ਵੀ ਇਹ ਚਾਹੁੰਦੇ ਹਨ ਕਿ ਸਾਡਾ ਬੱਚਾ ਬਹੁਤ ਸਿਆਣਾ ਦਿੱਸੇ ਇਸ ਲਈ ਉਹ ਰਿਸ਼ਤੇਦਾਰਾਂ ਦੇ ਸਾਹਮਣੇ ਹੀ ਬੱਚਿਆਂ ਦੀ ਟੋਕਾ ਟਾਕੀ ਸ਼ੁਰੂ ਕਰ ਦਿੰਦੇ ਹਨ । ਇਹ ਵੀ ਬਹੁਤ ਗਲਤ ਗੱਲ ਹੈ ਰਿਸ਼ਤੇਦਾਰਾਂ ਨਾਲ ਜਿਸ ਤਰ੍ਹਾਂ ਵੀ ਬੱਚਾ ਵਿਚਰ ਰਿਹਾ ਹੈ ਵਿਚਰਨ ਦਿਉ । ਜੇਕਰ ਤੁਹਾਨੂੰ ਆਪਣੇ ਬੱਚੇ ਵਿੱਚ ਕੁਝ ਕਮੀਆਂ ਨਜ਼ਰ ਆਉਂਦੀਆਂ ਹਨ ਤਾਂ ਰਿਸ਼ਤੇਦਾਰਾਂ ਦੇ ਚਲੇ ਜਾਣ ਤੋਂ ਬਾਅਦ ਹੀ ਬੱਚੇ ਨੂੰ ਪਿਆਰ ਨਾਲ ਸਮਝਾਉਣਾ ਬਿਹਤਰ ਹੁੰਦਾ ਹੈ । ਫਿਰ ਉਹ ਅਗਲੀ ਵਾਰ ਜ਼ਰੂਰ ਧਿਆਨ ਰੱਖੇਗਾ। ਜੇਕਰ ਤੁਸੀਂ ਸਾਹਮਣੇ ਹੀ ਟੋਕਾ ਟਾਕੀ ਕਰਦੇ ਰਹੋਗੇ ਤਾਂ ਬੱਚਿਆਂ ਦੇ ਮਨ ਵਿੱਚ ਇੱਕ ਗੁੱਸੇ ਦੀ ਅਵਸਥਾ ਪੈਦਾ ਹੋ ਜਾਵੇਗੀ । ਉਹ ਆਪਣੇ ਮਨ ਵਿੱਚ ਗੁੱਸੇ ਨਾਲ ਹੀ ਭਰੇ ਰਹਿਣਗੇ ਆਪਣੀਆਂ ਗਲਤੀਆਂ ਨੂੰ ਸੁਧਾਰਨ ਵੱਲ ਕੋਈ ਧਿਆਨ ਨਹੀਂ ਦੇ ਸਕਣਗੇ । ਜਿਹੜੇ ਮਾਪੇ ਬਚਪਨ ਤੋਂ ਬੱਚਿਆਂ ਦੀ ਟੋਕਾ ਟਾਕੀ ਕਰਦੇ ਆਏ ਹਨ ਉਮਰ ਵਧਣ ਦੇ ਨਾਲ ਨਾਲ ਉਨ੍ਹਾਂ ਦੀ ਟੋਕਾ ਟਾਕੀ ਵੀ ਵਧਦੀ ਹੀ ਜਾਂਦੀ ਹੈ । ਕਿਉਂਕਿ ਉਹ ਬੱਚੇ ਦੇ ਵੱਡੇ ਹੋ ਜਾਣ ਤੇ ਵੀ ਕਦੇ ਇਹ ਨਹੀਂ ਸਮਝਦੇ ਕਿ ਇਹ ਸਮਝਦਾਰ ਹੋ ਗਿਆ ਹੈ । ਉਨ੍ਹਾਂ ਦੇ ਮਨ ਵਿੱਚ ਇਹ ਖਿਆਲ ਪਰਿਪੱਕ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਬੱਚਾ ਨਾ ਸਮਝ ਹੈ ਅਤੇ ਬੱਚੇ ਦੀ ਖਿੱਝ ਵੀ ਮਾਪਿਆਂ ਦੇ ਪ੍ਰਤੀ ਵਧਦੀ ਤੁਰੀ ਜਾਂਦੀ ਹੈ । ਬੁਢੇਪੇ ਵਿੱਚ ਜੇਕਰ ਬੱਚਿਆਂ ਦੀ ਆਪਣੇ ਮਾਂ ਬਾਪ ਨਾਲ ਨਹੀਂ ਬਣਦੀ ਤਾਂ ਅਸੀਂ ਸਾਰਾ ਦੋਸ਼ ਹੀ ਬੱਚਿਆਂ ਸਿਰ ਮੜ੍ਹਦੇ ਹਾਂ ਕਿ ਬੱਚੇ ਆਪਣੇ ਮਾਪਿਆਂ ਨੂੰ ਨਹੀਂ ਸੰਭਾਲਦੇ ਪਰ ਇੱਥੇ ਕਿਤੇ ਨਾ ਕਿਤੇ ਕਸੂਰਵਾਰ ਮਾਪੇ ਖ਼ੁਦ ਵੀ ਹੁੰਦੇ ਹਨ ਕਿਉਂਕਿ ਉਹ ਆਪਣੇ ਬੱਚਿਆਂ ਨਾਲ ਪਿਆਰ ਭਰਿਆ ਦੋਸਤਾਂ ਵਰਗਾ ਰਿਸ਼ਤਾ ਬਣਾ ਕੇ ਨਹੀਂ ਰੱਖ ਸਕੇ । ਵੱਡੀ ਉਮਰ ਵਿੱਚ ਜਾ ਕੇ ਤਾਂ ਪੀੜ੍ਹੀ ਪਾੜੇ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ । ਉਸ ਸਮੇਂ ਵੀ ਮਾਪੇ ਆਪਣੀਆਂ ਹੀ ਜਿੱਦਾਂ ਪੁਗਾਉਂਦੇ ਹਨ ਤੇ ਪੁਰਾਣੀਆਂ ਪਰੰਪਰਾਵਾਂ ਦੇ ਅਨੁਸਾਰ ਬੱਚਿਆਂ ਨੂੰ ਜਿੰਦਗੀ ਜਾਣ ਲਈ ਮਜਬੂਰ ਕਰਦੇ ਹਨ । ਜਦੋਂ ਕਿ ਸਮਝਣਾ ਇਹ ਚਾਹੀਦਾ ਹੈ ਕਿ ਸਮੇਂ ਦੇ ਬਦਲਾਅ ਨਾਲ ਪੀੜ੍ਹੀ ਵਿੱਚ ਬਦਲਾਅ ਆਉਣਾ ਲਾਜ਼ਮੀ ਹੈ । ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਰੋਕਣ ਦੀ ਕੋਸ਼ਿਸ਼ ਕਰਾਂਗੇ ਤਾਂ ਬੱਚੇ ਦੁਨੀਆਂ ਤੋਂ ਪਿੱਛੇ ਰਹਿ ਜਾਣਗੇ ਵੱਡੀ ਉਮਰ ਵਿੱਚ ਜਾ ਕੇ ਮਾਪਿਆਂ ਦੀ ਉਹੀ ਟੋਕਾ ਟਾਕੀ ਗਾਲਾਂ ਦਾ ਰੂਪ ਵੀ ਲੈ ਲੈਂਦੀ ਹੈ ਕਿਉਂਕਿ ਉਨ੍ਹਾਂ ਦੇ ਮਨ ਵਿੱਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦਾ ਕਹਿਣਾ ਨਹੀਂ ਮੰਨਦੇ । ਫਿਰ ਜਦੋਂ ਬੁੱਢੇ ਹੋ ਕੇ ਉਨ੍ਹਾਂ ਦੀ ਕੋਈ ਬਾਂਹ ਨਹੀਂ ਚੱਲਦੀ ਤਾਂ ਉਹ ਆਪਣਾ ਸਾਰਾ ਗੁੱਸਾ ਗਾਲਾਂ ਰਾਹੀਂ ਬੱਚਿਆਂ ਤੇ ਕੱਢਦੇ ਰਹਿੰਦੇ ਹਨ । ਅਕਸਰ ਹੀ ਮੈਂ ਵੱਡੇ ਬੁੱਢਿਆਂ ਨੂੰ ਘਰਾਂ ਵਿੱਚ ਆਪਣੇ ਹੀ ਬੱਚਿਆਂ ਨੂੰ ਗਾਲਾਂ ਦਿੰਦੇ ਆਮ ਸੁਣਿਆ ਹੈ ਪਰ ਇਸ ਦੇ ਉਲਟ ਕੁਝ ਘਰਾਂ ਵਿੱਚ ਸਮਝਦਾਰ ਮਾਪੇ ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਹਰ ਕੰਮ ਵਿਚ ਉਹਨਾਂ ਦੀ ਰੈ ਲੈਣੀ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਨਵੀਂ ਪੀੜ੍ਹੀ ਨੂੰ ਪੁਰਾਣੀ ਪੀੜ੍ਹੀ ਤੋਂ ਵੱਧ ਗਿਆਨ ਹੁੰਦਾ ਹੈ ਪਰ ਪੁਰਾਣੀ ਪੀੜ੍ਹੀ ਕੋਲ ਤਜ਼ਰਬਾ ਜ਼ਿਆਦਾ ਹੁੰਦਾ ਹੈ । ਅਜਿਹੇ ਪਰਿਵਾਰਾਂ ਵਿੱਚ ਪੁਰਾਣਿਆਂ ਦਾ ਤਜਰਬਾ ਤੇ ਨਵਿਆਂ ਦਾ ਗਿਆਨ ਜਦੋਂ ਮਿਲ ਕੇ ਚੱਲਦਾ ਹੈ ਤਾਂ ਉਹ ਪਰਿਵਾਰ ਬਹੁਤ ਖੁਸ਼ਹਾਲ ਪਰਿਵਾਰ ਬਣ ਜਾਂਦਾ ਹੈ । ਅਜਿਹੇ ਪਰਿਵਾਰਾਂ ਵਿੱਚ ਜ਼ਿੰਦਗੀ ਦੇ ਸਫਰ ਦੀ ਸ਼ੁਰੂਆਤ ਤੋਂ ਅੰਤ ਤੱਕ ਬੱਚੇ ਵੀ ਆਪਣੇ ਮਾਪਿਆਂ ਤੋਂ ਖੁਸ਼ ਰਹਿੰਦੇ ਹਨ ਅਤੇ ਮਾਪੇ ਵੀ ਆਪਣੇ ਬੱਚਿਆਂ ਤੋਂ ਹਮੇਸ਼ਾ ਖੁਸ਼ ਰਹਿੰਦੇ ਹਨ ।ਅਜਿਹੇ ਪਰਿਵਾਰ ਹੋਰਨਾਂ ਪਰਿਵਾਰਾਂ ਨਾਲੋਂ ਤਰੱਕੀ ਵੀ ਵੱਧ ਕਰਦੇ ਹਨ।

**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ**
**ਗਿਆਨਾ( ਬਠਿੰਡਾ)**

# ਚੀਨ ਤੇ ਪਾਕਿਸਤਾਨ ਨਾਲ ਟਕਰਾਅ ਵਿਚਾਲੇ ਭਾਰਤ ਨੂੰ ਵੱਡਾ ਝਟਕਾ, ਇਸਲਾਮਿਕ ਦੇਸ਼ਾਂ ਨੇ ਬੁਲਾਈ ਹੰਗਾਮੀ ਮੀਟਿੰਗ

ਨਵੀਂ ਦਿੱਲੀ : ਇੱਕ ਪਾਸੇ ਚੀਨ ਦੇ ਨਾਲ ਗਲਵਾਨ ਘਾਟੀ ’ਚ ਤਨਾਤਨੀ ਤਾਂ ਦੂਜੇ ਪਾਸੇ ਪਾਕਿਸਤਾਨ ਵੱਲੋਂ ਐਲਓਸੀ ’ਤੇ ਜੰਗਬੰਦੀ ਦੀ ਉਲੰਘਣਾ ਤੇ ਅੱਤਵਾਦੀ ਸਾਜਿਸ਼ਾਂ ਦਾ ਦੋਸ਼ ਲਾਇਆ ਗਿਆ ਹੈ। ਇਸਲਾਮਿਕ ਕਾਰਪੋਰੇਸ਼ਨ ਦੇ ਸੰਗਠਨ ਨੇ ਜੰਮੂ-ਕਸ਼ਮੀਰ ਦੀ ਤਾਜ਼ਾ ਸਥਿਤੀ ਬਾਰੇ ਵਿਚਾਰ ਵਟਾਂਦਰੇ ਲਈ ਹੰਗਾਮੀ ਬੈਠਕ ਬੁਲਾਈ ਹੈ। ਓਆਈਸੀ ਸੋਮਵਾਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਐਮਰਜੈਂਸੀ ਬੈਠਕ ਕਰੇਗੀ। ਇਸ ਬੈਠਕ ’ਚ ਕਸ਼ਮੀਰ ਦੇ ਮੁੱਦੇ ’ਤੇ ਵਿਚਾਰ ਕੀਤਾ ਜਾਵੇਗਾ। ਓਆਈਸੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਸ ਆਨਲਾਈਨ ਬੈਠਕ ਵਿੱਚ ਜੰਮੂ ਕਸ਼ਮੀਰ ਦੇ ਵਿਦੇਸ਼ ਮੰਤਰੀ ਤੇ ਏਆਈਸੀ ਦੇਸ਼ਾਂ ਦੇ ਵਿਦੇਸ਼ ਮੰਤਰੀ, ਓਆਈਸੀ ਸਮੂਹ ਦੇ ਮੈਂਬਰ, ਅਜ਼ਰਬਾਈਜਾਨ, ਨਾਈਜਰ, ਪਾਕਿਸਤਾਨ, ਸਾਊਦੀ ਅਰਬ ਤੇ ਤੁਰਕੀ ਹਿੱਸਾ ਲੈਣਗੇ। ਦੱਸ ਦੱਈਏ ਕਿ ਓਆਈਸੀ ਇਸਲਾਮਿਕ ਦੇਸ਼ਾਂ ਦੀ ਇੱਕ ਸੰਸਥਾ ਹੈ ਤੇ ਸਾਊਦੀ ਅਰਬ ਦਾ ਇਸ ’ਚ ਦਬਦਬਾ ਹੈ। ਜਦੋਂ ਭਾਰਤ ਨੇ ਜਦੋਂ ਜੰਮੂ-ਕਸ਼ਮੀਰ ਦਾ ਖਾਸ ਦਰਜਾ ਖਤਮ ਕੀਤਾ ਸੀ, ਤਾਂ ਓਆਈਸੀ ਲਗਪਗ ਚੁੱਪ ਸੀ। ਸਾਊਦੀ ਅਰਬ ਅਤੇ ਇਸ ਦੇ ਸਹਿਯੋਗੀ ਦੇਸ਼ਾਂ ਦਾ ਓਆਈਸੀ ’ਤੇ ਦਬਦਬਾ ਹੈ। ਸਾਊਦੀ ਨੇ ਵੀ ਧਾਰਾ 370 ਨੂੰ ਹਟਾਉਣ ਵਿੱਚ ਪਾਕਿਸਤਾਨ ਦਾ ਸਮਰਥਨ ਨਹੀਂ ਕੀਤਾ ਤੇ ਸੰਯੁਕਤ ਅਰਬ ਅਮੀਰਾਤ ਨੇ ਇਸ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਕਰਾਰ ਦਿੱਤਾ। ਹਾਲਾਂਕਿ, ਟਰਕੀ ਅਤੇ ਮਲੇਸ਼ੀਆ ਨੇ ਇਸ ਮਾਮਲੇ ਵਿੱਚ ਭਾਰਤ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਓਆਈਸੀ ਇੱਕ ਸੰਗਠਨ ਹੈ ਜੋ 1969 ਵਿੱਚ ਬਣਾਇਆ ਗਿਆ ਸੀ। ਇਸ ਸੰਗਠਨ ਵਿਚ 56 ਦੇਸ਼ ਹਨ।

1- ਓਆਈਸੀ ਦਾ ਉਦੇਸ਼ ਆਰਥਿਕ ਸਮਾਜਿਕ, ਸਭਿਆਚਾਰਕ, ਵਿਗਿਆਨਕ ਅਤੇ ਹੋਰ ਮਹੱਤਵਪੂਰਨ ਖੇਤਰਾਂ ਵਿੱਚ ਮੈਂਬਰ ਦੇਸ਼ਾਂ ਵਿੱਚ ਇਸਲਾਮੀ ਏਕਤਾ ਨੂੰ ਉਤਸ਼ਾਹਤ ਕਰਨਾ ਹੈ। ਮੈਂਬਰਾਂ ਦਰਮਿਆਨ ਵਿਚਾਰ ਵਟਾਂਦਰੇ ਦਾ ਪ੍ਰਬੰਧ ਕਰਨਾ ਪਏਗਾ।

2- ਇਸ ਤੋਂ ਇਲਾਵਾ ਇਸ ਦਾ ਉਦੇਸ਼ ਨਿਆਂ ਅਧਾਰਤ ਅੰਤਰਰਾਸ਼ਟਰੀ ਸ਼ਾਂਤੀ ਤੇ ਸੁਰੱਖਿਆ ਨੂੰ ਬਹਾਲ ਕਰਨਾ ਹੈ।

3- ਇਸ ਸੰਸਥਾ ਦਾ ਉਦੇਸ਼ ਵਿਸ਼ਵ ਦੇ ਸਾਰੇ ਮੁਸਲਮਾਨਾਂ ਦੀ ਇੱਜ਼ਤ, ਆਜ਼ਾਦੀ ਤੇ ਰਾਸ਼ਟਰੀ ਅਧਿਕਾਰਾਂ ਦੀ ਰੱਖਿਆ ਕਰਨਾ ਹੈ।

## ਹਿਸਾਬ ਬਰਾਬਰ

ਮਾਣਕੂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਤੀਜੀ ਜਮਾਤ ਦਾ ਪਰਵਾਸੀ ਵਿਦਿਆਰਥੀ ਸੀ..ਇਕ ਦਿਨ ਡਰਾਇੰਗ ਵੇਲੇ ਮਾਸਟਰ ਜੀ ਨੇ ਉਨ੍ਹਾਂ ਦੀ ਜਮਾਤ ਨੂੰ ਕਾਰ ਦਾ ਚਿੱਤਰ ਬਣਾਉਣ ਲਈ ਕਿਹਾ। ਮਾਣਕੂ ਨੂੰ ਸਕੂਲ ਵਿੱਚ ਖੜ੍ਹੀ ਮਾਸਟਰ ਜੀ ਦੀ ਕਾਰ ਬਹੁਤ ਸੋਹਣੀ ਲੱਗਦੀ ਸੀ। ਉਹ ਜਦ ਵੀ ਮੌਕਾ ਮਿਲਦਾ ਤਾਂ ਉਸ ਕਾਰ ਨੂੰ ਹੱਥ ਲਾ ਲਾ ਕੇ ਦੇਖਦਾ ਰਹਿੰਦਾ ਸੀ...ਕਈ ਵਾਰ ਉਸਦਾ ਦਿਲ ਕੀਤਾ ਕਿ ਮਾਸਟਰ ਜੀ ਨੂੰ ਝੂਟਾ ਦੇਣ ਲਈ ਕਹੇ ਪਰ ਕਦੀ ਹੌਂਸਲਾ ਨੂੰ ਪਿਆ ਸੀ ਉਸਦਾ। ਜਮਾਤ ਵਿਚ ਬੈਠੇ ਮਾਣਕੂ ਨੇ ਮਾਸਟਰ ਜੀ ਦੀ ਕਾਰ ਵੱਲ ਦੇਖ ਕੇ ਆਪਣੀ ਡਰਾਇੰਗ ਕਾਪੀ ਤੇ ਕਾਰ ਦਾ ਚਿੱਤਰ ਬਣਾ ਦਿੱਤਾ ਪਰ ਮਾਸਟਰ ਜੀ ਦੀ ਸਫ਼ੈਦ ਕਾਰ ਤੋਂ ਉਲਟ ਉਸਨੇ ਆਪਣਾ ਮਨ ਪਸੰਦ ਲਾਲ ਰੰਗ ਭਰ ਦਿੱਤਾ ਆਪਣੇ ਨਾਲ ਦੇ ਬੱਚੇ ਤੋਂ ਸਕੈਚ ਪੈੱਨ ਲੈ ਕੇ। ਆਪਣੇ ਵਲੋਂ ਬਹੁਤ ਸੋਹਣਾ ਚਿੱਤਰ ਬਣਾਇਆ ਸੀ ਮਾਣਕੂ ਨੇ...ਚਾਈਂ ਚਾਈਂ ਉਹ ਮਾਸਟਰ ਜੀ ਨੂੰ ਦਿਖਾਉਣ ਗਿਆ। ਮਾਸਟਰ ਜੀ ਨੇ ਦੇਖਦੇ ਸਾਰ ਹੀ ਉਸਦੇ ਚਿੱਤਰ ਤੇ ਕਾਂਟਾ ਮਾਰ ਦਿੱਤਾ ਤੇ ਉਸਦਾ ਚਿੱਤਰ ਹਵਾ ‘ ਚ ਉਛਾਲ ਦਿੱਤਾ। ਮਾਣਕੂ ਦੇ ਕੋਮਲ ਹਿਰਦੇ ਤੇ ਬਹੁਤ ਡੂੰਘਾ ਜਖਮ ਕਰ ਗਿਆ ਹਵਾ ‘ ਚ ਉਡ਼ਦਾ ਉਸਦਾ ਕਾਰ ਦਾ ਚਿੱਤਰ। ਜਮੀਨ ਤੇ ਡਿੱਗਣ ਤੋਂ ਬਾਅਦ ਮਾਣਕੂ ਨੇ ਚੁੱਕਿਆ ਉਹ ਆਪਣਾ ਬਣਾਇਆ ਹੋਇਆ ਚਿੱਤਰ ਤੇ ਮਨ ਹੀ ਮਨ ਸੋਚਣ ਲੱਗਾ ਹਿਸਾਬ ਬਰਾਬਰ ਕਰਨ ਬਾਰੇ.....।

ਅੱਧੀ ਛੁੱਟੀ ਹੋਈ ਤਾਂ ਨਾਲ ਦੇ ਬੱਚੇ ਦੇ ਬੈਗ ਵਿਚੋਂ ਪਰਕਾਰ ਕੱਢ ਲਈ ਉਸਨੇ ਤੇ ਹੌਲੀ ਹੌਲੀ ਮਾਸਟਰ ਜੀ ਦੀ ਕਾਰ ਕੋਲ ਜਾ ਕੇ ਬੋਨਟ ਤੇ ਵੱਡੇ ਵੱਡੇ ਕਾਂਟੇ ਮਾਰ ਦਿੱਤੇ ਤੇ ਮਨ ਹੀ ਮਨ ਸੋਚਣ ਲੱਗਾ ਤੇ ਖੁਸ਼ ਹੋਣ ਲੱਗਾ ਜਿਵੇਂ ਕਹਿ ਰਿਹਾ ਹੋਵੇ, “ ਸਰ ਜੀ..ਆਹ ਦੇਖੋ ...ਕਰਤਾ ਮੈਂ ਸਾਬ ਬਰਾਬਰ....“

**ਹਰਪਾਲ ਸਿੰਘ**

## ਮਿੰਨੀ ਕਹਾਣੀ ਸਖਤ ਮਨਾਂਹੀ

ਸੁਕੇ ਜਹੇ ਦਰਖੱਤ ਹੇਠ ਬੈਠੇ ਬਜੁਰਗ ਤੇ ਨੌਜੁਆਨ ਅਜੋਕੀਆ ਤੇ ਪੁਰਾਤਨ ਆਪਬੀਤੀਆ ਗਲੱਾ ਸੁਣਾ ਰਹੇ ਸਨ ਕਿਵੇ ਲੋਕ ਇਕ ਦੂਸਰੇ ਦਾ ਦੁਖੱ ਵੰਡਾਉਦੇ ਸਨ ਜੇ ਕੋਈ ਘਟਨਾ ਵਾਪਰ ਜਾਣੀ ਤਾਂ ਉਸਨੂੰ ਬੈਠ ਕਿ ਸੁਲਝਾ ਲੈਦੇ ਸਨ ਤਾਂ ਕਿ ਜੇਕਰ ਗੱਲ ਬਾਹਰ ਜਾਵੇਗੀ ਤਾਂ ਇਕ ਪਰਿਵਾਰ ਦੀ ਨਹੀ ਸਾਰੇ ਪਿੰਡ ਦੀ ਬਦਨਾਮੀ ਹੋਵੇਗੀ ਪਰ ਅੱਜ ਦੇਖਲਾ ਮਹਿੰਗਾ ਸਿੰਹਾ ਹਰ ਕੋਈ ਫੋਨ ਚਕੀ ਫਿਰਦਾ ਤੇ ਉਦੇ ਵਿਚ ਪਤਾ ਨਹੀ ਕੀ ਕੀ ਭਰ ਦਿਤਾ ਜੇ ਘੰਟੀ ਨਹੀ ਵੀ ਵਜਦੀ ਫਿਰ ਵੀ ਉਸ ਨਾਲ ਹੀ ਚੁੰਬੜੇ ਰਹਿੰਦੇ ਨੇ ਬਿਸ਼ਨ ਸਿੰਘ ਕੁਛ ਹੋਰ ਕਹਿੰਦਾ ਸੰਹਿਨਜੀਤ ਬੋਲ ਪਿਆ ਅੱਜ ਸਮਾਂ ਬਦਲ ਗਿਆ ਹੈ ਸੈਲ ਫੋਨ ਵਿਚੱ ਇੰਨੀਆ ਚੀਜਾ ਹੁੰਦੀਆ ਹਨ ਬਚਿੱਆ ਤੋ ਲੈ ਕੇ ਬਜੁਰਗ ਇੰਨੇ ਰੁਝ ਜਾਂਦੇ ਹਨ ਕਈ ਵਾਰੀ ਜਰੂਰੀ ਕੰਮ ਵੀ ਭੁਲ ਜਾਂਦੇ ਹਨ। ਸੂਬੇਦਾਰ ਹਰਪਾਲ ਸਿੰਘ ਨੇ ਗੱਲ ਟੋਕਦਿਆ ਅਜ ਤਕ ਦੁਨੀਆ ਨੇ ਬਹੁਤ ਤਰਕੀ ਕਰ ਲਈ ਹੈ ਪਰ ਇਹਨਾਂ ਦਾ ਅਸਰ ਚੰਗੇ ਦੀ ਬਜਾਏ ਬੁਰਾ ਪੈਦਾਂ ਹੈ ਸ਼ੋਸ਼ਿਲ ਮੀਡੀਆ ਜੋ ਦਿਖਾਇਆ ਜਾਂਦਾ ਹੈ ਉਸ ਦਾ ਪਰਭਾਵ ਬਚਿਅੱ ਤੇ ਬਹੁਤ ਮਾੜਾ ਪੈਂਦਾ ਹੈ ਜਿਵੇ ਕਿ ਇਸਨੂੰ ਨਬਾਲਕ ਨਾ ਦੇਖਣ ਲਿਖਿਆ ਹੁੰਦਾ ਪਰ ਜਿਥੇ ਕਿਤੇ ਵੀ ਸਖੱਤ ਮਨਾਹੀ ਹੁੰਦੀ ਹੈ ਲੋਕ ਉਸ ਕਿਤਾਬ,ਫਿਲਮ ਤੇ ਗੀਤ ਨੂੰ ਹਰ ਹੀਲੇ ਪੜਨ,ਦੇਖਣ ਅਤੇ ਸੁਣਨ ਦੀ ਕੋਸ਼ਿਸ ਕਰਦੇ ਹਨ ਵਧੀਆ ਸੋਚ ਹੀ ਇਕ ਚੰਗਾ ਸਮਾਜ ਸਿਰਜ ਸਕਦੀ ਹੈ ਸਾਰਿਆ ਨੇ ਹਾਂ ਨਾਲ ਹਾਂ ਮਿਲਾਈ

**ਪਰਵਿੰਦਰ ਸਿੰਘ ਢਿਲੋਂ**

1516-234 -8545)






## ਜ਼ਿੰਦਗੀ ਦੀ ਜ਼ੀਰੋ

ਮੇਰੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਮੇਰੀ ਕੌੜੀ - ਕੁਸੈਲੀ ਤੇ ਊਬੜ - ਖਾਬੜ ਜ਼ਿੰਦਗੀ ਨੇ ਮੈਨੂੰ ਜੋ ਕੁਝ ਸਿਖਾਇਆ ਜਾਂ ਮੇਰੇ ਪਾਸੋਂ ਜ਼ਿੰਦਗੀ ਵਿੱਚ ਜੋ ਕੁਤਾਹੀਆਂ ਜਾਣੇ - ਅਣਜਾਣੇ ਵਿੱਚ ਹੋ ਗਈਆਂ , ਮੈਂ ਉਹ ਆਪਣੇ ਜੀਵਨ - ਤਜਰਬੇ ਆਪਣੇ ਪਾਠਕਾਂ ਅਤੇ ਨਵੀਂ ਪੀੜ੍ਹੀ ਨਾਲ ਸਾਂਝੇ ਕਰਾਂ , ਤਾਂ ਜੋ ਮੇਰੇ ਰਾਹਾਂ ਵਿੱਚ ਆਉਣ ਵਾਲੇ ਨੁਕੀਲੇ ਕੰਡੇ ਕਿਸੇ ਹੋਰ ਦੇ ਜੀਵਨ ਰਾਹ ਵਿੱਚ ਨਾ ਆਵੇ। ਦੋਸਤੋ ! ਇਹ ਜੀਵਨ ਪਲ - ਪਲ ਇੱਕ ਸੰਘਰਸ਼ ਹੈ ਅਤੇ ਇਸ ਸੰਘਰਸ਼ ਵਿੱਚ ਸਾਡੇ ਸਿਦਕ , ਸਿਰੜ ਤੇ ਸਹਿਣਸ਼ੀਲਤਾ ਜਿਹੇ ਅਨਮੋਲ ਗੁਣਾਂ ਦੀ ਕਦਮ - ਦਰ - ਕਦਮ ਪਰਖ ਹੁੰਦੀ ਰਹਿੰਦੀ ਹੈ। ਜੋ ਇਨਸਾਨ ਜੀਵਨ ਦੀ ਹਰ ਸਥਿਤੀ ਵਿੱਚ ਅਡੋਲ ਖਲੋਤਾ ਰਹਿੰਦਾ ਹੈ , ਉਹ ਹੀ ਇਹ ਇੱਕ ਦਿਨ ਵਿਜੇ - ਸ਼੍ਰੀ ਪ੍ਰਾਪਤ ਕਰਦਾ ਹੈ। ਬਾਕੀ ਮਰ ਮਿਟ ਜਾਂਦੇ ਹਨ ਜਾਂ ਗੁਮਨਾਮ ਪ੍ਰਸਥਿਤੀ ਵਿੱਚ ਸਮਾਹਿਤ ਹੋ ਜਾਂਦੇ ਹਨ। ਜ਼ਿੰਦਗੀ ਵਿੱਚ ਪ੍ਰੇਸ਼ਾਨੀਆਂ ਆਉਂਦੀਆਂ ਵੀ ਹਨ ਤੇ ਇੱਕ ਦਿਨ ਦੇਰ - ਸਵੇਰ ਚਲੀਆਂ ਵੀ ਜਾਂਦੀਆਂ ਹਨ , ਪਰ ਇਸ ਮੁਸ਼ਕਿਲ ਦੌਰ ਨੂੰ ਪਾਰ ਕਰਨਾ ਹੀ ਗਲੇ ਦੀ ਹੱਡੀ ਬਣ ਜਾਂਦਾ ਹੈ। ਇਸ ਤੋਂ ਨਿਜਾਤ ਪਾਉਣ ਤੇ ਚੰਗੇਰਾ ਜੀਵਨ ਹੰਢਾਉਣ ਲਈ ਸਾਨੂੰ ਆਪਣੀ ਦਿਨਚਰਿਆ ਵਿੱਚ ਕੋਈ ਨਾ ਕੋਈ ਸ਼ੌਕ ਜ਼ਰੂਰ ਅਪਣਾਉਣਾ ਚਾਹੀਦਾ ਹੈ। ਇਹ ਸ਼ੌਕ ਸਾਨੂੰ ਸਾਕਾਰਾਤਮਕਤਾ , ਖ਼ੁਸ਼ੀ ਅਤੇ ਸਕੂਨ ਦਿੰਦਾ ਹੈ। ਜ਼ਿੰਦਗੀ ਵਿੱਚ ਹਮੇਸ਼ਾ ਛੋਟੇ , ਨੀਵੇਂ ਬਣ ਕੇ ਰਹੋ , ਹਮੇਸ਼ਾ ਬੱਚੇ ਬਣ ਕੇ ਰਹੋ , ਆਪਣੇ - ਆਪ ਨੂੰ ਵਿਦਿਆਰਥੀ ਸਮਝੋ ਅਤੇ ਜੀਵਨ ਬਾਰੇ ਨਵਾਂ ਕੁਝ ਸਿੱਖਦੇ ਰਹੋ। ਆਪਣੀਆਂ ਜੀਵਨ ਪ੍ਰਾਪਤੀਆਂ ਇੱਕ ਡਾਇਰੀ ‘ਤੇ ਨੋਟ /ਦਰਜ ਕਰਦੇ ਰਹੋ। ਆਪਣੀਆਂ ਔਕੜਾਂ , ਗਮੀਆਂ ਅਤੇ ਖੁਸ਼ੀਆਂ ਆਪਣੇ ਮਿੱਤਰਾਂ - ਦੋਸਤਾਂ ਦੇ ਨਾਲ ਸਮੇਂ - ਸਮੇਂ ‘ਤੇ ਸਾਂਝੀਆਂ ਕਰਦੇ ਰਹਿਣਾ ਜੀਵਨ ਜਿਊਣ ਲਈ ਬਹੁਤ ਹੀ ਜ਼ਰੂਰੀ ਹੈ। ਸਾਨੂੰ ਆਪਣੀਆਂ ਵੱਖ - ਵੱਖ ਦੁੱਖ ਤਕਲੀਫਾਂ ‘ਤੇ ਹੀ ਧਿਆਨ ਕੇਂਦਰਿਤ ਕਰਕੇ ਨਹੀਂ ਬੈਠੇ ਰਹਿਣਾ ਚਾਹੀਦਾ , ਸਗੋਂ ਆਪਣੇ ਮਨ ਨੂੰ ਕਿਸੇ ਰੁਚੀ , ਸ਼ੌਕ ਤੇ ਖਾਸੀਅਤ ਵਿੱਚ ਲਗਾਈ ਰੱਖਣਾ ਚਾਹੀਦਾ ਹੈ। ਸਾਈਂ ਬੁੱਲ੍ਹੇ ਸ਼ਾਹ ਜੀ ਨੇ ਵੀ ਕਿਹਾ ਹੈ , “ ਬੁੱਲ੍ਹਿਆ ਮਨ ਦਾ ਕੀ ਸਮਝਾਉਣਾ ? ਇੱਧਰੋਂ ਪੁੱਟਣਾ ਉਧਰ ਲਾਉਂਣਾ “। ਜ਼ਿੰਦਗੀ ਵਿੱਚ ਲੋਕਾਂ ‘ਤੇ ਨਹੀਂ , ਆਪਣੇ ਆਪ ਤੇ ਭਰੋਸਾ ਰੱਖੋ। ਕਾਦਰ ( ਪ੍ਰਮੇਸ਼ਰ ) ਅਤੇ ਕਾਇਨਾਤ ( ਕੁਦਰਤ ) ‘ਤੇ ਵਿਸ਼ਵਾਸ ਰੱਖੋ। ਉਹ ( ਪਰਮਾਤਮਾ )ਹੈ ਅਤੇ ਸਬਰ ਨਾਲ ਔਖੀ ਘੜੀ ਤੋਂ ਕਿਨਾਰਾ ਕਰ ਜਾਓ। ਸਿਆਣੇ ਕਹਿ ਗਏ ਹਨ , “ ਵਕਤ ਵਿਚਾਰੇ ਸੋ ਬੰਦਾ ਹੋਏ “। ਜੀਵਨ ਵਿੱਚ ਚੰਗੇ ਸਾਹਿਤ ਅਤੇ ਕੁਦਰਤੀ ਵਰਤਾਰਿਆਂ ਜਿਵੇਂ : ਰੁਮਕਦੀ ਹਵਾ , ਚੰਦ , ਸੂਰਜ , ਤਾਰਿਆਂ , ਪਹਾੜਾਂ , ਨਦੀਆਂ , ਨਾਲਿਆਂ , ਝਰਨਿਆਂ , ਪੰਛੀਆਂ - ਪਰਿੰਦਿਆਂ , ਰੰਗਦਾਰ ਜੀਵਾਂ , ਫੁੱਲਾਂ , ਚਾਨਣੀਆਂ ਤੇ ਹਨੇਰੀਆਂ ਰਾਤਾਂ , ਇਕਾਂਤ ਆਦਿ ਨੂੰ ਨਿਹਾਰੋ , ਦੇਖੋ , ਇਨ੍ਹਾਂ ਨੂੰ ਮਾਣੋ। ਸੰਗੀਤ ਨੂੰ ਆਪਣੀ ਜ਼ਿੰਦਗੀ ਵਿੱਚ ਲਿਆਓ, ਇਸਦਾ ਲੁਤਫ਼ ਉਠਾਓ। ਫਿਰ ਦੇਖਣਾ ਤੁਹਾਨੂੰ ਕੁਝ ਵੱਖਰਾ ਮਹਿਸੂਸ ਹੋਵੇਗਾ। ਬਸ ਇਹੋ ਵੱਖਰਾਪਣ ਸਾਨੂੰ ਨਵੀਂ ਜੀਵਨ - ਸੇਧ , ਨਵੀਂ ਤਾਜ਼ਗੀ , ਉਮੰਗ , ਤਰੰਗ , ਨਵਾਂ ਉਤਸ਼ਾਹ ਅਤੇ ਜੀਵਨ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਹਮੇਸ਼ਾ ਯਾਦ ਰੱਖਣਾ ਕਿ ਕੋਈ ਵੀ ਮੁਸੀਬਤ ਸਥਾਈ ਤੌਰ ‘ਤੇ ਸਾਡਾ ਰਾਹ ਨਹੀਂ ਰੋਕ ਸਕਦੀ , ਜ਼ਰੂਰਤ ਹੁੰਦੀ ਹੈ ਹੌਸਲਾ ਬਣਾਈ ਰੱਖਣ ਦੀ। ਸਮਾਂ ਜ਼ਰੂਰ ਬਦਲ ਜਾਂਦਾ ਹੈ। ਸਾਨੂੰ ਆਪਣੇ ਦਿਲ ਦੀਆਂ ਰਮਜ਼ਾਂ ਕਿਸੇ ਨਾ ਕਿਸੇ ਨਾਲ਼ ਜ਼ਰੂਰ ਖੋਲ੍ਹ ਲੈਣੀਆਂ ਚਾਹੀਦੀਆਂ ਹਨ। ਭਾਵਨਾਵਾਂ ਦਾ ਆਦਾਨ - ਪ੍ਰਦਾਨ ਜ਼ਰੂਰ ਹੋਣਾ ਚਾਹੀਦਾ ਹੈ , ਭਾਵੇਂ ਕਿਸੇ ਨਾਲ ਵੀ ਹੋਵੇ। ਖੁਸ਼ੀਆਂ - ਖੇੜੇ ਸਾਡੇ ਆਸ - ਪਾਸ ਕਿਸੇ ਨਾ ਕਿਸੇ ਰੂਪ ਵਿੱਚ ਪਏ ਹੁੰਦੇ ਹਨ , ਬਸ ਜ਼ਰੂਰਤ ਹੁੰਦੀ ਹੈ ਸਾਨੂੰ “ ਜ਼ਿੰਦਗੀ ਦੀ ਜ਼ੀਰੋ “ ਤੋਂ ਬਾਹਰ ਨਿਕਲਣ ਦੀ। ਇਹ “ ਜ਼ਿੰਦਗੀ ਦੀ ਜ਼ੀਰੋ “ ਉਹ ਸਥਿਤੀ ਹੁੰਦੀ ਹੈ , ਜਦੋਂ ਅਸੀਂ ਕਈ ਪਾਸਿਓਂ ਲਾਚਾਰ , ਮਜਬੂਰ ਜਾਂ ਚਿੰਤਾਵਾਂ ਵਿਚ ਘਿਰ ਜਾਂਦੇ ਹਾਂ ਤੇ ਸਾਨੂੰ ਲਗਦਾ ਹੈ ਕਿ ਹੁਣ ਸਾਡੀ ਕੋਈ ਸੁਣਨ ਵਾਲਾ ਨਹੀਂ ਰਿਹਾ। ਜੋ ਵਿਅਕਤੀ ਇਸ “ ਜ਼ਿੰਦਗੀ ਦੀ ਜ਼ੀਰੋ “ ਤੋਂ ਬਾਹਰ ਆ ਗਿਆ , ਉਹ ਜ਼ਿੰਦਗੀ ਦੇ ਬਦਲਾਅ ਨੂੰ ਵੀ ਸਵੀਕਾਰੇਗਾ , ਉਹ ਚੰਗਾ ਭਵਿੱਖ ਵੀ ਮਾਣੇਗਾ ਤੇ ਉਹ ਕਦੇ ਵੀ ਕੋਈ ਗਲਤ ਕਦਮ ਨਹੀਂ ਚੁੱਕੇਗਾ। ਆਓ ! “ ਜ਼ਿੰਦਗੀ ਦੀ ਜ਼ੀਰੋ “ ਨੂੰ ਤੋੜੀਏ।

**ਮਾਸਟਰ ਸੰਜੀਵ ਧਰਮਾਣੀ .**
**ਸ਼੍ਰੀ ਅਨੰਦਪੁਰ ਸਾਹਿਬ .**
9478561356 .







# ਮੀਡੀਆ ਤੋਂ ਬਾਅਦ ਨਿਆਂ ਪ੍ਰਣਾਲੀ ਨੂੰ ਖੂੰਜੇ ਲਾਉਣ ਦੀਆਂ ਤਿਆਰੀਆਂ



ਨਿਸ਼ਾਨ ਸਿੰਘ ਰਾਠੌਰ (ਡਾ.)
ਪਿੱਪਲੀ, ਕੁਰੂਕਸ਼ੇਤਰ।
ਮੋ. 75892-33437

ਲੋਕਤੰਤਰ ਦੇ ਚਾਰ ਥੰਮ੍ਹਾਂ ਵਿੱਚੋਂ ਨਿਰਪੱਖ ਮੀਡੀਆ ਅਤੇ ਨਿਆਂ ਪ੍ਰਣਾਲੀ ਦੀ ਬਹੁਤ ਮਹੱਤਵਪੂਰਨ ਅਤੇ ਸਾਰਥਕ ਜਗ੍ਹਾ ਹੁੰਦੀ ਹੈ। ਇਹਨਾਂ ਥੰਮਾਂ ਤੋਂ ਬਿਨਾਂ ਲੋਕਤੰਤਰ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਪਰ ਅਫ਼ਸੋਸ ! ਪਿਛਲੇ ਕੁਝ ਸਾਲਾਂ ਤੋਂ ਲੋਕਤੰਤਰ ਦੇ ਇਹਨਾਂ ਥੰਮ੍ਹਾਂ ਨੂੰ ਲਗਾਤਾਰ ਕਮਜ਼ੋਰ ਕੀਤਾ ਜਾ ਰਿਹਾ ਹੈ। ਮੀਡੀਆ ਦੀ ਗੱਲ ਕਰਦਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਨਿਰਪੱਖ ਪੱਤਰਕਾਰਤਾ ਹੁਣ ਬੀਤੇ ਜ਼ਮਾਨੇ ਦੀ ਗੱਲ ਹੋ ਚੁਕੀ ਹੈ। ਵਿਰੋਧਤਾ ਅਤੇ ਆਲੋਚਨਾਵਾਂ ਨੂੰ ਦੇਸ਼ ਵਿਰੋਧੀ ਗਤੀਵਿਧੀਆਂ ਦਾ ਨਾਮ ਦੇ ਕੇ ਅਸਲੋਂ ਹੀ ਖ਼ਤਮ ਕਰ ਦਿੱਤਾ ਗਿਆ ਹੈ।

ਕੁਝ ਸਾਲ ਪਹਿਲਾਂ ਤੱਕ ਅਖ਼ਬਾਰ 'ਚ ਛਪੀ ਖ਼ਬਰ ਨੂੰ 'ਅੰਤਿਮ ਸੱਚ' ਮੰਨ ਲਿਆ ਜਾਂਦਾ ਸੀ। ਪਰ ਹੁਣ ਅਜਿਹਾ ਨਹੀਂ ਹੈ। ਅੱਜ ਪਾਠਕਾਂ, ਦਰਸ਼ਕਾਂ ਕੋਲ ਸੂਚਨਾ ਪ੍ਰਾਪਤੀ ਦੇ ਬਹੁਤ ਸਾਰੇ ਸਾਧਨ ਮੌਜੂਦ ਹਨ। ਉਹ ਹਰ ਸਾਧਨ ਦੀ ਵਰਤੋਂ ਕਰਕੇ 'ਅੰਤਿਮ ਸੱਚ' ਤੱਕ ਪਹੁੰਚਣਾ ਚਾਹੁੰਦੇ ਹਨ। ਇਹਨਾਂ ਬਹੁਤ ਸਾਰੇ ਵਿਕਲਪਾਂ ਕਰਕੇ ਪੱਤਰਕਾਰਤਾ ਦੀ ਨਿਰਪੱਖਤਾ ਨੂੰ ਖੋਰਾ ਲੱਗਾ ਹੈ ਕਿਉਂਕਿ ਹਰ ਖ਼ਬਰ ਨੂੰ ਹਰ ਅਦਾਰਾ ਆਪਣੀ ਵਿਚਾਰਧਾਰਾ ਦੇ ਮੁਤਾਬਿਕ ਢਾਲ ਕੇ ਪਾਠਕਾਂ, ਦਰਸ਼ਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਇੱਕ ਸਾਧਨ ਨਾਲ ਜਦੋਂ ਪਾਠਕ, ਦਰਸ਼ਕ\ ਦੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਉਹ ਹੋਰ ਵਸੀਲਿਆਂ ਰਾਹੀਂ ਖ਼ਬਰ ਪ੍ਰਾਪਤ ਕਰ ਲੈਂਦਾ ਹੈ। ਇਸ ਨਾਲ ਸੰਬੰਧਤ ਅਦਾਰੇ ਦੀ ਕਾਰਜਸ਼ੈਲੀ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ ਕਿਉਂਕਿ ਉਸ ਅਦਾਰੇ ਨੇ ਹਰ ਖ਼ਬਰ ਨੂੰ ਆਪਣੇ ਅਦਾਰੇ ਦੀ ਵਿਚਾਰਧਾਰਾ ਦੀ ਪੁੱਠ ਚਾੜੀ ਹੁੰਦੀ ਹੈ। ਖ਼ੈਰ ! ਪਿਛਲੀ ਦਿਨੀਂ ਦੋ ਵੱਡੀਆਂ ਘਟਨਾਵਾਂ ਵਾਪਰੀਆਂ ਹਨ ਜਿਹਨਾਂ ਕਰਕੇ ਨਿਆਂ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਮਨਸੂਬੇ ਆਮ ਲੋਕਾਂ ਦੇ ਸਾਹਮਣੇ ਉਜਾਗਰ ਹੋ ਗਏ ਹਨ। ਪਹਿਲੀ ਘਟਨਾ, ਹੈਦਰਾਬਾਦ 'ਚ ਇੱਕ ਡਾਕਟਰ ਕੁੜੀ ਨਾਲ ਬਲਾਤਕਾਰ ਦੇ ਚਾਰ ਮੁਜ਼ਰਮਾਂ ਨੂੰ ਪੁਲਿਸ ਨੇ 6 ਦਸੰਬਰ 2019 ਨੂੰ ਇੱਕ ਮੁਕਾਬਲੇ 'ਚ ਮਾਰ ਮੁਕਾਇਆ। ਇਹ ਪੁਲਿਸ ਮੁਕਾਬਲਾ ਠੀਕ ਉਸੇ ਜਗ੍ਹਾ ਤੇ ਹੋਇਆ ਜਿੱਥੇ ਉਸ ਕੁੜੀ ਨਾਲ ਬਲਾਤਕਾਰ ਕੀਤਾ ਗਿਆ ਸੀ।

ਦੂਜੀ ਘਟਨਾ, ਯੂ. ਪੀ. ਦੇ ਮਸ਼ਹੂਰ ਗੈਂਗਸਟਰ ਵਿਕਾਸ ਦੂਬੇ ਦਾ 9 ਜੁਲਾਈ 2020 ਨੂੰ ਹੋਇਆ ਇਨਕਾਉਂਟਰ ਹੈ। ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਹੈ ਕਿ ਬਹੁ-ਗਿਣਤੀ ਲੋਕ ਇਹਨਾਂ ਦੋਵਾਂ ਘਟਨਾਵਾਂ ਤੋਂ ਖੁਸ਼ ਹਨ। ਲੋਕਾਂ ਦੀ ਇਸ ਮਨੋਸਥਿਤੀ ਪਿੱਛੇ 'ਛੇਤੀ ਨਿਆਂ' ਪਾਉਣ ਦੀ ਲਾਲਸਾ ਲੁਕੀ ਹੋਈ ਹੈ। ਉਂਝ ਇਹ ਲਾਜ਼ਮੀ ਵੀ ਹੈ ਕਿ ਆਮ ਲੋਕਾਂ ਨੂੰ ਜਲਦ ਨਿਆਂ ਮਿਲਣਾ ਚਾਹੀਦਾ ਹੈ ਪਰ ! ਉਸ ਨਿਆਂ ਵਾਸਤੇ ਸਮੁੱਚੀ ਨਿਆਂ ਪ੍ਰਣਾਲੀ ਨੂੰ ਸੂਲੀ ਨਹੀਂ ਟੰਗਿਆ ਜਾਣਾ ਚਾਹੀਦਾ। ਪਰ ! ਲੋਕ ਸਮਝ ਨਹੀਂ ਰਹੇ। ਉਹ ਨਹੀਂ ਜਾਣਦੇ ਕਿ ਉਹਨਾਂ ਦੀ 'ਸਹਿਮਤੀ' ਬਾਅਦ ਇਹ ਵਰਤਾਰਾ ਭਿਆਨਕ ਰੂਪ ਅਖ਼ਤਿਆਰ ਕਰ ਜਾਵੇਗਾ। ਇਸ ਕਥਨ ਵਿਚ ਭੋਰਾ ਵੀ ਝੂਠ ਨਹੀਂ ਹੈ।

ਹਾਲਾਂਕਿ ਉਪਰੋਕਤ ਦੋਹਾਂ ਘਟਨਾਵਾਂ 'ਚ ਮਰਨ ਵਾਲੇ ਕੋਈ ਮਾਸੂਮ ਬੱਚੇ ਨਹੀਂ ਸਨ ਬਲਕਿ ਵੱਡੇ ਅਪਰਾਧੀ ਸਨ। ਪਰ ! ਉਹਨਾਂ ਨੂੰ ਪੁਲਿਸ ਹੱਥੋਂ ਮਾਰਨ ਵਾਲਾ ਇਹ ਢੰਗ ਨਿਆਂ ਪ੍ਰਣਾਲੀ ਉੱਪਰ ਲੱਗਾ ਸਵਾਲੀਆ ਨਿਸ਼ਾਨ ਹੈ। ਜਿਹੜਾ ਵਰਤਾਰਾ ਯੂ. ਪੀ. ਜਾਂ ਹੈਦਰਾਬਾਦ 'ਚ ਹੋਇਆ ਇਹੋ ਵਰਤਾਰਾ ਪੰਜਾਬ ਵਿਚ 1984 ਤੋਂ 1992,93 ਤੱਕ ਸਿਖ਼ਰ ਤੇ ਸੀ। ਪਰ ! ਇੱਥੇ ਧਿਆਨ ਰੱਖਣ ਵਾਲੀ ਗੱਲ ਇਹ ਹੈ ਇਸਦਾ ਖਮਿਆਜਾ ਜਿੱਥੇ ਆਮ ਲੋਕਾਂ ਨੂੰ ਭੁਗਤਣਾ ਪਿਆ ਉੱਥੇ ਹਕੂਮਤਾਂ ਵੀ ਇਸਦੇ ਪ੍ਰਭਾਵਾਂ ਤੋਂ ਬਚ ਨਹੀਂ ਸਕੀਆਂ। ਖ਼ੈਰ ! ਹੈਦਰਾਬਾਦ ਅਤੇ ਯੂ. ਪੀ. ਵਿਚ ਹੋਇਆ ਘਟਨਾਕ੍ਰਮ ਨਿਆਂ ਪ੍ਰਣਾਲੀ ਨੂੰ ਖੂੰਜੇ ਲਾਉਣ ਦੀ ਸਿੱਧੀ ਤਿਆਰੀ ਹੈ। ਅਜੇ ਇਹ ਵਰਤਾਰਾ ਮੱਧਮ ਹੈ ਪਰ ਜਦੋਂ ਰਫ਼ਤਾਰ ਫੜ ਗਿਆ ਫੇਰ ਇਸਦੇ ਪ੍ਰਭਾਵ ਭਿਆਨਕ ਅਤੇ ਡਰਾਉਣੇ ਨਿਕਲਣਗੇ। ਪਰ ਅਫ਼ਸੋਸ ! ਆਮ ਲੋਕ ਅਜੇ ਜਸ਼ਨਾਂ 'ਚ ਮਸ਼ਰੂਫ ਹਨ। ਪਰ ! ਜਦੋਂ ਅੱਖ ਖੁੱਲੀ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ।

ਯੂ. ਪੀ. ਦੇ ਬਦਮਾਸ਼ ਵਿਕਾਸ ਦੂਬੇ ਦੇ ਇਨਕਾਉਂਟਰ ਦੀ ਗੱਲ ਕਰੀਏ ਤਾਂ ਉਹ ਕੋਈ ਨਵਾਂ ਬਦਮਾਸ਼ ਨਹੀਂ ਸੀ ਬਲਕਿ ਉਸਦੀ ਦਹਿਸ਼ਤ 1999 ਤੋਂ ਵੱਧਣੀ ਸ਼ੁਰੂ ਹੋ ਗਈ ਸੀ। ਉਸਦੇ ਬਹੁਤ ਸਾਰੇ ਵੱਡੇ ਆਗੂਆਂ ਨਾਲ ਸੰਬੰਧ ਸਨ। ਉਹ ਸਿਆਸਤ ਵਿਚ ਸਰਗਰਮ ਸੀ। ਪਰ ! ਹੁਣ ਚਰਚਾ ਨੂੰ ਇੱਥੋਂ ਤੱਕ ਹੀ ਸੀਮਤ ਕਰਕੇ ਰੱਖ ਦਿੱਤਾ ਗਿਆ ਹੈ ਕਿ ਪੁਲਿਸ ਨੇ ਵਿਕਾਸ ਦੂਬੇ ਨੂੰ ਮਾਰ ਕੇ 'ਵੱਡੇ ਆਗੂ' ਬਚਾ ਲਏ। ਪਰ ! ਇਹ ਅੰਤਿਮ ਅਤੇ ਪੂਰਾ ਸੱਚ ਨਹੀਂ ਹੈ।


ਇਹਨਾਂ ਘਟਨਾਵਾਂ ਪਿੱਛੇ ਲੋਕਾਂ ਦੇ ਮਨਾਂ ਨੂੰ 'ਨਵੇਂ' ਨਿਆਇਕ ਢਾਚੇ ਦੇ ਅਨੁਰੂਪ ਢਾਲਣ ਦਾ ਪਹਿਲਾ ਯਤਨ ਕਿਹਾ ਜਾ ਸਕਦਾ ਹੈ। ਉੱਪਰ ਲਿਖੇ ਅਨੁਸਾਰ, 'ਅਜੇ ਇਹ ਵਰਤਾਰਾ ਆਮ ਨਹੀਂ, ਮੱਧਮ ਹੈ। ਪਰ ! ਸਹਿਜੇ-ਸਹਿਜੇ ਇਹ ਵਰਤਾਰਾ ਆਮ ਹੋ ਜਾਵੇਗਾ। ਆਮ ਲੋਕ ਨਿਆਂ ਪ੍ਰਾਪਤੀ ਲਈ ਇਸ ਢੰਗ ਦਾ ਸਹਾਰਾ ਭਾਲਣ ਲੱਗਣਗੇ ਅਤੇ ਫੇਰ ਮੌਜੂਦਾ ਨਿਆਂ ਪ੍ਰਣਾਲੀ ਸਦਾ ਲਈ ਅਲੋਪ ਹੋ ਜਾਵੇਗੀ।

**ਹਾਕਮ ਜਮਾਤ ਨੂੰ ਹੋਣ ਵਾਲਾ ਨਫ਼ਾ :**

ਕਿਸੇ ਵੀ ਦੇਸ਼, ਰਾਜ ਵਿਚ ਹਾਕਮ ਜਮਾਤ ਦਾ ਮੂਲ ਮਕਸਦ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ। ਇਸ ਲਈ ਉਹ ਲੋਕ-ਲਹਿਰ ਨੂੰ ਆਪਣੇ ਪੱਖ 'ਚ ਕਰਨ ਲਈ ਹਰ ਹੀਲਾ ਵਰਤਦੇ ਹਨ। ਇੱਥੇ ਕਿਸੇ ਇੱਕ ਪਾਰਟੀ, ਸਰਕਾਰ ਜਾਂ ਵਿਅਕਤੀ ਵਿਸ਼ੇਸ਼ ਦੀ ਗੱਲ ਨਹੀਂ ਬਲਕਿ 'ਰਾਜਸੀ ਮਨੋਬਿਰਤੀ' ਦੀ ਗੱਲ ਹੈ। ਪਾਰਟੀ ਕੋਈ ਵੀ ਹੋਵੇ; ਸੱਤਾ ਚਾਹੁੰਦੀ ਹੈ, ਤਾਕਤ ਚਾਹੁੰਦੀ ਹੈ। ਇਸ ਸੱਤਾ, ਤਾਕਤ ਲਈ ਆਮ ਲੋਕਾਂ ਦੀ ਪ੍ਰਵਾਨਗੀ ਪਾਉਣਾ ਸਰਵੋਤਮ ਗੁਣ ਮੰਨਿਆ ਜਾਂਦਾ ਹੈ। ਵੋਟਾਂ ਵੇਲੇ ਅਜਿਹੇ ਬਹੁਤ ਸਾਰੇ ਕੰਮ ਨੇਪਰੇ ਚਾੜੇ ਜਾਂਦੇ ਹਨ ਜਿਹਨਾਂ ਦੁਆਰਾ ਲੋਕ-ਲਹਿਰ ਨੂੰ ਆਪਣੇ ਪੱਖ 'ਚ ਭੁਗਤਾਇਆ ਜਾ ਸਕੇ।

ਅਸਲ ਵਿਚ ਅੱਜ ਦਾ ਦੌਰ ਕਾਹਲੀ ਦਾ ਦੌਰ ਹੈ। ਮਨੁੱਖ ਹਰ ਸ਼ੈਅ ਨੂੰ ਜਲਦ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ। ਨਿਆਂ ਵੀ ਉਸੇ ਸ਼ੈਅ ਦਾ ਇੱਕ ਹਿੱਸਾ ਹੈ। ਪਰ ਅਫ਼ਸੋਸ ! ਨਿਆਂ ਪ੍ਰਣਾਲੀ ਬਹੁਤ ਲੇਟ-ਲਤੀਫ਼ੀ ਦਾ ਸ਼ਿਕਾਰ ਹੋ ਚੁਕੀ ਹੈ। ਇਸ ਦੇਰੀ ਲਈ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹਨ। ਜੱਜ, ਅਦਾਲਤਾਂ ਦੀ ਘਾਟ, ਵੱਧਦੇ ਅਪਰਾਧ, ਵਿਚੋਲਿਆਂ ਦੀ ਭਾਗੀਦਾਰੀ, ਭ੍ਰਿਸ਼ਟ ਪੁਲਿਸ-ਤੰਤਰ, ਕਾਨੂੰਨਾਂ ਪ੍ਰਤੀ ਜਾਗਰੂਕਤਾ ਦੀ ਘਾਟ ਅਤੇ ਹਾਕਮਾਂ ਦੀ ਦਖ਼ਲਅੰਦਾਜ਼ੀ ਆਦਿਕ ਪ੍ਰਮੁੱਖ ਹਨ। ਖ਼ੈਰ ! ਹਾਕਮ ਛੇਤੀ ਨਿਆਂ ਦੀ ਇਵਜ਼ ਵੱਜੋਂ ਮੌਜੂਦਾ ਨਿਆਂ ਪ੍ਰਣਾਲੀ ਨੂੰ ਅਸਲੋਂ ਹੀ ਰੱਦ ਕਰ ਦੇਣਾ ਚਾਹੁੰਦਾ ਹੈ ਤਾਂ ਕਿ ਆਮ ਲੋਕਾਂ ਵੱਲੋਂ ਨਿਆਂ ਦੀ ਆਸ ਲਈ ਵੀ ਉਸੇ (ਹਾਕਮ) ਵੱਲ ਦੇਖਿਆ ਜਾਵੇ। ਮੀਡੀਆ ਦੇ ਨੱਕ 'ਚ ਨਕੇਲ ਪਾਉਣ ਤੋਂ ਬਾਅਦ ਅਗਲੀ ਵਾਰੀ ਨਿਆਂ ਪ੍ਰਣਾਲੀ ਦੀ ਹੈ ਤਾਂ ਕਿ ਇਸਦੀ ਅਹਿਮੀਅਤ ਨੂੰ ਖ਼ਤਮ ਕਰਕੇ ਸਿਆਸੀ ਹੱਥਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਕਰ ਦਿੱਤਾ ਜਾਵੇ ਤਾਂ ਕਿ ਆਮ ਲੋਕ ਹਰ ਖ਼ਬਰ ਨੂੰ ਹਾਕਮ ਦੀ ਅੱਖ ਰਾਹੀਂ ਵੇਖਣ ਅਤੇ ਨਿਆਂ ਲਈ ਹਾਕਮ ਦੇ ਮੂੰਹ ਵੱਲ ਤੱਕਣ।

ਇਹ ਵਰਤਾਰਾ ਇੱਕ ਦਿਨ ਦੀ ਯੋਜਨਾ ਨਾਲ ਨੇਪਰੇ ਨਹੀਂ ਚਾੜਿਆ ਜਾ ਸਕਦਾ; ਇਸ ਗੱਲ ਨੂੰ ਹਾਕਮ ਜਮਾਤ ਬਾਖ਼ੂਬੀ ਜਾਣਦੀ ਹੈ। ਇਸ ਲਈ ਪਹਿਲੇ ਦੌਰ ਵਿਚ ਲੋਕ ਪ੍ਰਵਾਨਗੀ ਲਾਜ਼ਮੀ ਹੈ। ਇਸ ਲਈ ਟਾਰਗੇਟ ਅਜਿਹੇ ਚੁਣੇ ਜਾ ਰਹੇ ਹਨ ਜਿਹਨਾਂ ਨੂੰ ਸੌਖਾ ਛੁੰਡਿਆ ਜਾ ਸਕੇ ਅਤੇ ਲੋਕ-ਲਹਿਰ ਨੂੰ ਆਪਣੇ ਪੱਖ 'ਚ ਭੁਗਤਾਇਆ ਜਾ ਸਕੇ। ਪਰ ! ਲੋਕ ਇਸ ਵਿਉਂਤਬੰਦੀ ਤੋਂ ਅਣਜਾਣ ਹਨ। ਜਦੋਂ ਨੂੰ ਸਮਝ ਆਊਗੀ ਉਦੋਂ ਤੱਕ ਬਹੁਤ ਦੇਰ ਹੋ ਚੁਕੀ ਹੋਵੇਗੀ।



# ਲੋਪ ਹੋ ਰਹੇ ਰਿਸ਼ਤਿਆਂ ਦੇ ਨਾਂ

ਸਮਾਂ ਬਦਲ ਰਿਹਾ ਹੈ, ਖ਼ਾਸ ਤੌਰ ਤੇ ਤਕਨੀਕੀ ਯੁੱਗ ਵਿੱਚ ਕੁੱਝ ਜਿਆਦਾ ਤੇਜ਼ੀ ਨਾਲ ਬਦਲ ਰਿਹਾ ਹੈ। ਸੱਭਿਆਚਾਰ ਅਤੇ ਸੱਭਿਆਚਾਰਕ ਸਾਂਝ ਵਿੱਚ ਵੀ ਬਦਲਾਅ ਦਰਜ ਹੋਏ ਹਨ। ਸਾਂਝੇ ਪਰਿਵਾਰ ਇਕੱਹਰੇ ਹੋ ਗਏ ਹਨ। ਰਿਸ਼ਤਿਆਂ ਦਾ ਨਿੱਘ ਪਦਾਰਥਵਾਦੀ ਯੁੱਗ ਵਿੱਚ ਘੱਟਦਾ ਜਾ ਰਿਹਾ ਹੈ। ਪੁੱਤ-ਕਪੁੱਤ ਹੁੰਦੇ ਸੁਣੇ ਸੀ ਅੱਜ-ਕੱਲ੍ਹ ਮਾਪੇ-ਕੁਮਾਪੇ ਹੋਣ ਦੀ ਖ਼ਬਰਾਂ ਵੀ ਨਸ਼ਰ ਹੋ ਰਹੀਆਂ ਹਨ। ਸੱਭ ਕੁੱਝ ਹੋਣ ਦੇ ਬਾਵਜੂਦ ਜੇਕਰ ਇਨਸਾਨ ਥੋੜਾ ਜਿਹਾ ਠਹਿਰ ਕੇ ਆਪਣੇ ਅਮੀਰ ਵਿਰਸੇ, ਇਤਿਹਾਸ, ਵਿਰਾਸਤ, ਸੱਭਿਆਚਾਰ ਦੇ ਅਤੀਤ ਵਿੱਚ ਝਾਤ ਮਾਰ ਲਵੇ ਤਾਂ ਜੀਵਣ ਦਾ ਪੰਧ ਸੌਖਾ ਅਤੇ ਅਨੰਦ ਭਰਪੂਰ ਹੋ ਸਕਦਾ ਹੈ। ਇੱਕਹਰੇ ਪਰਿਵਾਰਾਂ ਦੀ ਪ੍ਰਪਾਟੀ ਨੇ ਰਿਸ਼ਤਿਆਂ ਦੇ ਨਿੱਘ ਅਤੇ ਰਿਸ਼ਤਿਆਂ ਦੇ ਨਾਂਵਾਂ ਨੂੰ ਆਪਣੇ ਅੰਦਰ ਦਫਨ ਕਰ ਲਿਆ ਹੈ। ਅੱਜ ਨਵੀਂ ਪੀੜ੍ਹੀ ਦੇ ਬੱਚੇ ਅਤੇ ਨੌਜਵਾਨ ਪਰਿਵਾਰਕ ਰਿਸ਼ਤਿਆਂ ਦੇ ਨਿੱਘ ਅਤੇ ਨਾਵਾਂ ਦੋਹਾਂ ਤੋਂ ਅਨਜਾਣ ਹਨ। ਅੰਗਰੇਜ਼ੀ ਦੇ ਸ਼ਬਦ 'ਅੰਕਲ-ਆਂਟੀ' ਨੇ ਸਾਰਾ ਕੁੱਝ ਲਪੇਟ ਕੇ ਰੱਖ ਲਿਆ ਹੈ। ਦਾਦਾ-ਦਾਦੀ (ਵੱਡੇ ਪਾਪਾ-ਵੱਡੀ ਮਾਂ), ਭੈਣ-ਭਰਾ (ਬਰੋ-ਸਿਸ), ਬੇਬੇ-ਬਾਪੂ (ਮੌਮ-ਡੈਡ) ਹੋ ਗਿਆ ਤੇ ਰਹੇ ਨਜ਼ਦੀਕੀ ਰਿਸ਼ਤੇ ਚਾਚਾ-ਚਾਚੀ, ਮਾਮਾ-ਮਾਮੀ, ਮਾਸੀ-ਮਾਸੜ, ਤਾਈ-ਤਾਇਆ, ਭੂਆ-ਫੁੱਫੜ, ਜੇਠ-ਜੇਠਾਣੀ, ਦਿਓਰ-ਭਰਜਾਈ ਦਾ ਉਚਾਰਣ ਤਾਂ ਪਿੰਡਾਂ ਕਸਬਿਆਂ ਤੱਕ ਹੀ ਸੀਮਿਤ ਹੋ ਕੇ ਰਿਹਾ ਗਿਆ ਹੈ ਅਤੇ ਬਿਨ੍ਹਾਂ ਸ਼ੱਕ ਉੱਥੇ ਵੀ ਸੁੰਘੜਦਾ ਜਾ ਰਿਹਾ ਹੈ। ਸਹੁਰੇ ਅਤੇ ਪੇਕੇ ਪਰਿਵਾਰ ਦੇ ਆਪਸੀ ਰਿਸ਼ਤਿਆਂ ਦੇ ਨਾਂ ਅੱਜ ਅਲੋਪ ਹੁੰਦੇ ਜਾ ਰਹੇ ਹਨ। ਸਹੁਰੇ ਪਰਿਵਾਰ ਦੇ ਦਾਦੇ ਨੂੰ ਦਦਿਓਰਾ ਅਤੇ ਸੱਸ ਦੇ ਪੇਕੇ ਪਰਿਵਾਰ ਵਿੱਚ ਨਨਿਓਰਾ ਆਦਿ। ਇਸੇ ਤਰ੍ਹਾਂ ਸਹੁਰੇ ਪਰਿਵਾਰ ਵਿੱਚ ਸੱਸ ਦੀ ਭੈਣ ਨੂੰ ਮਾਸੀ ਸੱਸ, ਸੱਸ ਦੀ ਭਰਜਾਈ ਨੂੰ ਮਾਮੀ ਸੱਸ ਜਾਂ ਮਾਮੇਸ ਅਤੇ ਸਹੁਰੇ ਦੀ ਭੈਣ ਨੂੰ ਭੂਆ ਸੱਸ ਜਾਂ 'ਫੁਫੇਸ' ਆਦਿ ਰਿਸ਼ਤਿਆਂ ਦੇ ਨਾਵਾਂ ਤੋਂ ਅਜੋਕੀ ਪੀੜ੍ਹੀ ਕੁੱਝ ਨਹੀ ਜਾਣਦੀ। ਕੁੱਝ ਹੋਰ ਰਿਸ਼ਤਿਆਂ ਦੇ ਨਾਵਾਂ ਦਾ ਜ਼ਿਕਰ ਕਰਦੇ ਹਾਂ। ਵਿਆਹ ਤੋਂ ਬਾਅਦ ਨਵੀਂ ਜੋੜੀ ਦਾ ਜੋੜ ਜਿੱਥੇ ਜੁੜਦਾ ਹੈ ਉੱਥੇ ਨਵੇਂ ਰਿਸ਼ਤੇ ਵੀ ਨਾਲ ਜੁੜ ਜਾਂਦੇ ਹਨ। ਦੋਵੇਂ ਲੜਕਾ-ਲੜਕੀ ਲਈ ਇੱਕ ਦੂਜੇ ਦੇ ਰਿਸ਼ਤੇਦਾਰ ਜਿਵੇਂ ਚਾਚੇ-ਤਾਏ ਪਤਿਓਰੇ ਬਣ ਜਾਂਦੇ ਨੇ ਅਤੇ ਚਾਚੀ-ਤਾਈ ਪਤੀਸ ਅਖਵਾਉਂਦੇ ਹਨ। ਭਰਾ ਦੇ ਮੁੰਡਾ-ਕੁੜੀ ਨੂੰ ਭਤੀਜਾ ਭਤੀਜੀ ਅਤੇ ਭੈਣ ਦੇ ਮੁੰਡੇ-ਕੁੜੀ ਨੂੰ ਭਨੇਵਾਂ-ਭਨੇਵੀਂ ਕਿਹਾ ਜਾਂਦਾ ਹੈ। ਘਰਵਾਲੀ ਦੇ ਭਰਾ-ਭਰਜਾਈ ਨੂੰ ਸਾਲਾ-ਸਾਲੇਹਾਰ ਅਤੇ ਭੈਣ-ਜੀਜੇ ਨੂੰ ਸਾਲੀ ਅਤੇ ਸਾਂਢੂ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਘਰਵਾਲੇ ਦੇ ਵੱਡੇ ਭਰਾ-ਭਰਜਾਈ ਨੂੰ ਜੇਠ-ਜੇਠਾਣੀ, ਛੋਟੇ ਭਰਾ-ਭਰਜਾਈ ਨੂੰ ਦਿਓਰ-ਦਰਾਣੀ ਅਤੇ ਭੈਣ ਅਤੇ ਜੀਜੇ ਨੂੰ ਨਨਾਣ-ਨਨਾਣਵਈਆ ਕਿਹਾ ਜਾਂਦਾ ਹੈ। ਉਪਰੋਕਤ ਨਾਵਾਂ ਦੇ ਉਚਾਰਣ ਨਾਲ ਹੀ ਸਬੰਧਿਤ ਵਿਅਕਤੀ ਦਾ ਅਗਲੇ ਵਿਅਕਤੀ ਦਾ ਰਿਸ਼ਤਾ ਸਪੱਸ਼ਟ ਹੋ ਜਾਂਦਾ ਹੈ। ਅੱਜ ਰਿਸ਼ੇਤਾਦਰਾਂ ਦੇ ਨਾਂ ਅਲੋਪ ਹੋ ਰਹੇ ਹਨ। ਘਰ ਦੇ ਬਜ਼ੁਰਗਾਂ ਸਮੇਤ ਮਾਤਾ-ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਕਿਸੇ ਘਰੇਲੂ ਸਮਗਾਮਾਂ ਦੌਰਾਨ ਆਪ ਅੱਗੇ ਹੋ ਕੇ ਆਪਣੇ ਰਿਸ਼ੇਤਦਾਰਾਂ ਨਾਲ ਮਿਲਵਾਉਣ ਅਤੇ ਉਹਨਾਂ ਨਾਲ ਉਹਨਾਂ ਦੇ ਰਿਸ਼ਤਿਆਂ ਨੂੰ ਨਾਵਾਂ ਸਮੇਤ ਦੱਸਣ ਤਾਂ ਕਿ ਸਾਡੇ ਬੱਚੇ ਇਹਨਾਂ ਰਿਸ਼ਤਿਆਂ ਦਾ ਨਿੱਘ ਵੀ ਮਾਣ ਸਕਣ ਅਤੇ ਰਿਸ਼ਤਿਆਂ ਦੇ ਨਾਵਾਂ ਸਮੇਤ ਰਿਸ਼ਤੇਦਾਰਾਂ ਨੂੰ ਜਾਣ-ਪਹਿਚਾਣ ਵੀ ਸਕਣ। ਇਹੀ ਸਾਡਾ ਸੱਭਿਆਚਾਰ ਅਤੇ ਵਿਰਸਾ ਹੈ।

- ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।




**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।। ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ**

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ



## ਸਾਚਾ ਗੁਰੂ ਲਾਧੋ ਰੇ ਦਿਵਸ

### ਮਨਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਸੰਗਤਾਂ ਨੂੰ ਇਹ ਬਚਨ ਕਹੇ ਬਾਬਾ ਬੇ ਗਰਾਮ ਬਕਾਲੇ ਇਹ ਸੁਣ ਕੇ ਨਕਲੀ ਗੁਰੂ ਬਾਬੇ ਬਕਾਲੇ ਗੱਦੀਆਂ ਲਾ ਕੇ ਬੈਠ ਗਏ ਜਦੋਂ ਬਾਬਾ ਮੱਖਣ ਸ਼ਾਹ ਲੁਬਾਣਾ ਜਿਸ ਦੀ ਅਰਦਾਸ ਸੁਣ ਕੇ ਗੁਰੂ ਜੀ ਨੇ ਡੁੱਬਦਾ ਜਹਾਜ ਕਿਨਾਰੇ ਲਗਾਇਆ ਸੀ ਉਹ ਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਬਾਬੇ ਬਕਾਲੇ ਪਹੁੰਚਿਆ। ਮੱਖਣ ਸ਼ਾਹ ਨਕਲੀ ਡੰਮ ਗੁਰੂ ਦੀਆਂ 22 ਮੰਜੀਆਂ ਦੇਖ ਕੇ ਹੈਰਾਨ ਹੋ ਗਿਆ। ਸਾਰਿਆਂ ਨੂੰ ਪਰਖਣ ਤੋਂ ਬਾਅਦ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕੀਤਾ ਅਤੇ ਕੋਠੇ ਤੇ ਚੜ੍ਹ ਕੇ ਉਚੀ ਉਚੀ ਪੁਕਾਰ ਕੇ ਕਹਿਣ ਲੱਗਾ ਗੁਰੂ ਲਾਧੋ ਰੇ, ਗੁਰੂਲਾਧੋ ਰੇ। ਇਹ ਬਚਨ ਸੰਗਤਾਂ ਨੂੰ ਯਾਦ ਕਰਵਾਉਣ ਲਈ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵੱਲੋਂ ਹਰ ਸਾਲ ਗੁਰੂ ਲਾਧੋ ਕੇ ਦਿਵਸ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

## ਪ੍ਰੋਗਰਾਮ

## 09 ਅਗਸਤ ਦਿਨ ਐਤਵਾਰ

**ਸਵੇਰੇ 10 ਵਜੇ ਤੋਂ ਸ਼ਾਮ 4.00 ਵਜੇ ਤੱਕ ਦੀਵਾਨ ਸਜਣਗੇ।**

**ਆਰੰਭ ਸ੍ਰੀ ਅਖੰਡ ਪਾਠ 07 ਅਗਸਤ ਸਵੇਰੇ 10.30 ਵਜੇ**

**ਸਮਾਪਤੀ ਸ੍ਰੀ ਅਖੰਡ ਪਾਠ 09 ਅਗਸਤ ਸਵੇਰੇ 10.00 ਵਜੇ**

**ਉਪਰੰਤ ਬਾਅਦ ਦੁਪਹਿਰ 4 ਵਜੇ ਤੱਕ ਦੀਵਾਨ ਸਜਣਗੇ**

ਨੋਟ : ਕੋਰੋਨਾ ਵਾਇਰਸ ਕਰਕੇ ਸਾਚਾ ਗੁਰੂ ਲਾਧੋ ਰੇ ਸਮਾਗਮ ਸਮੋਕੀ ਪਾਰਕ ਦੀ ਬਜਾਏ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਇਮਾਰਤ ਵਿਚ ਮਨਾਇਆ ਜਾ ਰਿਹਾ ਹੈ

**ਰਾਗੀ, ਢਾਡੀ, ਪ੍ਰਚਾਰਕ**
ਭਾਈ ਗੁਰਪ੍ਰੀਤ ਸਿੰਘ ਜੀ ਬੱਲੜ੍ਹਵਾਲ, ਗਿਆਨੀ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲੇ
ਢਾਡੀ ਜਥਾ ਭਾਈ ਮੋਹਨ ਸਿੰਘ ਜੀ ਬਡਾਨਾ ਅੰਬਾਲੇ ਵਾਲੇ, ਗਿਆਨੀ ਜਸਪਾਲ ਸਿੰਘ ਹੈਡ ਗ੍ਰੰਥੀ

| | | | | | | | |
|---|---|---|---|---|---|---|---|
| ਪ੍ਰਧਾਨ<br>ਸ੍ਰ. ਗੁਰਮੀਤ ਸਿੰਘ<br>ਮਹਿਮਦਪੁਰ | ਚੇਅਰਮੈਨ<br>ਸਤਨਾਮ ਸਿੰਘ<br>ਟਾਹਲੀ | ਜਨਰਲ ਸਕੱਤਰ<br>ਦਲੇਰ ਸਿੰਘ, ਹਿੰਮਤ ਸਿੰਘ<br>ਸਰਪੰਚ ਰਿੰਗੀ ਟਾਹਲੀ | ਵਾਇਸ ਪ੍ਰਧਾਨ<br>ਜਗਵਿੰਦਰ ਸਿੰਘ,<br>ਸੁਰਿੰਦਰ ਸਿੰਘ | ਵਾਇਸ ਚੇਅਰਮੈਨ<br>ਬੀਬੀ ਬਲਵਿੰਦਰ ਕੌਰ<br>ਗਿਲਜੀਆਂ | ਕੈਸ਼ੀਅਰ ਸ੍ਰ. ਦਲੀਪ ਸਿੰਘ<br>ਗਰੀਬ ਸਿੰਘ ਤਨੇਜਾ<br>ਅਤੇ ਜਸਵਿੰਦਰ ਸਿੰਘ | ਹੈਡ ਗ੍ਰੰਥੀ<br>ਗਿਆਨੀ ਜਸਪਾਲ ਸਿੰਘ<br>610.203.0000 | ਰਾਜਵਿੰਦਰ ਕੌਰ ਪੀ ਆਰ ਓ<br>ਕੁਲਵਿੰਦਰ ਕੌਰ ਪੀ ਆਰ ਓ |

| | | | | | | |
|---|---|---|---|---|---|---|
| ਬਿਲਡਿੰਗ ਇੰਚਾਰਜ<br>ਗੁਰਦੀਪ ਸਿੰਘ<br>ਮਹਿੰਦਰ ਸਿੰਘ | ਐਜੂਕੇਸ਼ਨ ਡਿਪਾਰਟਮੈਂਟ<br>ਬੀਬੀ ਗੁਰਮੀਤ ਕੌਰ<br>ਪਰਮਿੰਦਰ ਸਿੰਘ | ਲੀਗਲ ਐਡਵਾਈਜ਼ਰ<br>ਬੀਬੀ ਸਤਵਿੰਦਰ ਕੋਰ<br>ਅਤੇ ਬਲਬੀਰ ਸਿੰਘ | ਜਨਰਲ ਮੈਨੇਜਰ<br>ਸ੍ਰੰ ਹਰਵਿੰਦਰ ਸਿੰਘ<br>ਤਲਵੰਡੀ | ਲੰਗਰ ਇਚਾਰਜ<br>ਬਲਵਿੰਦਰ ਸਿੰਘ ਅਤੇ<br>ਮਨਜੀਤ ਸਿੰਘ | ਗ੍ਰੰਥੀ ਗਿਆਨੀ<br>ਸੇਵਕ ਸਿੰਘ<br>347.985.3298 | ਗ੍ਰੰਥੀ ਗਿਆਨੀ<br>ਕੁਲਵੰਤ ਸਿੰਘ<br>347.995.1608 |

**ਗੁਰਦੁਆਰਾ ਸਾਹਿਬ ਦਾ ਫੋਨ ਨੰ : 718-805-6941, 718-805-7400**


EVENTS BY SRISHTI presents
Sumit Arya's
DULHAN EXPO
SUMMER 2020
Bridal Show
Plan Your Wedding or Event in One Day
70+ Wedding Planning Booths . Designer Fashion Shows . Live Entertainment . Jewelry/Fashion Shopping
Produced by Dulhan Magazine, Events by Srishti, DJ Ricky Bhatia, Tradition & Trends, Saroj Studios & Aisha's Wedding Decor
OUTDOOR/PARKING LOT
PRE-REGISTRATION REQUIRED
RAIN DATE: AUG.13
ABIDING BY ALL LARGE GATHERING GUIDELINES
Adhering to Covid-19 Related Social Distancing Code
Practicing all Precautions and Limiting the Attendence
Not all the Amenities & Attractions Might be Feasible
Please Visit www.DulhanExpo.com Weekly for Complete Updated Guidelines, leading upto the Event Date!
NEW JERSEY
1-7PM
Aug.8 2020
SATURDAY
@ PINES MANOR
2085 Lincoln Hwy, Edison NJ 08817
2 JULY DATES MERGED INTO 1 MEGA SHOW
THE MARIGOLD
MOVED TO MARCH.10.2021
HILTON MEADOWLANDS
MOVED TO MARCH.21.2021
R.Abhishek Sharma PHOTOGRAPHY
Makeup: SMA Makeup Academy
For FREE Entry Passes, Directions, Additional Information, and LATEST UPDATES, Please Visit our Website Frequently:
DULHANEXPO.COM
For Booths/Stalls at DulhanExpos and Other Marketing Ideas, Please Call/Text Sumit Arya:
732.754.1894
DulhanExpo provides it's Vendors a Promotional Platform & the Brides/Visitors a 1-Stop Shopping Convenience. Dulhan Inc. is not responsible for any Claims made by the Vendors & Delivery of Raffles and/or Deals offered by them. Please spend time Evaluating their Talent, Quality and Professionalism and Check all the References before Hiring them. We will be taking all Precautions related to Communicable Diseases and Following the Guidelines by the CDC, WHO, and the Government. Vendors and Attendees are to Wear the Masks at all times. Hand Sanitizer will be provided. DulhanExpo & the Host Venues are not to be held responsible for any Remote Possibility of any type of Infection.
FREE ADMISSION
FREE PARKING, FREE FOOD-CAKE-PAAN TASTING
FREE HENNA, PHOTOS, T-SHIRTS, BAGS & RAFFLES